ੴ ਸਤਿਗੁਰ ਪ੍ਰਸਾਦਿ॥

# ਵੀਰ-ਪਤ੍ਰਾਵਲੀ

## ਭਾਗ - 1

ਭਾਈ ਸਾਹਿਬ ਭਾਈ ਵੀਰ ਸਿੰਘ ਜੀ
ਦੇ ਪੱਤਰ/ਪ੍ਰਵਚਨ

ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ, ਨਵੀਂ ਦਿੱਲੀ-110001

 www.sikhbookclub.com

Vir Pattrawali

*Letters by Bhai Sahib Bhai Vir Singh*

ISBN # 978-81-904956-1-5

© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ

ਪਹਿਲੀ ਐਡੀਸ਼ਨ : ਦਸੰਬਰ, 1990

ਦੂਜੀ ਐਡੀਸ਼ਨ : ਜੁਲਾਈ, 1999

ਤੀਜੀ ਐਡੀਸ਼ਨ : ਜੂਨ, 2008

*ਪ੍ਰਕਾਸ਼ਕ :*

ਭਾਈ ਵੀਰ ਸਿੰਘ ਸਾਹਿਤ ਸਦਨ

ਭਾਈ ਵੀਰ ਸਿੰਘ ਮਾਰਗ

ਨਵੀਂ ਦਿੱਲੀ-110 001

**Printer :**

IVY Prints

292/6, Joor Bagh

Kotla Mubarakpur

New Delhi-110003

ਮੁੱਲ : 50/- ਰੁਪਏ

# ਪ੍ਰਵੇਸ਼ਕਾ

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਜਿੱਥੇ ਸਾਹਿਤ ਦੇ ਜਾਣੇ-ਪਛਾਣੇ ਤੇ ਪ੍ਰਮਾਣਿਕ ਰੂਪਾਂ ਵਿਚ ਰਚਨਾ ਕੀਤੀ, ਉੱਥੇ ਉਨ੍ਹਾਂ ਨੇ ਆਪਣੀ ਸਿਰਜਨਾਤਮਕ ਪ੍ਰਤਿਭਾ ਦਾ ਪ੍ਰਗਟਾਵਾ ਕੁਝ ਅਜਿਹੇ ਰੂਪਾਂ ਵਿਚ ਵੀ ਕੀਤਾ ਜੋ ਸਾਹਿਤ-ਰੂਪਾਂ ਦੀ ਪਰੰਪਰਾ ਤੋਂ ਰਤਾ ਕੁ ਹਟਵੇਂ ਹਨ। ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਨੇ ਭਾਈ ਵੀਰ ਸਿੰਘ ਜੀ ਦੇ ਅਜਿਹੇ ਅਣਪ੍ਰਕਾਸ਼ਿਤ ਸਾਹਿਤ ਨੂੰ ਪਾਠਕਾਂ ਤੀਕ ਪੁਚਾਣਾ ਆਪਣਾ ਉਦੇਸ਼ ਬਣਾਇਆ ਹੈ। ਹਥਲੀ ਪੁਸਤਕ ਵੀਰ-ਪਤ੍ਰਾਵਲੀ ਵਿਚ ਭਾਈ ਸਾਹਿਬ ਜੀ ਦੀਆਂ ਆਪਣੇ ਵਿਸ਼ਵਾਸੀ ਲੋਕਾਂ ਨੂੰ ਲਿਖੀਆਂ ਚਿੱਠੀਆਂ ਹਨ। ਇਨ੍ਹਾਂ ਚਿੱਠੀਆਂ ਵਿਚ ਭਾਈ ਵੀਰ ਸਿੰਘ ਜੀ ਨੇ ਨਿਤਾਪ੍ਰਤੀ ਜ਼ਿੰਦਗੀ ਦੀਆਂ ਸਮੱਸਿਆਵਾਂ ਨਾਲ ਨਜਿਠਣ ਲਈ ਗੁਰਬਾਣੀ ਦੇ ਅੰਤਰਗਤ ਪਈ ਵਿਸ਼ਵਦ੍ਰਿਸ਼ਟੀ ਨੂੰ ਵਰਤੋਂ ਵਿਚ ਲਿਆਂਦਾ ਹੈ। ਇਸ ਨਾਲ ਭਾਈ ਵੀਰ ਸਿੰਘ ਜੀ ਦੀ ਸਿਰਜਨਾਤਮਕ ਮੌਲਕਤਾ ਤਾਂ ਉਘੜੀ ਹੀ ਹੈ, ਨਾਲ ਹੀ ਸਿੱਖੀ, ਮਾਨਵੀ ਵਰਤਾਰੇ ਵਿਚ ਉਘੜਵੇਂ ਰੂਪ ਵਿਚ ਕਾਰਜਸ਼ੀਲ ਹੁੰਦੀ ਦਿਸ ਆਉਂਦੀ ਹੈ।

ਸਾਹਿਤ ਸਦਨ ਬੀਬੀ ਗੁਰਲੀਲਾ ਜੀ, ਜਿਨ੍ਹਾਂ ਨੂੰ ਭਾਈ ਸਾਹਿਬ ਜੀ ਦੇ ਨਜ਼ਦੀਕ ਰਹਿਣ ਤੇ ਉਹਨਾਂ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ, ਦਾ ਅਤਿ ਧੰਨਵਾਦੀ ਹੈ। ਇਸ ਪੁਸਤਕ ਵਿਚ ਛਪੇ ਪੱਤਰ ਉਹਨਾਂ ਵਿਸ਼ਾਲ ਫਿਰਾਕਦਿਲੀ ਦਾ ਸਬੂਤ ਦਿੰਦਿਆਂ ਸਾਨੂੰ ਸੌਂਪੇ ਜੀਹਦੇ ਨਤੀਜੇ ਵਜੋਂ ਇਹ ਪੁਸਤਕ ਅੱਜ ਪਾਠਕਾਂ ਦੇ ਹੱਥਾਂ ਵਿਚ ਹੈ।

ਸਦਨ ਲੈ: ਕਰਨਲ ਜਗਜੀਤ ਸਿੰਘ ਗੁਲੇਰੀਆ ਦਾ ਦਿਲੋਂ ਧੰਨਵਾਦ ਕਰਦਾ ਹੈ ਜਿਨ੍ਹਾਂ ਦੀ ਪ੍ਰੇਰਨਾ ਤੇ ਉਤਸ਼ਾਹ ਸਦਕਾ ਅਸੀਂ ਇਹ ਮਹੱਤਵਪੂਰਨ ਕੰਮ ਹੱਥ ਲੈ ਸਕੇ। ਅਸੀਂ ਪ੍ਰੋਫੈਸਰ ਤਰਲੋਕ ਸਿੰਘ ਕੰਵਰ ਤੇ ਡਾ: ਗੁਰਚਰਨ ਸਿੰਘ (ਦਿੱਲੀ ਯੂਨੀਵਰਸਿਟੀ, ਦਿੱਲੀ) ਦੇ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਪੁਸਤਕ ਨੂੰ ਸੰਪਾਦਿਤ ਕੀਤਾ ਤੇ ਭਾਈ ਸਾਹਿਬ ਦੇ ਪੱਤਰਾਂ ਨੂੰ ਇੱਕ ਵਿਸ਼ੇਸ਼ ਪ੍ਰਸੰਗ ਦਿੱਤਾ। ਭਾਈ ਵੀਰ ਸਿੰਘ ਸਾਹਿਤ ਸਦਨ ਪੰਜਾਬੀ ਪਾਠਕਾਂ ਦੀ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਭਾਰੀ ਮੰਗ ਨੂੰ ਮੁਖ ਰੱਖਦੇ ਹੋਏ ਇਸ ਨੂੰ ਦੁਬਾਰਾ ਪ੍ਰਕਾਸ਼ਿਤ ਕਰਨ ਦੀ ਦਿਲੋਂ ਖੁਸ਼ੀ ਮਹਿਸੂਸ ਕਰਦਾ ਹੈ।

ਪ੍ਰਧਾਨ,
ਜੁਲਾਈ, 1999 — ਭਾਈ ਵੀਰ ਸਿੰਘ ਸਾਹਿਤ ਸਦਨ,
ਨਵੀਂ ਦਿੱਲੀ

 www.sikhbookclub.com

# ਭੂਮਿਕਾ

ਪੰਜਾਬੀ ਸਭਿਆਚਾਰ, ਜਿਸ ਦੇ ਅੱਜ ਅਸੀਂ ਵਾਰਿਸ ਹਾਂ, ਮੱਧਕਾਲੀ ਭਾਰਤੀ ਤਥਾ ਪੰਜਾਬੀ ਇਤਿਹਾਸ ਦੇ ਦਬਾਵਾਂ ਅਧੀਨ ਉਸਰਿਆ। ਮੱਧਕਾਲ ਵਿਚ ਇਤਿਹਾਸ ਤੇ ਰਾਜਨੀਤਕ ਵੰਗਾਰਾਂ ਮੁਗ਼ਲ ਹਮਲਿਆਂ ਰਾਹੀਂ ਅਤੇ ਰਾਜ-ਪ੍ਰਬੰਧ ਰਾਹੀਂ ਸਾਹਮਣੇ ਆਉਂਦੀਆਂ ਹਨ। ਇਨ੍ਹਾਂ ਵੰਗਾਰਾਂ ਦਾ ਪ੍ਰਤੀਉੱਤਰ ਦੇਣ ਲਈ ਸਾਰੀ ਭਾਰਤ ਦੀ ਪਰੰਪਰਾ ਭਗਤਾਂ, ਸੂਫ਼ੀਆਂ, ਸੰਤਾਂ ਤੇ ਸਿਖ-ਗੁਰੂਆਂ ਦੇ ਰੂਪ ਵਿਚ ਜਾਗ ਉਠਦੀ ਹੈ। ਮੁਗ਼ਲ ਰਾਜ-ਪ੍ਰਬੰਧ ਪਾਸ ਭਾਰਤੀਆਂ ਨੂੰ ਗ਼ੁਲਾਮ ਬਣਾਉਣ ਲਈ ਅਤਿਅੰਤ ਹਿੰਸਾਮੂਲਕ ਵਿਧੀਆਂ ਹਨ। ਇਨ੍ਹਾਂ ਦੇ ਮੁਕਾਬਲੇ ਉਤੇ ਭਾਰਤੀ ਪਰੰਪਰਾ ਵਿਚੋਂ ਜਾਗਣ ਵਾਲੇ ਭਗਤਾਂ, ਸੂਫ਼ੀਆਂ, ਫ਼ਕੀਰਾਂ ਤੇ ਸਤਿਗੁਰੂਆਂ ਪਾਸ ਮਾਨਵੀ ਵਰਤਾਰੇ ਦੀ ਸਿਖਰ ਉਤੇ ਪੁੱਜੀ ਹੋਈ ਅਹਿੰਸਾ ਹੈ। ਇਸ ਅਹਿੰਸਾ ਨੂੰ ਭਾਰਤੀ ਪਰੰਪਰਾ ਵਿਚ ਜੁਗਾਂ-ਜੁਗਾਂ ਤੋਂ ਕਾਰਜਸ਼ੀਲ ਧਰਮ-ਦ੍ਰਿਸ਼ਟੀ ਦਾ ਆਧਾਰ ਤੇ ਸਮਰਥਨ ਪ੍ਰਾਪਤ ਹੈ। ਇਸ ਤਰ੍ਹਾਂ ਮੁਗ਼ਲਾਂ ਦੀ ਹਿੰਸਾ ਤੇ ਭਾਰਤੀ ਅਹਿੰਸਾ ਦੇ ਆਪਸੀ ਟਕਰਾਉ ਵਿਚੋਂ ਮੱਧਕਾਲੀ ਸਭਿਆਚਾਰ ਨੂੰ ਨਿਰਮਾਣ ਦੇਣ ਵਾਲੀਆਂ ਦਿਸ਼ਾਵਾਂ ਉਘੜਦੀਆਂ ਹਨ। ਸਿੱਖ-ਗੁਰੂ ਸਾਹਿਬਾਨ ਨੇ ਪੰਜਾਬ ਵਿਚ ਇਸੇ ਦਿਸ਼ਾ ਵਿਚ ਸਮੁੱਚੀ ਪੰਜਾਬੀਅਤ ਨੂੰ ਨਵਾਂ ਰੂਪ ਦੇਣ ਲਈ ਗੁਰਬਾਣੀ ਤੇ ਸਿੱਖ-ਰਹਿਤ-ਮਰਯਾਦਾ ਨੂੰ ਨਿਰੂਪਣ ਦੇਣ ਵਾਲੀ ਵਿਸ਼ਵ-ਦ੍ਰਿਸ਼ਟੀ ਦੀ ਘਾੜਤ ਕੀਤੀ। ਇਹ ਵਿਸ਼ਵ-ਦ੍ਰਿਸ਼ਟੀ ਮਾਨਵੀ ਨਜ਼ਰੀਏ ਤੋਂ ਏਨੀ ਉਦਾਰ ਤੇ ਵਿਸ਼ਾਲ ਹੈ ਕਿ ਇਸ ਦੇ ਕਲਾਵੇ ਵਿਚ ਧਰਮ-ਪ੍ਰਣਾਲੀਆਂ ਦੀ ਸੰਪ੍ਰਦਾਇਕ ਵਿਵਿਧਤਾ ਆਪਣੀ ਵਿਸ਼ਿਸ਼ਟਤਾ ਨੂੰ ਤਿਆਗੇ ਬਿਨਾਂ ਸ਼ਾਮਲ ਹੋ ਜਾਂਦੀ ਹੈ।

ਇਹ ਇਕ ਤਰ੍ਹਾਂ ਦਾ ਆਦਰਸ਼-ਸਮਨਵੈ ਹੈ ਜਿਸ ਨੇ ਮੱਧਕਾਲੀ ਪੰਜਾਬ ਦੀਆਂ ਦੂਸਰੀਆਂ ਧਰਮ-ਪ੍ਰਣਾਲੀਆਂ ਵਿਚ ਵੀ ਪ੍ਰਗਟਾਵਾ ਲਿਆਂਦਾ; ਪਰੰਤੂ ਗੁਰੂ ਸਾਹਿਬਾਨ ਦੀ ਬਾਣੀ ਵਿਚ ਇਹ ਸਮਨਵੈ, ਧਾਰਮਿਕ ਉਪਚਾਰਿਕਤਾ ਦੀਆਂ ਸੀਮਾਵਾਂ ਪਾਰ ਕਰਕੇ, ਅਤਿਅੰਤ ਵਿਆਪਕ ਮਾਨਵੀ ਵਰਤਾਰੇ ਦਾ ਰੂਪ ਧਾਰਨ ਕਰ ਜਾਂਦਾ ਹੈ। ਇਸ ਤਰ੍ਹਾਂ ਗੁਰਬਾਣੀ ਤੇ ਗੁਰਮਰਯਾਦਾ ਪੰਜਾਬ ਦੀ ਰਹਤਲ ਨੂੰ ਜੀਉ ਦਾਨ ਦੇਣ ਵਾਲੇ ਬਣ ਜਾਂਦੇ ਹਨ। ਇਉਂ ਪੰਜਾਬੀਆਂ ਵਿਚ ਜੀਵਨ ਜੀਉਣ ਦਾ ਇਕ ਨਵਾਂ ਉਤਸ਼ਾਹ ਪੈਦਾ ਹੋ ਜਾਂਦਾ ਹੈ। ਸਮੂਹਕ ਮਾਨਵ ਦ੍ਰਿਸ਼ਟੀ ਦੇ ਪੱਖੋਂ ਅਸੀਂ ਇਸ ਨੂੰ ਸਭਿਆਚਾਰਕ ਕ੍ਰਾਂਤੀ ਕਹਿੰਦੇ ਹਾਂ। ਪਰ ਸਤਿਗੁਰੂਆਂ ਨੇ ਕੇਵਲ ਵਰਤਾਰੇ ਤੇ ਰਹਤਲ

ਦੀ ਪੱਧਰ ਉਤੇ ਹੀ ਲੋਕਾਂ ਨੂੰ ਇਕੱਠਿਆਂ ਨਹੀਂ ਕੀਤਾ, ਸਗੋਂ ਇਸ ਤੋਂ ਅਗਾਂਹ ਜਾਣ ਦੀ ਵੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਆਪਣੀ ਧਰਮ-ਸਾਧਨਾ ਦੇ ਆਧਾਰ ਉੱਤੇ ਮੱਧਕਾਲੀ ਪੰਜਾਬ ਵਿਚ ਵਿਸ਼ਵ-ਦ੍ਰਿਸ਼ਟੀ ਦਾ ਨਿਰਮਾਣ ਵੀ ਕੀਤਾ। ਵਿਸ਼ਵ-ਦ੍ਰਿਸ਼ਟੀ ਮਨੁੱਖ ਨੂੰ ਕਾਇਨਾਤ ਦੇ ਅਣੂਆਂ, ਪ੍ਰਮਾਣੂਆਂ ਤੋਂ ਚੁਕ ਕੇ ਗਗਨਾਂ ਤੱਕ ਦੀ ਉਚਾਈ ਵੱਲ ਜਾਂਦੇ ਆਦਰਸ਼ਾਂ ਤੀਕ ਲੈ ਜਾਂਦੀ ਹੈ। ਇਹ ਵਿਸ਼ਵ-ਦ੍ਰਿਸ਼ਟੀ ਉਸ ਨੂੰ ਆਲੇ-ਦੁਆਲੇ ਦੀਆਂ ਸਮੱਸਿਆਵਾਂ ਨਾਲ ਨਜਿੱਠਣ ਦੀ ਯੋਗਤਾ ਵੀ ਦੇਂਦਾ ਹੈ। ਇਸੇ ਲਈ ਜਦੋਂ ਅਸੀਂ ਸਿੱਖ-ਗੁਰੂ ਸਾਹਿਬਾਨ ਦੀ ਘਾਲ ਕਮਾਈ ਨੂੰ ਸਮੁੱਚੀ ਭਾਰਤੀਅਤਾ ਦੇ ਪ੍ਰਸੰਗ ਵਿਚ ਰਖ ਕੇ ਵੇਖਦੇ ਹਾਂ ਤਾਂ ਇਹ ਗੱਲ ਜ਼ੋਰ ਨਾਲ ਕਹਿ ਸਕਦੇ ਹਾਂ ਕਿ ਸਿੱਖੀ ਸਮੁੱਚੇ ਪੰਜਾਬੀ ਸਭਿਆਚਾਰ ਦੀ ਧਰਮ-ਪਰੰਪਰਾ ਨੂੰ ਨਾਲ ਲੈ ਕੇ ਤੁਰਦੀ ਹੈ। ਇਸ ਦਾ ਟੀਚਾ ਮਨੁੱਖ ਨੂੰ ਨਜ਼ਰ ਦੇ ਕੇ, ਉਸ ਦੇ ਆਦਰਸ਼ਕ-ਚਰਿੱਤਰ ਨੂੰ ਬਣਾਉਣ ਦਾ ਹੁੰਦਾ ਹੈ। ਇਸੇ ਧਾਰਨਾ ਦੇ ਅਧੀਨ ਗੁਰਬਾਣੀ ਵਿਚ ਜਨਮਜਾਤ ਜੀਵ ਨੂੰ ਆਦਰਸ਼-ਮਾਨਵ ਵਿਚ ਬਦਲਣ ਦੀ ਪ੍ਰਕਿਰਿਆ ਚਲਦੀ ਹੈ।

ਗੁਰਬਾਣੀ ਨੇ ਇਸ ਧਾਰਨਾ ਨੂੰ ਆਪਣੀ ਕੇਂਦਰੀ ਸਮੱਸਿਆ ਬਣਾ ਕੇ ਪੇਸ਼ ਕੀਤਾ। ਇਹ ਸਮੱਸਿਆ ਇਸ ਲਈ ਬਣੀ ਹੈ ਕਿਉਂਕਿ ਗੁਰਬਾਣੀ ਦੇ ਇਤਿਹਾਸਕ ਪ੍ਰਸੰਗ ਵਿਚ ਹਾਲਾਤ ਹੀ ਅਜਿਹੇ ਹੋ ਚੁੱਕੇ ਸਨ। ਹਰ ਪਾਸੇ ਤੋਂ ਮਾਨਵਤਾ ਵਿਕਾਰਗ੍ਰਸਤ ਹੋ ਚੁੱਕੀ ਸੀ। ਰਾਜਨੀਤਕ, ਸਮਾਜਕ ਤੇ ਧਾਰਮਿਕ ਆਦਿ ਖੇਤਰਾਂ ਵਿਚ ਮਨੁੱਖ ਆਪਣੇ ਮਾਨਵੀ ਆਦਰਸ਼ਾਂ ਤੋਂ ਡਿੱਗ ਕੇ ਰਸਾਤਲ ਵੱਲ ਜਾ ਰਿਹਾ ਸੀ। ਇਸ ਲਈ ਇਸ ਜ਼ਮਾਨੇ ਵਿਚ ਬੁਨਿਆਦੀ ਮਸਲਾ ਹੀ ਇਹ ਸੀ ਕਿ ਮਨੁੱਖ ਦੇ ਮਨੁੱਖੀ ਪਾਸਾਰ ਦੀ ਵਿਲੱਖਣਤਾ ਨੂੰ ਨਿਸ਼ਚਿਤ ਕੀਤਾ ਜਾਏ ਅਤੇ ਉਸ ਦੇ ਮੁਤਾਬਕ ਮਨੁੱਖੀ ਆਚਾਰ-ਵਿਹਾਰ ਦੀ ਪ੍ਰਕਿਰਿਆ ਨੂੰ ਸਪੱਸ਼ਟ ਕੀਤਾ ਜਾਏ। ਜਦੋਂ ਅਸੀਂ ਗੁਰਬਾਣੀ ਨੂੰ ਪੰਜਾਬੀ ਸਭਿਆਚਾਰ ਦਾ ਨਿਰਮਾਣ ਕਰਨ ਵਾਲੀ ਪ੍ਰਣਾਲੀ ਕਹਿੰਦੇ ਹਾਂ ਤਾਂ ਉਦੋਂ ਸਾਡਾ ਉਦੇਸ਼ ਇਹੋ ਹੁੰਦਾ ਹੈ ਕਿ ਗੁਰਬਾਣੀ ਇੱਕ ਅਜਿਹਾ ਵਿਸ਼ਵ-ਦਰਸ਼ਨ ਪੇਸ਼ ਕਰਦੀ ਹੈ ਜਿਸ ਰਾਹੀਂ ਮਨੁੱਖ ਸਮੁੱਚੀ ਕਾਇਨਾਤ ਦੇ ਅਤੇ ਇਤਿਹਾਸ ਦੇ ਦਬਾਵਾਂ ਅਧੀਨ ਵਾਪਰਨ ਵਾਲੇ ਕੁਹਰਾਮ ਨਾਲ ਨਜਿੱਠ ਸਕਣ ਦੇ ਯੋਗ ਹੋ ਸਕੇ।

ਮੱਧਕਾਲੀ ਪੰਜਾਬ ਦੀਆਂ ਦੂਸਰੀਆਂ ਪ੍ਰਣਾਲੀਆਂ ਵਿਚ ਅਜਿਹੇ ਮਸਲੇ ਨੂੰ ਕਦੀ ਵੀ ਕੇਂਦਰ ਵਿਚ ਨਹੀਂ ਰਖਿਆ ਗਿਆ। ਇਸੇ ਲਈ ਗੁਰਬਾਣੀ ਮਨੁੱਖ ਦੀਆਂ ਅੱਖਾਂ ਖੋਲ੍ਹਦੀ ਹੈ ਅਤੇ ਉਸ ਨੂੰ ਆਪਣੇ ਵਿਗੋਚਿਆਂ ਤੇ ਕੁਹਰਾਮ ਸੰਬੰਧੀ ਚੇਤੰਨ ਕਰਕੇ, ਆਦਰਸ਼ ਮਾਨਵੀ ਪ੍ਰਾਪਤੀਆਂ ਵੱਲ ਵਧਣ ਦੀ ਪ੍ਰੇਰਨਾ ਦੇਂਦੀ ਹੈ। ਆਪਣੀ


www.sikhbookclub.com

ਅਜਿਹੀ ਦਿਸ਼ਾ ਨੂੰ ਸਪੱਸ਼ਟ ਕਰਨ ਲਈ ਗੁਰਬਾਣੀ ਪ੍ਰਾਕਿਰਤਕ ਸਹਿਜ ਤੇ ਆਦਰਸ਼ ਮਾਨਵੀ ਪ੍ਰਾਪਤੀ ਦੀਆਂ ਦੋ ਕਸੌਟੀਆਂ ਨਿਸ਼ਚਿਤ ਕਰ ਦੇਂਦੀ ਹੈ। ਸਪੱਸ਼ਟਤਾ ਲਈ ਗੁਰਬਾਣੀ ਵਿਚੋਂ ਇਨ੍ਹਾਂ ਦੋਹਾਂ ਕਸੌਟੀਆਂ ਦੇ ਉਦਾਹਰਨ ਪੇਸ਼ ਕੀਤੇ ਜਾ ਸਕਦੇ ਹਨ। ਪਹਿਲੀ ਕਸੌਟੀ ਪ੍ਰਾਕਿਰਤਕ ਸਹਿਜ ਦੀ ਹੈ, ਜਿਸ ਨੂੰ ਇੰਦ੍ਰੀਆਂ ਦੇ ਮਾਇਅਕ ਦਬਾਵਾਂ ਦੇ ਨੀਂਦ ਦੇ ਰੂਪਕ ਰਾਹੀਂ ਇਉਂ ਪੇਸ਼ ਕੀਤਾ ਗਿਆ ਹੈ :

*ਨੈਨਹੁ ਨੀਦ ਪਰਦ੍ਰਿਸਟਿ ਵਿਕਾਰ॥*
*ਸ੍ਰਵਣ ਸੋਏ ਸੁਣਿ ਨਿੰਦ ਵੀਚਾਰ॥*
*ਰਸਨਾ ਸੋਈ ਲੋਭਿ ਮੀਠੈ ਸਾਦਿ॥*
*ਮਨੁ ਸੋਇਆ ਮਾਇਆ ਬਿਸਮਾਦਿ॥੧॥*
*ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ॥*
*ਸਾਬਤੁ ਵਸਤੁ ਓਹੁ ਅਪਨੀ ਲਹੈ॥੧॥ਰਹਾਉ॥*
*ਸਗਲ ਸਹੇਲੀ ਅਪਨੈ ਰਸ ਮਾਤੀ॥*
*ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ॥*
*ਮੁਸਨਹਾਰ ਪੰਚ ਬਟਵਾਰੇ॥*
*ਸੂਨੇ ਨਗਰਿ ਪਰੇ ਠਗਹਾਰੇ॥*

– ਗਉੜੀ ਗੁਆਰੇਰੀ, ਮ:੫, ਪੰਨਾ: ੧੮੨

ਇਹ ਕਸੌਟੀ ਪ੍ਰਾਕਿਰਤਕ ਸਹਿਜ ਦੀ ਨੀਂਦ ਵਿਚ ਬਦਮਸਤ ਮਾਇਆਧਾਰੀ ਦੀ ਹੈ। ਇਸ ਦੇ ਐਨ ਉਲਟ ਦੂਜੀ ਕਸੌਟੀ ਆਦਰਸ਼ ਮਾਨਵੀ ਚਰਿੱਤਰ ਦੇ ਨਿਰਮਾਣ ਦੀ ਵੀ ਗੁਰਬਾਣੀ ਵਿਚ ਪੇਸ਼ ਹੈ :

*ਚਿਤ ਸਿਮਰਨੁ ਕਰਉ ਨੈਨ ਅਵਲੋਕਨੋ,*
*ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ॥*
*ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ*
*ਰਸਨ ਅੰਮ੍ਰਿਤ ਰਾਮ ਨਾਮ ਭਾਖਉ॥੧॥*
*ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ॥*
*ਮੈ ਤਉ ਮੋਲਿ ਮਹਗੀ ਲਈ ਜੀਅ ਸਟੈ॥*

– ਧਨਾਸਰੀ ਰਵਿਦਾਸ ਜੀ, ਪੰਨਾ ੬੯੪

ਇਹਨਾਂ ਉਦਾਹਰਣਾਂ ਵਿਚ ਦੱਸਿਆ ਗਿਆ ਹੈ ਕਿ ਪ੍ਰਾਕਿਰਤਿਕ ਸਹਿਜ ਤੇ ਬੁਨਿਆਦੀ ਲੋੜਾਂ ਦੇ ਅਧੀਨ ਮਨੁੱਖ ਆਪਣੀਆਂ ਪਰਵਿਰਤੀਆਂ ਦੇ ਰੋੜ੍ਹ ਵਿਚ

ਰੁੜ੍ਹਿਆ ਰਸਾਤਲ ਵੱਲ ਚਲਾ ਜਾਂਦਾ ਹੈ। ਇਸ ਦੇ ਮੁਕਾਬਲੇ ਉਤੇ ਆਦਰਸ਼ ਮਾਨਵੀ ਚਰਿੱਤਰ ਦੇ ਪਾਸਾਰ ਵੱਲ ਤੁਰਦਿਆਂ ਉਹ ਮਾਨਸ ਤੋਂ ਦੇਵਤਾ ਤੇ ਫਿਰ ਨਿਰਾਕਾਰ ਵਿਚ ਲੀਨ ਹੋਣ ਦੀ ਦ੍ਰਿਸ਼ਟੀ ਤੱਕ ਪੁਜ ਜਾਂਦਾ ਹੈ। ਸਤਿਗੁਰੂਆਂ ਨੇ ਇਨ੍ਹਾਂ ਦੋਹਾਂ ਕਸੌਟੀਆਂ ਦੀ ਅਚੁਕ ਪਛਾਣ ਨਿਸ਼ਚਿਤ ਕਰ ਦਿਤੀ ਅਤੇ ਜ਼ੋਰ ਇਸ ਗੱਲ ਉਤੇ ਦਿਤਾ ਕਿ ਮਨੁੱਖ ਨੇ ਆਪਣੀ ਸਾਰੀ ਪ੍ਰਾਕਿਰਤੀ ਨੂੰ ਆਪਣੇ ਨਾਲ ਰਖਦਿਆਂ ਕਿਵੇਂ ਆਸਾ ਵਿਚ ਨਿਰਾਸ ਰਹਿੰਦਿਆਂ, ਮਨੋਰੰਜਨ ਤੇ ਬੁਨਿਆਦੀ ਲੋੜਾਂ ਨੂੰ ਉਲੰਘ ਕੇ ਜਗਿਆਸਾ ਦੇ ਪਾਸਾਰ ਦੀ ਯਾਤਰਾ ਕਰਨੀ ਹੈ। ਇਹ ਜਗਿਆਸਾ ਦਾ ਪਾਸਾਰ ਹੀ ਗੁਰਬਾਣੀ ਦੀ ਜਾਣੀ ਪਛਾਣੀ ਭਾਸ਼ਾ ਵਿਚ ਨਾਮ ਤੇ ਸ਼ਬਦ ਦਾ ਪਾਸਾਰ ਹੈ। ਸਾਡਾ ਮਨੋਰਥ ਇਸ ਵੇਲੇ ਨਾਮ ਤੇ ਸ਼ਬਦ ਦੇ ਪਾਸਾਰ ਦੀ ਵਜ਼ਾਹਤ ਕਰਨਾ ਨਹੀਂ, ਸਗੋਂ ਇਹ ਦਸਣਾ ਹੈ ਕਿ ਕਿਵੇਂ ਜਗਿਆਸਾਮੂਲਕ ਪਾਸਾਰ ਤੇ ਕੁਹਰਾਮ-ਆਧਾਰੀ ਪਾਸਾਰ ਇਕ ਦੂਸਰੇ ਨੂੰ ਕ੍ਰਾਸ ਕਰਕੇ ਆਦਰਸ਼ ਮਾਨਵੀ ਚਰਿੱਤਰ ਦਾ ਸੰਤੁਲਨ ਬਰਕਰਾਰ ਰਖਦੇ ਹਨ। ਇਤਿਹਾਸਕ ਦਬਾਵਾਂ ਅਧੀਨ, ਰਾਜਨੀਤਕ ਜੁਗਗਰਦੀਆਂ ਅਧੀਨ, ਧਾਰਮਿਕ ਗਿਰਾਵਟ ਅਧੀਨ ਅਤੇ ਇਤਿ ਆਦਿ ਹੋਰ ਸਮੱਸਿਆਵਾਂ ਅਧੀਨ ਅਜਿਹਾ ਸੰਤੁਲਨ ਬਾਰ ਬਾਰ ਡੋਲਦਾ ਹੈ। ਪ੍ਰਾਕਿਰਤੀ ਨੇ ਤਾਂ ਮੌਕਾ ਪਾ ਕੇ ਮਨੁੱਖ ਉਪਰ ਹਮਲਾ ਕਰਨਾ ਹੀ ਹੁੰਦਾ ਹੈ, ਇਤਿਹਾਸਕ ਹਾਲਾਤ ਵੀ ਕਈ ਪਾਸਿਆਂ ਤੋਂ ਮਨੁੱਖ ਉਪਰ ਹਮਲਾ ਕਰ ਦਿੰਦੇ ਹਨ। ਅਜਿਹੇ ਡੋਲਦੇ ਮਨੁੱਖੀ ਸੰਤੁਲਨ ਨੂੰ ਬਰਕਰਾਰ ਰਖਣ ਲਈ ਗੁਰਬਾਣੀ ਵਿਚ ਅਨੇਕ ਸ਼ਬਦ ਹਨ। ਜਦੋਂ ਇਹ ਸੰਤੁਲਨ ਕਾਇਮ ਹੋ ਜਾਂਦਾ ਹੈ, ਉਸ ਦੀ ਇਕਸੁਰਤਾ ਤੇ ਇਕਸਾਰਤਾ ਨੂੰ ਮਨਾਉਣ ਵਾਲੇ ਕਿਰਪਾ-ਆਧਾਰੀ ਸ਼ਬਦਾਂ ਦਾ ਵੀ ਕੋਈ ਘਾਟਾ ਨਹੀਂ, ਪਰ ਚਿਤਾਵਨੀ ਹਮੇਸ਼ਾ ਇਸ ਗੱਲ ਦੀ ਕੀਤੀ ਗਈ ਹੈ ਕਿ ਮਨੁੱਖ ਆਪਣੇ ਆਦਰਸ਼ ਚਰਿੱਤਰ ਦੇ ਸੰਤੁਲਨ ਨੂੰ ਬਣਾਈ ਰਖਣ ਲਈ ਤਤਪਰ ਰਹੇ।

ਗੁਰਬਾਣੀ ਦੀ ਅਜਿਹੀ ਵਿਸ਼ਵ-ਦ੍ਰਿਸ਼ਟੀ ਤੋਂ ਪ੍ਰੇਰਨਾ ਲੈਂਦਿਆਂ ਕਈ ਆਦਰਸ਼ ਵਿਅਕਤੀਆਂ ਨੇ ਇਸ ਦੇ ਸੰਦੇਸ਼ ਨੂੰ ਕਈ ਪ੍ਰਕਾਰ ਦੀਆਂ ਵਿਧੀਆਂ ਤੇ ਬਣਤਰਾਂ ਰਾਹੀਂ ਲੋਕਾਂ ਤੀਕ ਪਹੁੰਚਾਉਣ ਦਾ ਯਤਨ ਕੀਤਾ। ਆਮ ਤੌਰ ਉਤੇ ਗੁਰਬਾਣੀ ਤੋਂ ਵਰੋਸਾਏ ਮਹਾਂਪੁਰਖਾਂ ਨੇ ਗੁਰਬਾਣੀ ਨੂੰ ਮਾਨਵੀ ਵਰਤਾਰੇ ਦੇ ਰੂਪ ਵਿਚ ਪੇਸ਼ ਕਰਨ ਦਾ ਯਤਨ ਕੀਤਾ।

ਵੀਹਵੀਂ ਸਦੀ ਦੇ ਆਰੰਭ ਵਿਚ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਸਿੱਖੀ ਦੀ ਅਜਿਹੀ ਪਰੰਪਰਾ ਨੂੰ ਆਪਣੀ ਸਮੁੱਚੀ ਵਚਨਬੱਧਤਾ ਦੀ ਆਧਾਰ-ਸ਼ਿਲਾ ਬਣਾਉਂਦੇ ਹਨ ਅਤੇ ਇਸੇ ਉਪਰ ਆਪਣੇ ਸ਼ਾਬਦਿਕ ਤਥਾ ਸਾਹਿਤਕ ਸੰਸਾਰ ਦੀ ਉਸਾਰੀ

ਅਤਿਅੰਤ ਚੇਤੰਨਤਾ ਤੇ ਪ੍ਰਤਿਬੱਧਤਾ ਸਹਿਤ ਕਰਦੇ ਹਨ। ਅਸੀਂ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੂੰ ਪੰਜਾਬ ਵਿਚ ਸਿੱਖੀ ਦੀ ਪੁਨਰ ਸੁਰਜੀਤੀ ਕਰਨ ਵਾਲੇ ਚਿੰਤਕ ਮੰਨਦੇ ਹਾਂ, ਪਰ ਇਸ ਗੱਲ ਨੂੰ ਰਤਾ ਕੁ ਵਿਸਤ੍ਰਿਤ ਪ੍ਰਸੰਗ ਵਿਚ ਵੀ ਵਿਚਾਰਿਆ ਜਾ ਸਕਦਾ ਹੈ ਅਤੇ ਇਹ ਕਿਹਾ ਜਾ ਸਕਦਾ ਹੈ ਕਿ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਪੰਜਾਬ ਦੇ ਇਤਿਹਾਸ ਵਿਚ ਸਭਿਆਚਾਰ ਦੀ ਵਾਪਸੀ ਦੇ ਪੈਗੰਬਰ ਹਨ। ਇਥੇ ਸਭਿਆਚਾਰ ਦੀ ਵਾਪਸੀ ਦੀ ਵਿਆਖਿਆ ਕਰਨੀ ਉਚਿਤ ਹੋਵੇਗੀ। ਅਸੀਂ ਆਰੰਭ ਵਿਚ ਸਿੱਖੀ ਨੂੰ ਪੰਜਾਬੀ ਸੰਸਕ੍ਰਿਤੀ ਦੀ ਮਹੱਤਵ-ਸ਼ੀਲ ਪ੍ਰਾਪਤੀ ਮੰਨਦਿਆਂ ਇਸ ਨੂੰ ਪੰਜਾਬ ਵਿਚ ਸਭਿਆਚਾਰ ਦਾ ਨਿਰਮਾਣ ਕਰਨ ਵਾਲੀ ਪ੍ਰਣਾਲੀ ਕਿਹਾ ਹੈ ਅਤੇ ਇਹ ਦੱਸਿਆ ਹੈ ਕਿ ਇਸ ਪ੍ਰਣਾਲੀ ਨੇ ਆਪਣੀ ਅਜਿਹੀ ਵਿਲੱਖਣਤਾ ਆਪਣੇ ਜਗਿਆਸਾਮੂਲਕ ਪਾਸਾਰ ਰਾਹੀਂ ਨਾਮ-ਸ਼ਬਦ ਦੇ ਮਾਡਲ ਦੁਆਰਾ ਪ੍ਰਾਪਤ ਕੀਤੀ। ਤੇ ਅਜਿਹਾ ਕੀਤਾ ਵੀ ਇਸ ਲਈ ਗਿਆ ਕਿ ਵਕਤ ਦੇ ਹਾਲਾਤ ਅਨੁਸਾਰ ਮਨੁੱਖ ਦਾ ਜਗਿਆਸਾਮੂਲਕ ਪਾਸਾਰ ਗ੍ਰਹਿਣਿਆ ਗਿਆ ਸੀ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਜ਼ਮਾਨੇ ਦੇ ਹਾਲਾਤ ਇਸ ਤੋਂ ਵੀ ਬਦਤਰ ਸਨ। ਅੰਗ੍ਰੇਜ਼ੀ ਸਾਮਰਾਜ ਨੇ ਆਪਣੀ ਬਸਤੀਵਾਦੀ ਨੀਤੀ ਰਾਹੀਂ ਭਾਰਤੀਆਂ ਦੇ ਆਪਣੇ ਸਭਿਆਚਾਰ ਦੀ ਮਦਦ ਨਾਲ ਭਾਰਤੀਆਂ ਨੂੰ ਆਪਣੇ ਹੀ ਸਭਿਆਚਾਰ ਤੋਂ ਵਿਜੋਗ ਦਿੱਤਾ ਸੀ। ਪੰਜਾਬ ਵਿਚ ਸਿੱਖ ਰਾਜ ਦੀ ਅਧੋਗਤੀ ਦੇ ਜ਼ਮਾਨੇ ਤੋਂ ਲੈ ਕੇ ਅੰਗ੍ਰੇਜ਼ੀ ਰਾਜ ਦੀ ਸਥਾਪਤੀ ਤੱਕ ਦੇ ਹਾਲਾਤ ਬਹੁਤ ਵਿਗੜ ਚੁੱਕੇ ਸਨ। ਫਲ ਸਰੂਪ ਸਾਰਾ ਪੰਜਾਬ, ਇਤਿਹਾਸਕ, ਰਾਜਸੀ ਤੇ ਪਦਾਰਥਕ ਘੜਮੱਸ ਵਿਚ ਗੁਆਚ ਕੇ ਆਪਣੀ ਉਚੀ ਸਭਿਆਚਾਰਕ ਗੌਰਵਤਾ ਤੋਂ ਇਕਦਮ ਪ੍ਰਦੇਸੀ ਹੋ ਗਿਆ ਸੀ। ਦੂਜੇ ਸ਼ਬਦਾਂ ਵਿਚ ਪੰਜਾਬ ਦੇ ਮਨੁੱਖ ਦਾ ਸੰਤੁਲਨ ਡੋਲ ਚੁਕਾ ਸੀ।

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਇਸ ਜ਼ਮਾਨੇ ਵਿਚ ਸਿੱਖੀ ਦੀ ਪੁਨਰ ਸੁਰਜੀਤੀ ਕਰਨ ਵਾਲੇ ਇਕ ਉੱਚੇ ਤੇ ਪ੍ਰਤਿਭਾਵਾਨ ਸਾਹਿਤਕਾਰ ਦੇ ਤੌਰ ਉਤੇ ਸਾਹਮਣੇ ਆਉਂਦੇ ਹਨ। ਸਭ ਤੋਂ ਪਹਿਲਾਂ ਉਹ ਆਪਣੇ ਉਦੇਸ਼ ਪ੍ਰਤੀ ਸਿਧਾਂਤਕ ਤੌਰ ਉਤੇ ਤੇ ਵਿਹਾਰਕ ਤੌਰ ਉਤੇ ਚੇਤੰਨ ਹੋਏ। ਇਸ ਉਦੇਸ਼ ਦੀ ਪੂਰਤੀ ਲਈ ਭਾਈ ਵੀਰ ਸਿੰਘ ਜੀ ਨੇ ਅੰਗ੍ਰੇਜ਼ੀ ਸੰਸਕ੍ਰਿਤੀ ਦੁਆਰਾ ਪਰਵੇਸ਼ ਕੀਤੀ ਸਾਹਿਤਕ ਸੰਸਕ੍ਰਿਤੀ ਨੂੰ ਆਪਣਾ ਮਾਧਿਅਮ ਬਣਾਇਆ। ਇਕ ਵਰੋਸਾਈ ਸਾਧਨਾ ਵਿਚ ਮਗਨ ਹੋ ਕੇ ਭਾਈ ਸਾਹਿਬ ਨੇ ਲਗਭਗ ਅੱਧੀ ਸਦੀ ਆਪਣੀ ਪ੍ਰਤਿਬੱਧਤਾ ਦੀ ਪਾਲਣਾ ਕੀਤੀ। ਜੇਕਰ ਅਸੀਂ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਜੀਵਨ-ਪਿਛੋਕੜ ਉਪਰ ਝਾਤ ਮਾਰੀਏ ਤਾਂ ਸਾਫ਼ ਪਤਾ ਲਗਦਾ ਹੈ ਕਿ ਭਾਈ ਸਾਹਿਬ ਦੀ ਸਾਰੀ

ਮਾਨਸਿਕਤਾ ਤੇ ਵਿਹਾਰਕਤਾ ਗੁਰਬਾਣੀ, ਸਿੱਖ-ਇਤਿਹਾਸ ਤੇ ਸਿੱਖੀ ਦੇ ਆਦਰਸ਼ ਜੀਵਨ ਦੀ ਟਕਸਾਲ ਉਪਰ ਘੜੀ ਗਈ ਹੈ। ਆਪਣੀ ਜ਼ਿੰਦਗੀ ਦੇ ਮੁੱਢਲੇ ਸਮੇਂ ਵਿਚ ਭਾਈ ਸਾਹਿਬ ਨੂੰ ਅਜਿਹੀ ਸਿਖਲਾਈ ਆਪਣੇ ਪਿਤਾਮਿਆਂ ਦੀ ਸਰਪ੍ਰਸਤੀ ਵਿਚ ਪ੍ਰਾਪਤ ਹੋਈ। ਇਉਂ ਡਾ: ਸਾਹਿਬ ਨੇ ਪੂਰੀ ਸਾਵਧਾਨੀ ਨਾਲ ਇਸ ਨੂੰ ਪੂਰੀ ਤਰ੍ਹਾਂ ਦ੍ਰਿੜ੍ਹ ਕਰਨ ਦਾ ਨਿਰੰਤਰ ਅਭਿਆਸ ਕੀਤਾ। ਇਸ ਤਰ੍ਹਾਂ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਸਿੱਖ-ਸੰਸਕ੍ਰਿਤੀ ਦੀ ਪੁਨਰ ਸੁਰਜੀਤੀ ਦਾ ਵਾਹਨ ਬਣ ਸਕਣ ਦੇ ਹਰ ਤਰ੍ਹਾਂ ਯੋਗ ਸਨ। ਇਹ ਹੀ ਕਾਰਨ ਹੈ ਕਿ ਭਾਈ ਸਾਹਿਬ ਨੇ ਇਕ ਰਸ ਮਗਨ ਹੋ ਕੇ ਆਪਣਾ ਸਾਰਾ ਜੀਵਨ ਆਪਣੀ ਪ੍ਰਤਿਬੱਧਤਾ ਦੇ ਲੇਖੇ ਲਾ ਦਿੱਤਾ। ਸਾਹਿਤਕ ਰਚਵਨਾਵਾਂ ਤੇ ਪ੍ਰਚਾਰੀ ਵਿਆਖਿਆਵਾਂ ਦੁਆਰਾ ਭਾਈ ਸਾਹਿਬ ਜੀ ਨੇ ਆਪਣੀ ਪ੍ਰਤਿਭਾ ਸਦਕਾ ਆਪਣੇ ਆਲੇ ਦੁਆਲੇ ਇਕ ਖਾਸਾ ਵਿਸ਼ਾਲ ਮਾਨਵੀ-ਮੰਡਲ ਪੈਦਾ ਕਰ ਲਿਆ ਤੇ ਇਸ ਤਰ੍ਹਾਂ ਉਨ੍ਹਾਂ ਦੇ ਨਾ ਚਾਹੁੰਦਿਆਂ ਹੋਇਆਂ ਵੀ ਭਾਈ ਸਾਹਿਬ ਦੇ ਆਪਣੇ ਜੀਵਨ-ਕਾਲ ਵਿਚ ਹੀ ਸਮੁੱਚੀ ਸਿੱਖੀ ਪਰੰਪਰਾ ਦੇ ਅੰਤਰਗਤ ਭਾਈ ਵੀਰ ਸਿੰਘ ਮਿੱਥ ਸਥਾਪਿਤ ਹੋ ਗਈ। ਬਹੁਤ ਘਟ ਵਿਅਕਤੀ ਹੁੰਦੇ ਹਨ ਜਿਹਨਾਂ ਦੇ ਆਪਣੇ ਜੀਵਨ - ਕਾਲ ਵਿਚ ਹੀ ਅਜਿਹੀ ਸਵੀਕਰਨ ਦੀ ਮਿੱਥ ਬਣ ਜਾਏ। ਭਾਈ ਵੀਰ ਸਿੰਘ ਜੀ ਦੀ ਮਿੱਥ ਭਾਈ ਵੀਰ ਸਿੰਘ ਨਾਲੋਂ ਕਿਤੇ ਵੱਧ ਬਲਵਾਨ ਹੈ ਅਤੇ ਇਸ ਮਿੱਥ ਦੀ ਭੂਮਿਕਾ, ਜਿਹਾ ਕਿ ਅਸੀਂ ਪਹਿਲਾਂ ਵੀ ਕਹਿ ਆਏ ਹਾਂ, ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀਆਂ ਸਾਹਿਤਕ ਰਚਨਾਵਾਂ ਤੇ ਪ੍ਰਚਾਰੀ ਲਿਖਤਾਂ ਰਾਹੀਂ ਪੂਰੀ ਤਰ੍ਹਾਂ ਪ੍ਰਕਾਸ਼ਮਾਨ ਹੁੰਦੀ ਹੈ। ਭਾਈ ਵੀਰ ਸਿੰਘ ਜੀ ਨੇ ਆਪਣੇ ਵਿਚਾਰਾਂ, ਅਨੁਭਵਾਂ ਤੇ ਧਾਰਨਾਵਾਂ ਨੂੰ ਆਪਣੇ ਸਮੇਂ ਵਿਚ ਪ੍ਰਚਲਤ ਲਗਭਗ ਸਾਰੀਆਂ ਵਿਧਾਵਾਂ ਵਿਚ ਪ੍ਰਗਟ ਕੀਤਾ ਅਤੇ ਖਾਸੀ ਕਾਮਯਾਬੀ ਨਾਲ ਕੀਤਾ। ਇਸੇ ਲਈ ਅਸੀਂ ਆਪਣੀ ਭਾਸ਼ਾਈ ਤੇ ਸਾਹਿਤ - ਅਧਿਐਨ ਦੀ ਪਰੰਪਰਾ ਵਿਚ ਭਾਈ ਵੀਰ ਸਿੰਘ ਜੀ ਨੂੰ ਨਵੇਂ ਜ਼ਮਾਨੇ ਦੀ ਪੰਜਾਬੀ ਸ਼ੈਲੀ ਤੇ ਸਾਹਿਤਕਤਾ ਦਾ ਨਿਰਮਾਤਾ ਵੀ ਕਹਿੰਦੇ ਹਾਂ। ਭਾਈ ਵੀਰ ਸਿੰਘ ਤੋਂ ਉਪਰੰਤ ਪੰਜਾਬੀ ਭਾਸ਼ਾ ਤੇ ਸਾਹਿਤ ਵਿਚ ਬਹੁਤ ਤਬਦੀਲੀਆਂ ਆਈਆਂ ਹਨ, ਵੰਨਸੁਵੰਨਤਾ ਵੀ ਆਈ ਹੈ, ਪਰੰਤੂ ਇਸ ਸਾਰੇ ਕੁਝ ਨੂੰ ਇਕ ਆਧਾਰ - ਸਥਲ ਦੇਣ ਵਾਲੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਹੀ ਹਨ।

ਇਕ ਗੱਲ ਜੋ ਸਾਡਾ ਧਿਆਨ ਵਿਸ਼ੇਸ਼ ਤੌਰ ਉਤੇ ਖਿਚਣ ਵਾਲੀ ਹੈ, ਉਹ ਇਹ ਹੈ ਕਿ ਭਾਈ ਵੀਰ ਸਿੰਘ ਜੀ ਨੇ ਨਿਸ਼ਚਿਤ ਸੀਮਾਵਾਂ ਵਾਲੀਆਂ ਸਾਹਿਤਕ ਵਿਧਾਵਾਂ ਤੋਂ ਉਪਰੰਤ ਕਈ ਅਜਿਹੀਆਂ ਵਿਧੀਆਂ ਨੂੰ ਵੀ ਅਪਣਾਇਆ, ਜਿਹਨਾਂ

 www.sikhbookclub.com

ਦੀਆਂ ਰੂਪਾਕਾਰੀ ਵਿਸ਼ੇਸ਼ਤਾਵਾਂ ਨੂੰ ਪੱਕੀ ਪੀਡੀ ਤਰ੍ਹਾਂ ਨਿਸ਼ਚਿਤ ਨਹੀਂ ਕੀਤਾ ਜਾ ਸਕਦਾ। ਰੂਪਾਕਾਰ ਤੋਂ ਭਾਵ ਸਾਹਿਤ ਦੇ ਵੰਨਸੁਵੰਨੇ ਨਿਸ਼ਚਿਤ ਰੂਪਾਂ-ਕਵਿਤਾ, ਬਿਰਤਾਂਤ, ਨਾਟਕ, ਆਦਿ ਤੋਂ ਹੈ। ਇਨ੍ਹਾਂ ਰੂਪਾਂ ਦੀਆਂ ਸੀਮਾਵਾਂ ਵੀ ਤੇ ਵਿਸ਼ੇਸ਼ਤਾਵਾਂ ਵੀ ਸਾਹਿਤਕ ਸਭਿਆਚਾਰ ਦੇ ਅੰਤਰਗਤ ਪੂਰੀ ਤਰ੍ਹਾਂ ਬੁੱਝ ਚੁੱਕੀਆਂ ਹਨ। ਪਰੰਤੂ ਕਈ ਵਾਰ ਸਾਹਿਤਕਾਰ ਅਜਿਹੇ ਰੂਪਾਂ ਤੋਂ ਇਲਾਵਾ ਵੀ ਰਚਨਾਵਾਂ ਕਰਦੇ ਹਨ ਜਿਨ੍ਹਾਂ ਦੀਆਂ ਪੱਕੀਆਂ ਪੀਡੀਆਂ ਵਿਸ਼ੇਸ਼ਤਾਵਾਂ ਕਦੀ ਵੀ ਨਿਸ਼ਚਿਤ ਨਹੀਂ ਹੋ ਸਕਦੀਆਂ। ਇਹ ਅਜਿਹੀਆਂ ਵਿਧੀਆਂ ਹੁੰਦੀਆਂ ਹਨ, ਜੋ ਪ੍ਰਕਿਰਿਆਸ਼ੀਲ ਹੁੰਦੀਆਂ ਹਨ ਅਤੇ ਵਗਦੇ ਮਾਨਵੀ ਵਿਹਾਰ ਵਾਂਗ ਪਰਵਾਹਸ਼ੀਲ ਹੁੰਦੀਆਂ ਹਨ। ਅਜਿਹੀ ਵਿਧੀ ਹੀ ਚਿੱਠੀ ਜਾਂ ਪੱਤਰ ਦੀ ਵਿਧੀ ਹੈ। ਭਾਈ ਵੀਰ ਸਿੰਘ ਜੀ ਨੇ ਪੱਤਰਾਂ ਰਾਹੀਂ ਵੀ ਆਪਣੇ ਉਦੇਸ਼ ਨੂੰ ਲੋਕਾਂ ਤੱਕ ਪੁਚਾਇਆ ਹੈ। ਜਿਥੇ ਅਤਿਅੰਤ ਨਿਸ਼ਚਿਤ ਵਿਸ਼ੇਸ਼ਤਾਵਾਂ ਤੇ ਸੀਮਾਵਾਂ ਵਾਲੀਆਂ ਰਚਨਾਵਾਂ ਵਿਚ ਕੋਈ ਵਿਦਵਾਨ ਕਿਸੇ ਨਿਸ਼ਚਿਤ ਉਦੇਸ਼ ਨੂੰ ਪੇਸ਼ ਕਰਦਾ ਹੈ, ਉਥੇ ਚਿੱਠੀਆਂ ਜਾਂ ਪੱਤਰਾਂ ਵਿਚ ਉਹ ਦੂਸਰਿਆਂ ਦੀ ਮੰਗ ਵਿਚ ਉਤਰ ਵਜੋਂ ਆਪਣੇ ਉਦੇਸ਼ ਦੀ ਵਿਸ਼ੇਸ਼ਤਾ ਨੂੰ ਉਨ੍ਹਾਂ ਤੱਕ ਪੁਚਾਂਦਾ ਹੈ। ਭਾਈ ਵੀਰ ਸਿੰਘ ਜੀ ਦੀਆਂ ਚਿੱਠੀਆਂ ਇਸ ਪੱਖ ਤੋਂ ਬਹੁਤ ਹੀ ਮਹੱਤਵਸ਼ੀਲ ਹਨ।

ਇਨ੍ਹਾਂ ਚਿੱਠੀਆਂ ਨੂੰ ਪੜ੍ਹਨ ਤੋਂ ਬਾਅਦ ਇਕ ਗੱਲ ਸਪੱਸ਼ਟ ਹੁੰਦੀ ਹੈ : ਇਹ ਚਿੱਠੀਆਂ ਭਾਈ ਵੀਰ ਸਿੰਘ ਜੀ ਦੇ ਕਿਸੇ ਸ਼ਰਧਾਲੂ ਜਾਂ ਪ੍ਰੇਮੀ ਦੀ ਕਿਸੇ ਪੁੱਛ ਦੇ ਪ੍ਰਤੀਉੱਤਰ ਵਜੋਂ ਲਿਖੀਆਂ ਗਈਆਂ ਹਨ। ਇਨ੍ਹਾਂ ਵਿਚ ਆਮ ਤੌਰ ਤੇ ਪ੍ਰੇਮੀ ਜਾਂ ਸ਼ਰਧਾਲੂ ਗੈਰਹਾਜ਼ਰ ਹੈ ਜਾਂ ਨਿਸ਼ਕ੍ਰੀਯ ਹੈ। ਹਾਜ਼ਰ ਜਾਂ ਸਕ੍ਰੀਯ ਹਨ ਤਾਂ ਪ੍ਰਤਿਉੱਤਰ ਦੇਣ ਵਾਲੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਇਸ ਤੋਂ ਅੱਗੇ ਇਕ ਹੋਰ ਗੱਲ ਸਾਫ਼ ਤੌਰ ਉਤੇ ਸਾਹਮਣੇ ਆਉਂਦੀ ਹੈ, ਉਹ ਇਹ ਹੈ ਕਿ ਇਨ੍ਹਾਂ ਵਿਚ ਭਾਈ ਸਾਹਿਬ ਜੀ ਨੇ ਆਪਣੇ ਪੂਰੇ ਯਤਨ ਨਾਲ ਆਪਣੇ ਆਪ ਨੂੰ ਗ਼ੈਰਹਾਜ਼ਰ ਰਖਿਆ ਹੈ। ਚਿੱਠੀ ਦੇ ਮਜ਼ਮੂਨ ਵਿਚ ਜੋ ਕੁਝ ਉਘੜਿਆ ਹੈ, ਉਹ ਗੁਰਸਿੱਖੀ ਦੀ ਪਰੰਪਰਾ, ਉਦੇਸ਼ ਤੇ ਵਿਹਾਰ ਦੇ ਸਿਧਾਂਤ ਹੀ ਹਨ ਜੋ ਇਕ ਵਿਸ਼ਵ - ਦ੍ਰਿਸ਼ਟੀ ਦੇ ਰੂਪ ਵਿਚ ਸਮੱਸਿਆਗ੍ਰਸਤ ਮਨੁੱਖ ਨੂੰ ਧਰਵਾਸ ਦੇਂਦਿਆਂ, ਗੁਰ ਮਰਯਾਦਾ ਅਨੁਸਾਰ ਆਦਰਸ਼ ਮਾਨਵੀ ਚਰਿੱਤਰ ਵਾਲੇ ਸੰਤੁਲਨ ਵਿਚ ਕਾਇਮ ਰਹਿਣ ਦੀ ਤੰਬੀਹ ਕਰਦੇ ਹਨ।

ਇਸੇ ਦਿਸ਼ਾ ਵਿਚ ਹੀ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਚਿੱਠੀ ਸਾਧਾਰਨ ਕਾਰ-ਵਿਹਾਰ ਵਾਲੀ ਪਾਰਦਰਸ਼ੀ ਚਿੱਠੀ ਤੋਂ ਵੱਖਰੀ ਹੋ ਕੇ, ਗੰਭੀਰ ਪ੍ਰਸਤਾਵ

ਵਾਲੀ ਅਪਾਰਦਰਸ਼ੀ ਚਿੱਠੀ ਹੋ ਨਿਬੜਦੀ ਹੈ। ਇਸ ਤਰ੍ਹਾਂ ਭਾਈ ਸਾਹਿਬ ਆਪਣੇ ਵਲੋਂ ਲਿਖੇ ਹਰ ਪੱਤਰ ਨੂੰ ਪ੍ਰਵਚਨ ਵਿਚ ਤਬਦੀਲ ਕਰ ਦੇਂਦੇ ਹਨ। ਪ੍ਰਵਚਨ ਤੋਂ ਭਾਵ ਜ਼ਿੰਦਗੀ ਦੀਆਂ ਵਿਹਾਰਕ ਔਕੜਾਂ ਤੇ ਸਮੱਸਿਆਵਾਂ ਨਾਲ ਨਜਿੱਠਣ ਲਈ ਇੱਕ ਗੰਭੀਰ ਦ੍ਰਿਸ਼ਟੀ ਵਾਲੇ ਪ੍ਰਤੀਉੱਤਰ ਵਿਚ ਆਪਣੀ ਮਾਨਸਿਕਤਾ ਨੂੰ ਢਾਲਣਾ ਹੁੰਦਾ ਹੈ। ਭਾਈ ਵੀਰ ਸਿੰਘ ਜੀ ਆਪਣੇ ਸਮੁੱਚੇ ਵਿਅਕਤੀਤੱਵ ਵਿਚ ਆਤਮਸਾਤ ਕੀਤੀ ਗੁਰਬਾਣੀ ਦੀ ਵਿਚਾਰਧਾਰਾ ਰਾਹੀਂ ਆਪਣੇ ਪੱਤਰਾਂ ਵਿਚ ਇਸ ਤਰ੍ਹਾਂ ਦਾ ਪ੍ਰਤੀਉੱਤਰ ਅਵੱਸ਼ ਪੇਸ਼ ਕਰਦੇ ਹਨ ਅਤੇ ਇਸੇ ਕਾਰਨ ਹੀ ਉਨ੍ਹਾਂ ਦੇ ਪੱਤਰ ਵਿਹਾਰਕ ਹੁੰਦਿਆਂ ਹੋਇਆਂ ਵੀ, ਪ੍ਰਵਚਨ ਦਾ ਰੂਪ ਧਾਰਨ ਕਰ ਜਾਂਦੇ ਹਨ।

ਇਸ ਤਰ੍ਹਾਂ ਗੱਲ ਨੂੰ ਅੱਗੇ ਤੋਰਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀਆਂ ਚਿੱਠੀਆਂ ਭਾਈ ਸਾਹਿਬ ਦੇ ਸ਼ਰਧਾਲੂਆਂ ਨੂੰ ਉਨ੍ਹਾਂ ਦੇ ਨਿਤਾਪ੍ਰਤੀ ਸਮੱਸਿਆਗ੍ਰਸਤ ਜੀਵਨ ਦੇ ਵੱਖ-ਵੱਖ ਪਹਿਲੂਆਂ ਨਾਲ ਨਜਿੱਠਣ ਲਈ ਗੁਰਮਰਯਾਦਾ ਦੀ ਵਿਚਾਰਧਾਰਾ ਸਪੱਸ਼ਟ ਕਰਦੀਆਂ ਹਨ। ਜੇਕਰ ਸਮੁੱਚੇ ਮਾਨਵੀ ਜੀਵਨ ਦੇ ਅਤਿਅੰਤ ਵਿਆਪਕ ਪ੍ਰਸੰਗ ਨੂੰ ਇਸ ਪਰਿਪੇਖ ਤੋਂ ਸਾਹਮਣੇ ਰਖ ਕੇ ਵੇਖਿਆ ਜਾਏ ਤਾਂ ਇਹ ਕਿਹਾ ਜਾਏਗਾ ਕਿ ਮਨੁੱਖ ਆਪਣੀ ਪ੍ਰਾਕਿਰਤੀ ਨਾਲ ਸੰਬੰਧਿਤ ਮਸਲਿਆਂ ਨਾਲ ਨਜਿੱਠ ਹੀ ਵਿਚਾਰਧਾਰਾ ਰਾਹੀਂ ਸਕਦਾ ਹੈ। ਵਿਚਾਰਧਾਰਾ ਇਸ ਤਰ੍ਹਾਂ ਕਿਸੇ ਵੀ ਮਨੁੱਖੀ ਵਰਤਾਰੇ ਨੂੰ ਬ੍ਰਹਿਮੰਡ ਦੀਆਂ ਕੁਹਰਾਮਮੂਲਕ ਲਹਿਰਾਂ ਨਾਲ ਲੋਹਾ ਲੈਣ ਤੇ ਉਨ੍ਹਾਂ ਨੂੰ ਉਲੰਘ ਕੇ ਆਦਰਸ਼ੀ ਟੀਚਿਆਂ ਵੱਲ ਵੱਧਣ ਦਾ ਉਦਮ ਦਿੰਦੀ ਹੈ।

ਪੰਜਾਬ ਵਿਚ ਅਜਿਹੀ ਵਿਚਾਰਧਾਰਾ ਦੀ ਪਰੰਪਰਾ ਸਿੱਖੀ ਦੁਆਰਾ ਪੇਸ਼ ਹੁੰਦੀ ਹੈ ਅਤੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਸਿੱਖੀ ਪਰੰਪਰਾ ਦੀ ਇਸ ਅਜ਼ਮਤ ਤੇ ਵੱਡਿਆਈ ਨੂੰ ਕੇਵਲ ਇਕ ਸਹਿਜ-ਅਨੁਯਾਈ ਵਾਂਗ ਹੀ ਧਾਰਨ ਨਹੀਂ ਕਰਦੇ, ਸਗੋਂ ਇਕ ਪ੍ਰਚੰਡ-ਦ੍ਰਿਸ਼ਟੀ ਵਾਲੇ ਵਿਦਵਾਨ ਵਾਂਗ ਗ੍ਰਹਿਣ ਕਰਦੇ ਹਨ ਜੋ ਸ਼ਰਧਾ, ਸਿਦਕ ਤੇ ਗਿਆਨ ਨੂੰ ਇਕਸੁਰ ਕਰਕੇ ਇਸ ਨੂੰ ਨਿਤ ਦੇ ਮਾਨਵੀ ਵਰਤਾਰਿਆਂ ਲਈ ਕਾਰਾਮਦ ਬਣਾਉਂਦੇ ਹਨ। ਇਹ ਪ੍ਰਤਿਭਾਵਾਨ ਵਿਅਕਤੀ ਦਾ ਚਮਤਕਾਰ ਹੈ ਅਤੇ ਇਸ ਦੀ ਇਹ ਵਿਸ਼ੇਸ਼ਤਾ ਇਸ ਗੱਲ ਵਿਚ ਹੈ ਕਿ ਇਸ ਨੇ ਸੰਸਥਾਬੱਧ ਸਿੱਖੀ ਸਿਧਾਂਤ ਨੂੰ ਨਿਤਾਪ੍ਰਤੀ ਵਰਤਾਰੇ ਦੀ ਤਰਲ ਪੱਧਰ ਉਪਰ ਲੈ ਆਂਦਾ ਹੈ।

ਆਮ ਤੌਰ ਉਤੇ ਚਿੰਤਨ ਦੀ ਪ੍ਰਕਿਰਿਆ ਸਮੂਰਤ ਤੋਂ ਅਮੂਰਤ ਵੱਲ ਚਲਦੀ ਹੈ ਅਤੇ ਜਿਉਂ-ਜਿਉਂ ਇਹ ਅਮੂਰਤ ਦੇ ਸਥਲ ਉਪਰ ਟਿਕਦੀ ਜਾਂਦੀ ਹੈ ਤਿਉਂ-ਤਿਉਂ ਸਮੂਰਤ ਨੂੰ ਫਾਲਤੂ ਸਮਝ ਕੇ ਤਿਆਗਦੀ ਜਾਂਦੀ ਹੈ। ਪਰ ਭਾਈ ਸਾਹਿਬ


www.sikhbookclub.com

ਭਾਈ ਵੀਰ ਸਿੰਘ ਜੀ ਨੇ ਮਨੁੱਖ ਦੇ ਸਮੂਰਤ ਵਰਤਾਰੇ ਨੂੰ ਵਾਧੂ ਜਾਂ ਫਾਲਤੂ ਸਮਝ ਕੇ ਤਿਆਗਣ ਦੀ ਗੱਲ ਨਹੀਂ ਕੀਤੀ, ਸਗੋਂ ਗੁਰਸਿੱਖੀ ਦੀ ਪਰੰਪਰਾਈ ਮਰਯਾਦਾ ਅਨੁਸਾਰ ਇਸ ਨੂੰ ਸਾਧਣ ਬੋਧਣ ਦਾ ਸੰਦੇਸ਼ ਦਿੱਤਾ ਹੈ। ਵੈਸੇ ਤਾਂ ਸਿਧਾਂਤ ਤੇ ਵਰਤਾਰੇ ਦੀ ਇਕਸੁਰਤਾ ਦਾ ਪੈਰਾਡਾਈਮ ਸਤਿਗੁਰੂਆਂ ਦੀ ਬਾਣੀ ਵਿਚ ਵੀ ਪ੍ਰਾਪਤ ਹੁੰਦਾ ਹੈ, ਪਰ ਗੁਰਬਾਣੀ ਵਿਚ ਇਹ ਪੈਰਾਡਾਈਮ ਇਕ ਸਹਿਜ ਚਾਲ ਵਿਚ ਅਵਚੇਤਨ ਦੀ ਪੱਧਰ ਉਤੇ ਵਿਚਰਦਾ ਹੈ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਇਸ ਪੈਰਾਡਾਈਮ ਨੂੰ ਪਹਿਲਾਂ ਤਾਂ ਪੂਰੀ ਸ਼ਰਧਾ ਤੇ ਨਿਸ਼ਠਾ ਨਾਲ ਆਤਮਸਾਤ ਕਰਦੇ ਹਨ ਅਤੇ ਫਿਰ ਉਹ ਆਪਣਾ ਆਪਾ ਇਸ ਦੇ ਅਰਪਨ ਕਰਦੇ ਹਨ। ਮਗਰੋਂ ਇਸ ਦੀ ਅਧੀਨਤਾ ਵਿਚ ਉਹ ਇਕ ਅਤਿਅੰਤ ਸਿਰਜਿਤ, ਪ੍ਰਚੰਡ ਤੇ ਵਿਗਸੇ ਹੋਏ ਆਪੇ ਵਿਚ ਜਾਗ ਉਠਦੇ ਹਨ। ਜਾਗ ਦੀ ਇਸ ਪੱਧਰ ਉਪਰ ਭਾਈ ਸਾਹਿਬ ਸਿੱਖੀ ਦੇ ਉਪਰੋਕਤ ਪੈਰਾਡਾਈਮ ਨੂੰ ਵੇਲੇ ਦੇ ਹਾਲਾਤ ਤੇ ਮਸਲਿਆਂ ਦੇ ਮੁਤਾਬਕ ਪੁਨਰ-ਸੰਗਠਨ ਦੇ ਕੇ, ਆਪਦੇ ਸਿਦਕਵਾਨਾਂ ਦੀਆਂ ਮੰਡਲੀਆਂ ਵਿਚ ਪਹੁੰਚਾਉਣ ਦਾ ਯਤਨ ਕਰਦੇ ਹਨ।

ਚਿੱਠੀਆਂ ਵਿਚ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦਾ ਅਜਿਹਾ ਯਤਨ ਸਹਿਜ ਹੋ ਜਾਂਦਾ ਹੈ। ਭਾਈ ਵੀਰ ਸਿੰਘ ਨੇ 'ਸੁੰਦਰੀ', 'ਸਤਵੰਤ ਕੌਰ', ਆਦਿ ਨਾਵਲ ਵੀ ਲਿਖੇ। 'ਰਾਣਾ ਸੂਰਤ ਸਿੰਘ' ਵਰਗਾ ਮਹਾਂਕਾਵਿ ਵੀ ਲਿਖਿਆ। 'ਚਮਤਕਾਰ' ਵੀ ਲਿਖੇ ਅਤੇ ਵਿਆਖਿਆਤਮਕ ਨਿਬੰਧ ਵੀ ਪੇਸ਼ ਕੀਤੇ, ਪਰ ਇਨ੍ਹਾਂ ਸਾਰਿਆਂ ਵਿਚ ਭਾਈ ਸਾਹਿਬ ਦਾ ਇਕ ਲਿਖਤੀ ਟੀਚਾ ਬੜਾ ਸਪੱਸ਼ਟ ਹੈ। ਇਸ ਲਈ ਇਨ੍ਹਾਂ ਰਚਨਾਵਾਂ ਨੂੰ ਧਿਆਨ ਨਾਲ ਪੜ੍ਹਿਆਂ, ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਭਾਈ ਵੀਰ ਸਿੰਘ ਜੀ ਕਿਸੇ ਇਕ ਅਤਿਅੰਤ ਨਿਸ਼ਚਿਤ ਉਦੇਸ਼ ਦੀ ਪੂਰਤੀ ਲਈ ਇਹ ਰਚਨਾਵਾਂ ਕਰ ਰਹੇ ਹਨ। ਉਦੇਸ਼ ਪੂਰਤੀ ਦੇ ਪੱਖ ਤੋਂ ਇਕ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਉਹ ਸਿੱਖੀ ਦਾ ਪਰਚਾਰ ਕਰ ਰਹੇ ਹਨ, ਪਰ ਇਸ ਦੇ ਨਾਲ ਨਾਲ ਇਹ ਕਿਹਾ ਜਾ ਸਕਦਾ ਹੈ ਕਿ ਉਹ ਅਤਿਅੰਤ ਰੂੜ੍ਹ ਤੇ ਸੁਗਠਿਤ ਰਚਨਾਵਾਂ ਦੀ ਸਿਰਜਨਾ ਵੀ ਕਰ ਰਹੇ ਹਨ। ਇਹ ਪ੍ਰਕਿਰਿਆ ਅਤਿਅੰਤ ਨਿਸ਼ਚਿਤ ਉਦੇਸ਼ ਪੂਰਤੀ ਨਾਲ ਸੰਬੰਧਿਤ ਹੈ। ਪਰ ਚਿੱਠੀਆਂ ਇਸ ਪ੍ਰਸੰਗ ਵਿਚ ਬਿਲਕੁਲ ਵੱਖਰਾ ਰੂਪ ਅਖ਼ਤਿਆਰ ਕਰ ਜਾਂਦੀਆਂ ਹਨ, ਕਿਉਂਕਿ ਇਨ੍ਹਾਂ ਵਿਚ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਪ੍ਰਤੀ ਸ਼ਰਧਾ ਰੱਖਣ ਵਾਲੇ ਲੋਕ ਤਤਕਾਲੀ ਜੀਵਨ ਦੀਆਂ ਸਮੱਸਿਆਵਾਂ ਵਿਚ ਗ੍ਰਸਤ ਆਪੇ ਨੂੰ ਉਨ੍ਹਾਂ ਦੇ ਸਨਮੁਖ ਕਰਦੇ ਹਨ ਅਤੇ ਭਾਈ ਸਾਹਿਬ ਉਨ੍ਹਾਂ ਦੇ ਤਤਕਾਲੀ ਪ੍ਰਤੀਕਰਮਾਂ ਦਾ ਜਵਾਬ, ਪ੍ਰਤੀਕਰਮਾਂ ਵਿਚ ਦੇਣ ਦੀ

 www.sikhbookclub.com

ਬਜਾਏ, ਗੁਰਮਰਯਾਦਾ ਦੁਆਰਾ ਆਤਮਸਾਤ ਕੀਤੀ ਦ੍ਰਿਸ਼ਟੀ ਦੇ ਆਧਾਰ ਉੱਤੇ ਸਿਰਜੇ ਪ੍ਰਤੀਉੱਤਰ ਰਾਹੀਂ ਦੇਣ ਦਾ ਯਤਨ ਕਰਦੇ ਹਨ। ਯਾਦ ਰਹੇ ਪ੍ਰਤੀਕਰਮ ਹਮੇਸ਼ਾ ਤਤਕਾਲੀ ਹੁੰਦਾ ਹੈ, ਪਰ ਪ੍ਰਤੀਉੱਤਰ ਦਾ ਪ੍ਰਯੋਜਨ ਹਮੇਸ਼ਾ ਤਤਕਾਲੀਨਤਾ ਨੂੰ ਮੁਲਤਵੀ ਕਰਕੇ, ਜੀਵਨ ਦੇ ਮਸਲਿਆਂ ਨੂੰ ਬੌਧਿਕ ਪੱਧਰ ਉਪਰ ਵਿਚਾਰਨ ਦਾ ਹੁੰਦਾ ਹੈ। ਗੁਰਬਾਣੀ ਨੇ ਇਸ ਨੂੰ ਨਾਮ ਦਾ ਪਾਸਾਰ ਕਿਹਾ ਹੈ ਤੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਵੀ ਇਸ ਨੂੰ ਇਸੇ ਮੁਹਾਵਰੇ ਵਿਚ ਗ੍ਰਹਿਣ ਕਰਕੇ, ਇਸ ਨੂੰ ਨਿਤਾਪ੍ਰਤੀ ਜੀਵਨ ਦੇ ਮਸਲਿਆਂ ਨਾਲ ਜੋੜਦੇ ਹਨ ਅਤੇ ਹਰ ਤਰ੍ਹਾਂ ਦੇ ਹਾਲਾਤ ਵਿਚ ਵਿਗੜੀ ਹੋਈ ਮਾਨਸਿਕਤਾ ਨੂੰ ਇਸ ਦੁਆਰਾ ਸੰਤੁਲਿਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਸ ਤਰ੍ਹਾਂ ਚਿੱਠੀਆਂ ਵਿਚ ਨਾਮ-ਪਾਸਾਰ, ਸਿਖ-ਵਿਚਾਰਧਾਰਾ ਤੇ ਨਿਤਾਪ੍ਰਤੀ ਮਾਨਵੀ-ਵਿਹਾਰ ਇਕ ਤਰਲ ਪ੍ਰਕਿਰਿਆ ਵਿਚ ਇਕ ਦੂਜੇ ਨਾਲ ਜੁੜਦੇ ਹਨ। ਜੁੜਦੇ ਹੀ ਨਹੀਂ, ਸਗੋਂ ਇਕ ਦੂਜੇ ਵਿਚੋਂ ਲੰਘਦੇ ਹਨ ਤੇ ਇਸ ਤਰ੍ਹਾਂ ਇਕ ਪਾਰਦਰਸ਼ੀ ਪ੍ਰਸੰਗ ਪੇਸ਼ ਹੋ ਜਾਂਦਾ ਹੈ ਅਤੇ ਪੱਤਰ ਇਸੇ ਪ੍ਰਕਿਰਿਆ ਵਿਚ ਪ੍ਰਵਚਨ ਵਿਚ ਤਬਦੀਲ ਹੁੰਦੇ ਜਾਂਦੇ ਹਨ।

ਇਥੇ ਇਹ ਵੀ ਯਾਦ ਰੱਖ ਲੈਣ ਦੀ ਲੋੜ ਹੈ ਕਿ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਕੇਵਲ ਵਿਗੜੀ ਹੋਈ ਮਾਨਸਿਕਤਾ ਨੂੰ ਸੰਤੁਲਨ ਹੀ ਨਹੀਂ ਦਿੱਤਾ, ਸਗੋਂ ਉਨ੍ਹਾਂ ਨੇ ਆਪਣੇ ਤਰੀਕੇ ਨਾਲ ਨਾਮ ਦੇ ਪ੍ਰਤੀਉੱਤਰਸ਼ੀਲ ਆਧਾਰਾਂ ਉਪਰ ਸਿੱਖ ਜਗਤ ਨਾਲ ਸੰਬੰਧਿਤ ਵਿਚਾਰ ਨੂੰ ਪੁਨਰ-ਸੰਗਠਨ ਵੀ ਦਿੱਤਾ ਹੈ। ਨਾਮ ਦੇ ਆਧਾਰ ਉੱਤੇ ਮਾਨਵੀ ਵਿਹਾਰ ਨੂੰ ਪੁਨਰ-ਸੰਗਠਨ ਦੇਣਾ ਹੀ ਭਾਈ ਸਾਹਿਬ ਦੀਆਂ ਚਿੱਠੀਆਂ ਦਾ ਵਿਸ਼ੇਸ਼ ਗੁਣ-ਲੱਛਣ ਹੈ।

ਇਸ ਤਰ੍ਹਾਂ ਅਸੀਂ ਆਪਣੀ ਵਿਚਾਰ-ਚਰਚਾ ਦੇ ਆਧਾਰ ਉਤੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀਆਂ ਚਿੱਠੀਆਂ ਸੰਬੰਧੀ ਇਕ ਵਿਆਪਕ ਪ੍ਰਸਤਾਵ ਤਾਂ ਬਣਾ ਲਿਆ ਹੈ ਅਤੇ ਇਸ ਵਿਆਪਕ ਪ੍ਰਸਤਾਵ ਨੂੰ ਅਸੀਂ ਨਾਮੂਲਕ ਪ੍ਰਤੀਉੱਤਰ ਦੇ ਆਧਾਰ ਉਤੇ ਮਾਨਵੀ ਵਿਚਾਰ ਦੇ ਪੁਨਰ-ਸੰਗਠਨ ਦੇ ਅਰਥਾਂ ਵਿਚ ਨਿਸ਼ਚਿਤ ਵੀ ਕਰ ਲਿਆ ਹੈ, ਪਰ ਚਿੱਠੀਆਂ ਦੇ ਵਿਸ਼ੇ-ਵਸਤੂ ਸੰਬੰਧੀ ਚਿੱਠੀਆਂ ਦੇ ਵਿਸ਼ਿਸ਼ਟ ਪਾਠ ਨੂੰ ਵੀ ਧਿਆਨ ਵਿਚ ਰਖਣ ਦੀ ਜ਼ਰੂਰਤ ਹੈ ਕਿਉਂਕਿ ਚਿੱਠੀਆਂ ਦਾ ਆਪਣਾ ਵੱਖਰਾ ਮੁਹਾਂਦਰਾ ਤੇ ਪ੍ਰਯੋਜਨ ਵਿਸ਼ਿਸ਼ਟ ਪਾਠ ਵਿਚ ਸੁਗਠਿਤ ਸਮੱਗਰੀ ਦੇ ਆਧਾਰ ਉਤੇ ਹੀ ਕੀਤਾ ਜਾ ਸਕਦਾ ਹੈ। ਇਸ ਪਾਸੇ ਵੱਲ ਚੇਤੰਨ ਹੁੰਦਿਆਂ ਹੀ ਸਾਨੂੰ ਇਹ ਪਤਾ ਲਗਦਾ ਹੈ ਕਿ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਆਪਣੇ ਪੱਤਰ-ਵਿਹਾਰ ਵਿਚ ਜਿਉਂ ਹੀ ਆਪਣੇ ਸਨੇਹੀਆਂ ਨੂੰ ਸੰਬੋਧਿਤ ਹੁੰਦੇ ਹਨ, ਪਹਿਲੀਆਂ

ਦੋ ਚਾਰ ਸਤਰਾਂ ਵਿਚ ਉਨ੍ਹਾਂ ਨੂੰ ਪਏ ਵਿਗੋਚੇ ਨੂੰ ਦ੍ਰਿੜ੍ਹ ਕਰਦੇ ਹਨ ਅਤੇ ਉਸ ਵਿਗੋਚੇ ਦਾ ਇਕ ਉਘੜਵਾਂ ਪ੍ਰਸੰਗ ਬਣਾ ਕੇ ਵਿਗੋਚਾਗ੍ਰਸਤ ਵਿਅਕਤੀ ਨੂੰ ਉਸ ਦੇ ਸਨਮੁਖ ਕਰ ਦਿੰਦੇ ਹਨ। ਇਸ ਤੋਂ ਮਗਰੋਂ ਭਾਈ ਸਾਹਿਬ ਵਿਗੋਚੇ ਨੂੰ ਗੁਰਬਾਣੀ ਵਿਚਾਰਧਾਰਾ ਦੇ ਵੱਖਰੇ ਵੱਖਰੇ ਸੰਕਲਪਾਂ ਨਾਲ ਨਜਿੱਠਣ ਦੇ ਰਾਹ ਸੁਝਾਉਂਦੇ ਹਨ। ਅਸਲ ਵਿਚ ਭਾਈ ਵੀਰ ਸਿੰਘ ਜੀ ਵਿਗੋਚਿਆਂ ਨੂੰ ਮਾਨਵੀ ਜੀਵਨ ਦਾ ਜਨਮਜਾਤ ਸਾਥੀ ਸਮਝਦੇ ਹਨ। ਜਨਮ ਤੋਂ ਮਰਨ ਤੱਕ ਮਨੁੱਖ ਨੂੰ ਕਈ ਤਰੀਕਿਆਂ ਦੇ ਵਿਗੋਚੇ ਪੈਣੇ ਹੀ ਹਨ ਤੇ ਇਨ੍ਹਾਂ ਵਿਗੋਚਿਆਂ ਨੂੰ ਮਨੁੱਖ ਨੇ ਪੂਰਿਆਂ ਕਿਵੇਂ ਕਰਨਾ ਹੈ? ਭਾਈ ਸਾਹਿਬ ਭਾਈ ਵੀਰ ਸਿੰਘ ਜੀ ਗੁਰਬਾਣੀ-ਸਿਧਾਂਤ ਰਾਹੀਂ ਇਸ ਪ੍ਰਸੰਗ ਵਿਚ ਇਹ ਗੱਲ ਸਮਝਾਉਂਦੇ ਹਨ ਕਿ ਵਿਗੋਚੇ ਕਦੇ ਵੀ ਪੂਰੇ ਨਹੀਂ ਹੁੰਦੇ। ਇਕ ਵਿਸ਼ੇਸ਼ ਪ੍ਰਕਾਰ ਦੀ ਮਾਨਸਿਕਤਾ ਰਾਹੀਂ ਮਨੁੱਖ ਨੂੰ ਇਨ੍ਹਾਂ ਪ੍ਰਤੀ ਆਪਣੀ ਪਹੁੰਚ ਤੇ ਵਤੀਰਾ ਬਦਲਣਾ ਪੈਂਦਾ ਹੈ। ਭਾਈ ਸਾਹਿਬ ਦੇ ਮੁਤਾਬਕ ਅਜਿਹੀ ਮਾਨਸਿਕਤਾ ਹੀ ਸਿੱਖ ਗੁਰੂਆਂ ਦੁਆਰਾ ਮੱਧਕਾਲੀ ਪੰਜਾਬ ਵਿਚ ਪੇਸ਼ ਕੀਤੀ ਵਿਸ਼ਵ-ਦ੍ਰਿਸ਼ਟੀ ਦੇ ਅੰਤਰਗਤ ਨਿਹਿਤ ਹੈ।

ਅਸੀਂ ਚਿੱਠੀਆਂ ਦੇ ਵਿਸ਼ਿਸ਼ਟ ਗੁਣ-ਲੱਛਣ ਨੂੰ ਨਿਸ਼ਚਿਤ ਕਰਨ ਤੋਂ ਆਪਣੀ ਗੱਲ ਤੋਰੀ ਸੀ, ਪਰੰਤੂ ਸਾਡੀ ਗੱਲ ਫਿਰ ਦੋ ਵਿਆਪਕ ਕਸੌਟੀਆਂ ਉੱਤੇ ਆਧਾਰਿਤ ਹੋ ਕੇ ਰਹਿ ਗਈ ਹੈ। ਅਸਲ ਵਿਚ ਵਿਸ਼ਿਸ਼ਟਤਾ ਨੂੰ ਨਿਸ਼ਚਿਤ ਕਰਨ ਲੱਗਿਆਂ ਬਦੋਬਦੀ ਅਰਥ ਤੇ ਸਿੱਟਾ ਉਸ ਨੂੰ ਵਿਆਪਕਤਾ ਵੱਲ ਲੈ ਜਾਂਦੇ ਹਨ। ਇਨ੍ਹਾਂ ਚਿੱਠੀਆਂ ਵਿਚ ਵਿਗੋਚਾ ਤੇ ਉਸ ਵਿਗੋਚੇ ਨੂੰ ਗੁਰਬਾਣੀ ਦੇ ਸਿਧਾਂਤਾਂ ਨਾਲ ਨਜਿੱਠਣ ਵਾਲੇ ਪ੍ਰਸਤਾਵ ਬਾਰ ਬਾਰ ਆਉਂਦੇ ਹਨ। ਅਜਿਹੇ ਦੁਹਰਾਉ ਨਾਲ ਕਈ ਵਾਰੀ ਅਜਿਹਾ ਪ੍ਰਭਾਵ ਪੈਂਦਾ ਹੈ ਕਿ ਸਾਰੀ ਗੱਲ ਇਕੋ ਥੀਮ ਦੇ ਦੁਆਲੇ ਘੁੰਮਦੀ ਨੀਰਸ ਬਣ ਗਈ ਜਾਪਦੀ ਹੈ। ਪਰ ਅਜਿਹੀ ਅਨੁਕਿਰਿਆ ਪਾਠਕ ਦੀ ਉਸ ਅਵਸਥਾ ਦੀ ਹੁੰਦੀ ਹੈ ਜੋ ਵਿਸ਼ਿਆਂ ਦੀ ਅਨੇਕਤਾ ਵਿਚੋਂ ਰਸ ਮਾਨਣਾ ਲੋਚਦਾ ਹੈ। ਵਿਸ਼ਿਆਂ ਦੀ ਅਨੇਕਤਾ ਦਾ ਰਸ ਸਾਨੂੰ ਸਮੱਸਿਆਗ੍ਰਸਤ ਜਗਤ ਦੇ ਪ੍ਰਪੰਚ ਵੱਲ ਲੈ ਜਾਂਦਾ ਹੈ ਅਤੇ ਪ੍ਰਪੰਚ ਵਿਚ ਨਿਸ਼ਚੇ ਹੀ ਇਕ ਅਜੀਬ ਜਿਹਾ ਰਸ ਹੈ। ਜਿਸ ਵਿਚ ਆਮ ਆਦਮੀ ਸਹਿਜ-ਆਸਣ ਲਗਾ ਕੇ ਬਹਿ ਜਾਂਦਾ ਹੈ ਅਤੇ ਰਸ ਭੋਗਣ ਦੀ ਪਰਵਿਰਤੀ ਵਿਚ ਪੈ ਜਾਂਦਾ ਹੈ। ਪਰ ਜਦੋਂ ਕੋਈ ਪਾਠ ਕਿਸੇ ਸਾਰਥਕਤਾ ਨੂੰ ਦ੍ਰਿੜ੍ਹ ਕਰਨ ਲਈ ਲਿਖਿਆ ਜਾਂਦਾ ਹੈ, ਉਸ ਵਿਚ ਵਿਸ਼ਿਆਂ ਦੀ ਅਨੇਕਤਾ ਸਾਰਥਕਤਾ ਦੇ ਏਕੀਕਰਨ ਦੁਆਰਾ ਬੰਨ੍ਹੀ ਹੁੰਦੀ ਹੈ। ਤੇ ਸੁਭਾਵਿਕ ਹੀ ਹੈ ਕਿ ਸਾਰਥਕਤਾ ਦਾ ਏਕੀਕਰਨ ਅਨੇਕਤਾ ਦੇ ਹਰ ਵਿਵਰਣ ਨੂੰ ਏਕਤਾ ਵਿਚ ਬਦਲਦਾ ਜਾਏਗਾ। ਇਹ

ਲੋੜ ਦ੍ਰਿਸ਼ਟੀ ਦੀ ਹੁੰਦੀ ਹੈ। ਦ੍ਰਿਸ਼ ਵਿਚ ਅਨੇਕਤਾ ਹੁੰਦੀ ਹੈ ਅਤੇ ਦ੍ਰਿਸ਼ਟੀ ਵਿਚ ਏਕਤਾ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਤਾਂ ਬੁਨਿਆਦੀ ਤੌਰ ਉਤੇ ਹੀ ਅਜਿਹੀ ਉਚੇਰੀ ਮਾਨਸਿਕਤਾ ਦੇ ਮਾਲਕ ਹਨ ਜੋ ਆਪਣੇ ਕਮਾਏ ਸਹਿਜ ਵਿਚ ਹੀ ਅਨੇਕਤਾ ਨੂੰ ਅਤਿਅੰਤ ਸਾਰਥਕ ਏਕਤਾ ਵਿਚ ਬਦਲ ਦਿੰਦੇ ਹਨ ਅਤੇ ਅਜਿਹੀ ਏਕਤਾ ਦਾ ਦੁਹਰਾਉ ਹੀ ਇਸ ਦੀ ਪ੍ਰਮਾਣਿਕਤਾ ਬਣ ਨਿਬੜਦਾ ਹੈ।

ਇਸ ਤਰ੍ਹਾਂ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀਆਂ ਚਿੱਠੀਆਂ ਰੂੜ੍ਹੀਵਾਦੀ ਪ੍ਰਮਾਣਿਕਤਾ ਵਿਚ ਨਿਸ਼ਚਿਤ ਹੋਏ ਰੂਪਾਕਾਰਾਂ ਤੋਂ ਆਜ਼ਾਦ ਹੋ ਕੇ ਵਿਚਰਨ ਵਾਲੀਆਂ ਅਜਿਹੀਆਂ ਰਚਨਾਵਾਂ ਹਨ ਜੋ ਸਿੱਖੀ ਦੁਆਰਾ ਸਿਰਜੀ ਮਰਯਾਦਾ ਤੇ ਰਹਤਲ ਨੂੰ ਵਿਗੜੇ ਮਾਨਵੀ ਸੰਤੁਲਨ ਨੂੰ ਬਰਕਰਾਰ ਰੱਖਣ ਲਈ ਵਰਤੋਂ ਵਿਚ ਲਿਆਣ ਵਾਲੀਆਂ ਹਨ।

ਪੰਜਾਬ ਦੇ ਸ਼ਬਦ – ਸਭਿਆਚਾਰ ਵਿਚ ਇਸੇ ਕਰਕੇ ਹੀ ਅਸੀਂ ਇਨ੍ਹਾਂ ਚਿੱਠੀਆਂ ਦੀ ਸਾਰਥਕਤਾ ਨੂੰ ਨਿਸ਼ਚਿਤ ਕਰ ਸਕਦੇ ਹਾਂ। ਚਿੱਠੀਆਂ ਤਾਂ ਅਜੋਕੇ ਪੰਜਾਬੀ ਸ਼ਬਦ-ਸਭਿਆਚਾਰ ਦੇ ਅੰਤਰਗਤ ਹੋਰ ਵੀ ਕਈ ਲੇਖਕਾਂ ਨੇ ਲਿਖੀਆਂ ਹਨ, ਪਰ ਉਨ੍ਹਾਂ ਨੇ ਮਨੋਰੰਜਨ ਤੇ ਪਰਵਿਰਤੀ ਰਸ ਨੂੰ ਉਭਾਰਨ ਲਈ ਇਨ੍ਹਾਂ ਦੀ ਰਚਨਾ ਕੀਤੀ ਹੈ। ਮਿਸਾਲ ਵਜੋਂ ਗੁਰਬਖਸ਼ ਸਿੰਘ ਪ੍ਰੀਤਲੜੀ ਨੇ ਕਈ ਚਿੱਠੀਆਂ ਲਿਖੀਆਂ। ਉਨ੍ਹਾਂ ਵਿਚ ਜਾਂ ਤਾਂ ਨਿਤਾਪ੍ਰਤੀ ਜੀਵਨ ਦੇ ਨਿੱਕੇ ਨੰਨ੍ਹੇ ਵੇਰਵਿਆਂ ਦੇ ਭਰਵੇਂ ਦ੍ਰਿਸ਼ ਹਨ ਜਾਂ ਕਾਮ-ਭਾਵਨਾ ਨੂੰ ਉਭਾਰਨ ਦਾ ਯਤਨ ਹੈ। ਇਸੇ ਤਰ੍ਹਾਂ ਕਰਤਾਰ ਸਿੰਘ ਸਚਦੇਵ ਦੇ 'ਗੁਮਨਾਮ ਕੁੜੀ ਦੇ ਖ਼ਤ' ਵੀ ਇਸ ਪ੍ਰਸੰਗ ਵਿਚ ਕਾਬਲੇ ਜ਼ਿਕਰ ਹਨ। ਇਨ੍ਹਾਂ ਵਿਚ ਵੀ ਥਾਂ ਪਰ ਥਾਂ ਕਾਮ-ਭਾਵਨਾ ਨੂੰ ਹੀ ਉਭਾਰਿਆ ਗਿਆ ਹੈ। ਕੁਝ ਚਿੱਠੀਆਂ ਸਿਰਫ਼ ਚਿੱਠੀਆਂ ਦੇ ਸ਼ੌਕ ਨਾਲ ਹੀ ਲਿਖੀਆਂ ਗਈਆਂ ਹਨ। ਉਨ੍ਹਾਂ ਵਿਚ ਕੇਵਲ ਸੂਚਨਾ ਹੀ ਸੂਚਨਾ ਹੈ ਅਤੇ ਸੂਚਨਾ ਵੀ ਇਕ ਅਜਿਹੇ ਵਗਦੇ ਪਰਵਾਹ ਵਾਂਗ ਹੈ ਜਿਸ ਵਿਚ ਕਿਸੇ ਤਰ੍ਹਾਂ ਦੀ ਕੋਈ ਪਤੇ ਦੀ ਗੱਲ ਜਾਂ ਦ੍ਰਿਸ਼ਟੀਪਰਕ ਪ੍ਰਸਤਾਵ ਨਹੀਂ ਪੇਸ਼ ਕੀਤਾ ਗਿਆ। ਡਾ: ਸ਼ੇਰ ਸਿੰਘ ਦੀਆਂ ਪ੍ਰਦੇਸ ਵਿਚੋਂ ਆਪਣੀ ਪਤਨੀ ਨੂੰ ਲਿਖੀਆਂ ਚਿੱਠੀਆਂ ਇਸੇ ਤਰ੍ਹਾਂ ਦੀਆਂ ਹਨ। ਨਾਨਕ ਸਿੰਘ ਨਾਵਲਿਸਟ ਨੇ ਆਪਣੇ ਨਾਵਲਾਂ ਵਿਚ ਤੇ ਵਿਸ਼ੇਸ਼ ਕਰਕੇ 'ਚਿੱਟਾ ਲਹੂ' ਵਿਚ ਹੀਰੋ ਤੇ ਹੀਰੋਇਨ ਨੂੰ ਇਕ ਦੂਰੀ ਉਤੇ ਰੱਖ ਕੇ ਇਕ ਦੂਸਰੇ ਨਾਲ ਚਿੱਠੀਆਂ ਰਾਹੀਂ ਸੰਚਾਰ ਕਰਵਾਇਆ ਹੈ। ਇਨ੍ਹਾਂ ਚਿੱਠੀਆਂ ਵਿਚ ਆਦਰਸ਼ ਦਾ ਰੁਮਾਂਸ ਤੇ ਪਿਆਰ ਦਾ ਰੁਮਾਂਸ ਦੋਵੇਂ ਹੀ ਸ਼ਾਮਲ ਹਨ। ਪਰ ਆਦਰਸ਼ ਤੇ ਪਿਆਰ ਦਾ ਵਿਸ਼ਵ-ਦ੍ਰਿਸ਼ਟੀ ਦੇ ਮੁਤਾਬਕ ਆਪਸੀ ਕੀ ਰਿਸ਼ਤਾ ਹੈ, ਇਨ੍ਹਾਂ ਚਿੱਠੀਆਂ ਵਿਚ ਇਸ ਸਵਾਲ ਦਾ ਉੱਤਰ ਨਹੀਂ ਮਿਲਦਾ। ਇਸ ਤਰ੍ਹਾਂ ਚਿੱਠੀਆਂ ਲਿਖਣ ਦੀ ਇਸ ਪਰਵਿਰਤੀ ਦੇ ਅੰਤਰਗਤ ਭਾਈ

ਸਾਹਿਬ ਭਾਈ ਵੀਰ ਸਿੰਘ ਜੀ ਦੀਆਂ ਚਿੱਠੀਆਂ ਆਪਣੇ-ਆਪ ਆਪਣੀ ਵਿਲੱਖਣ ਵਿਸ਼ੇਸ਼ਤਾ ਸਮੇਤ ਅਗਰਭੂਮੀ ਉਤੇ ਆ ਜਾਂਦੀਆਂ ਹਨ ਅਤੇ ਇਨ੍ਹਾਂ ਦੀ ਵਿਸ਼ੇਸ਼ਤਾ ਇਸ ਗੱਲ ਵਿਚ ਹੈ ਕਿ ਇਹ ਮਨੁੱਖ ਨੂੰ ਉਸ ਦੀ ਮਨੁੱਖੀ ਪਛਾਣ ਕਰਾਉਂਦੀਆਂ ਹਨ। ਭਾਵੇਂ ਭਾਈ ਸਾਹਿਬ ਨੇ ਅਜਿਹੇ ਪ੍ਰਸਤਾਵ ਨੂੰ ਸਿੱਖੀ ਦੀ ਮਰਯਾਦਾ ਰਾਹੀਂ ਉਘਾੜਨ ਦਾ ਯਤਨ ਕੀਤਾ ਹੈ, ਪਰੰਤੂ ਯਾਦ ਇਹ ਰਖਣਾ ਚਾਹੀਦਾ ਹੈ ਕਿ ਅੱਜ ਦੇ ਜ਼ਮਾਨੇ ਵਿਚ ਜਦੋਂ ਵੱਖੋ-ਵੱਖਰੇ ਸਮਾਜਾਂ ਦੇ ਸਭਿਆਚਾਰਾਂ ਨੂੰ ਸਭਿਆਚਾਰਕ ਵਿਗਿਆਨ ਦੀ ਪੱਧਰ ਉਤੇ ਪੜ੍ਹਨ ਦੀ ਪਿਰਤ ਪੈ ਰਹੀ ਹੈ ਤਾਂ ਇਸ ਪ੍ਰਸੰਗ ਵਿਚ ਭਾਈ ਸਾਹਿਬ ਦਾ ਸਾਹਿਤ ਤੇ ਵਿਸ਼ੇਸ਼ ਕਰਕੇ ਉਨ੍ਹਾਂ ਦੀਆਂ ਚਿੱਠੀਆਂ ਅਤਿਅੰਤ ਪਰਸੰਗਿਕ ਹੋ ਨਿਬੜਦੀਆਂ ਹਨ। ਸਤਿਗੁਰੂਆਂ ਨੇ ਸਭਿਆਚਾਰਕ ਵਿਸ਼ੇਸ਼ਤਾ ਨੂੰ ਨਾਮਮੂਲਕ ਪਾਸਾਰ ਰਾਹੀਂ ਪੇਸ਼ ਕੀਤਾ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਵਿਗੜੀ ਮਾਨਸਿਕਤਾ ਦੇ ਪ੍ਰਸੰਗ ਵਿਚ ਇਸ ਦੀ ਵਰਤੋਂ ਕੀਤੀ ਅਤੇ ਸਾਡੀ ਜਾਚੇ ਇਹ ਸਾਰਾ ਪਰੰਪਰਾਈ ਮੁਹਾਵਰਾ ਸੰਸਕ੍ਰਿਤੀ-ਵਿਗਿਆਨ ਦੇ ਪ੍ਰਸੰਗ ਵਿਚ ਇਹ ਅਰਥ ਦੇਣ ਯੋਗ ਬਣਦਾ ਹੈ ਕਿ ਭਾਈ ਸਾਹਿਬ ਜੀ ਨੇ ਆਪਣੀ ਵਿਰਾਸਤ ਦੇ ਆਧਾਰ ਉਤੇ ਪੇਸ਼ ਵਾਤਾਵਰਨ ਵਿਚੋਂ ਉਠਦੇ ਮਾਰੂ ਤੂਫਾਨੀ ਵੇਗ ਨੂੰ ਉਸਾਰੂ ਸੰਸਕ੍ਰਿਤਿਕ ਸੰਜਮ ਵਿਚ ਬਦਲਣ ਦਾ ਪੈਗਾਮ ਦਿੱਤਾ ਹੈ।

ਇਸ ਵਿਆਪਕ ਤੇ ਪਰਿਚਾਯਕ ਭੂਮਿਕਾ ਤੋਂ ਉਪਰੰਤ ਅਸੀਂ ਆਪਣੀਆਂ ਗੱਲਾਂ ਦੀ ਸਾਖੀ ਵਿਚ ਭਾਈ ਵੀਰ ਸਿੰਘ ਜੀ ਦੀਆਂ ਕੁਝ ਚਿਠੀਆਂ ਨੂੰ ਨਮੂਨੇ ਵਜੋਂ ਪੇਸ਼ ਕਰਦੇ ਹਾਂ।

# ਫਕੀਰੀ ਸੁਰਤਿ

ੴ ਸ੍ਰੀ ਵਾਹਗੁਰੂ ਜੀ ਕੀ ਫਤਹ

੫-੧-੧੯੮

ਪਵਿੱਤ੍ਰਾਤਮਾ ਜੀ,

ਸਭ ਪ੍ਰਕਾਰ ਕੁਸ਼ਲ ਹੈ। ਆਪ ਦਾ ਪੱਤਰ ਮਿਲ ਗਿਆ ਸੀ। *ਸਤਿਗੁਰੂ ਜੀ ਨੇ ਲਿਖਿਆ ਹੈ :*

*'ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ॥*
*ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ'॥*
(ਗਉੜੀ ਸੁਖਮਨੀ ਮ:੫, ਪੰਨਾ: ੨੭੮)

ਫ਼ਕੀਰਾਂ ਦੀ ਗਰੀਬੀ ਗਦਾ ਹਮਾਰੀ ਹੁੰਦੀ ਹੈ। ਫ਼ਕੀਰ ਹਰਦਮ ਸਾਂਈ ਦੀ ਹਜ਼ੂਰੀ ਵਿਚ ਵਸਦਾ ਹੈ ਤੇ ਸੰਸਾਰ ਵਿਚ 'ਗੁਰਮੁਖ ਹਾਰ ਚਲੇ, ਜਗ ਜੀਤਾ' ਦੇ ਅਨੁਸਾਰ ਨਿਮਾਣਾ ਹੋ ਕੇ ਦਿਨ ਕਟਦਾ ਹੈ, ਪਰ ਇਹ ਗਰੀਬੀ, ਮਸਕੀਨੀ ਹਾਰ ਚਲਦਾ, ਨਿਮਾਣਾਪੁਣਾ ਸੁਰਤ - ਢਾਣਾ ਨਹੀਂ ਹੈ।

ਸੁਰਤਿ ਫਕੀਰਾਂ ਦੀ ਸਦਾ ਅਰਸ਼ਾਂ ਕੁਰਸ਼ਾਂ ਤੇ ਰਹਿੰਦੀ ਹੈ ਤੇ ਇਲਾਹੀ ਨੂਰ ਦੇ ਪ੍ਰਕਾਸ਼ ਵਿਚ ਟੁਰਦੀ ਹੈ। ਦੁਨੀਆਂ ਦੇ ਲੋਕ, ਦੁਨੀਆਂ ਦੇ ਦਾਨੇ, ਦੁਨੀਆਂ ਦੇ ਪੰਡਿਤ ਤੇ ਦੁਨੀਆਂ ਦੇ ਮਤਾਂ ਦੇਣ ਵਾਲੇ ਇਖਲਾਕੀ ਫ਼ਕੀਰ ਨੂੰ ਸਮਝ ਨਹੀਂ ਸਕਦੇ। ਕਿਸੇ ਦੀ ਉਸਤਤਿ ਨਿੰਦਾ ਬਦ-ਸਲੂਕੀ ਦਾ ਸ਼ੋਕ ਨਹੀ ਕਰਦੇ। ਲੋਕਾਂ ਨੂੰ ਇਉਂ ਪ੍ਰਤੀਤ ਦਿੰਦਾ ਹੈ ਕਿ ਇਹ ਮਸਕੀਨ ਹਨ ਠੀਕ ਐਉਂ-

*'ਮੈ ਗਰੀਬ ਮੈ ਮਸਕੀਨ ਤੇਰਾ ਨਾਮੁ ਹੈ ਆਧਾਰਾ॥੧॥ਰਹਾਉ॥*
(ਤਿਲੰਗ ਨਾਮਦੇਉ, ਪੰਨਾ ੭੨੭)

ਹਜ਼ਾਰ ਖੁਸ਼ੀਆਂ ਦੀ ਇਕ ਖੁਸ਼ੀ ਹੈ। ਹਜ਼ਾਰ ਰਸਾਂ ਦਾ ਇਕ ਰਸ ਹੈ ਜਿਸ ਆਸਰੇ ਸਾਂਈ ਦੇ ਲੋਕ ਸਦਾ ਪ੍ਰਸੰਨ ਰਹਿੰਦੇ ਹਨ। ਪਰ ਲੋਕੀ ਸਾਂਈ ਦੇ ਬੱਚਿਆਂ ਨੂੰ ਬਾਹਰੋਂ ਨਿਮਾਣੇ ਨਿਤਾਣੇ ਤਕਦੇ ਹਨ ਪਰ, ਸਾਂਈ ਦੇ ਬੰਦੇ ਇੰਜ ਦੇ ਹੁੰਦੇ ਹਨ :

*ਜਿਨ ਪਟੁ ਅੰਦਰਿ ਬਾਹਰਿ ਗੁਦੜੁ ਤੇ ਭਲੇ ਸੰਸਾਰਿ॥*
*ਤਿਨ ਨੇਹੁ ਲਗਾ ਰਬ ਸੇਤੀ ਦੇਖਨੇ ਵੀਚਾਰਿ॥*
*ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥*
*ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥*

(ਆਸਾ ਦੀ ਵਾਰ, ਸਲੋਕ ਮ:੧, ਪੰਨਾ:੪੭੩)

ਇਹ ਮੂਰਤੀ ਗੁਰੂ ਨਾਨਕ ਚਰਨਾ ਦੇ ਸਚੇ ਫਕੀਰ ਦੀ ਹੈ। ਇਹ ਰੰਗ ਅੰਦਰ ਸਮਾਈਏ 'ਆਠ ਜਾਮ ਚਉਸਠਿ ਘਰੀ ਤੁਅ ਨਿਰਖਤ ਰਹੈ ਜੀਉ'॥ (ਸਲੋਕ ਕਬੀਰ, ਪੰਨ:੧੩੭੭) ਬਾਕੀ ਸੰਸਾਰ ਦਾ ਕੀ ਹੈ। ਇਹ ਸਦਾ ਤੋਂ ਦੁਖ ਦੇਂਦਾ ਆਇਆ ਹੈ। ਇਨ੍ਹਾਂ ਦੇ ਦੁਖ ਮਿਠੇ ਕਰ ਕੇ ਝਲੀਏ। ਇਨ੍ਹਾਂ ਤੋਂ ਰੋਸ ਨ ਕਰੀਏ। ਪ੍ਰਮੇਸ਼ਰ ਵਲੋਂ ਸਮਝੀਏ। ਜਹਾਂਗੀਰ ਨੂੰ ਮੀਆਂ ਮੀਰ ਨੇ ਕਹਿਆ ਸੀ ਤੇਰੇ ਰਾਜ ਵਿਚ ਬ੍ਰਹਮ ਗਿਆਨੀ ਦੀ ਹਤਿਆ ਹੋਈ ਹੈ। ਜਹਾਂਗੀਰ ਹਸ ਪਿਆ, ਕਹਿਣ ਲੱਗਾ ਬ੍ਰਹਮ ਗਿਆਨੀ ਕੀ ਤੇ ਉਸ ਦਾ ਮੇਰੇ ਅਹਿਲਕਾਰਾਂ ਦੇ ਹਥੋਂ ਮਾਰਿਆ ਜਾਣਾ ਕੀ। ਮੀਆਂ ਮੀਰ ਨੇ ਕਹਿਆ ਜੇ ਕਦੀ ਉਹ ਚਾਹੁੰਦੇ ਤੇਰੀ ਪਾਤਸ਼ਾਹੀ ਫੂਕ ਦਿੰਦੇ। ਪਰ ਉਸ ਨੇ ਝਲ ਲਿਆ। ਜਹਾਂਗੀਰ ਕਹਿਆ ਕਿਉਂ ਬਲਵਾਨ ਹੋ ਕੇ ਤਤੇ ਤਵਿਆਂ ਤੇ ਭੁਜਿਆ ਤੇ ਗਰਮ ਰੇਤ ਹੇਠ ਫਲੂਹਿਆ ਗਿਆ? ਮੈਂ ਇਸ ਰੰਗ ਵਿਚ ਦੇਖ ਕੇ ਜਾ ਕੇ ਕਿਹਾ ਸੀ ਗੁਰੂ ਜੀ ਚਾਹੋ ਤਾਂ ਮੈਂ ਇਸ ਦੁਖ ਦਾ ਉਪਰਾਲਾ ਕਰਾਂ, ਚਾਹੋ ਤਾਂ ਪਾਤਸ਼ਾਹੀ ਡੋਬਾਂ ਤਾਂ ਬੋਲੇ ਫ਼ਕੀਰ ਜੀ ਮਾਇਆ ਦਾ ਟਪਲਾ ਨਾ ਖਾਓ। ਇਹੋ ਜੋ ਕੁਝ ਹੋ ਰਿਹਾ ਹੈ ਮੇਰੇ ਪ੍ਰੀਤਮ ਦੇ ਭਾਣੇ ਵਿਚ ਹੈ। ਉਸ ਨੂੰ ਪਤਾ ਹੈ ਉਹ ਚਾਹੇ ਤਾਂ ਇਸ ਨੂੰ ਦੂਰ ਕਰ ਦੇਵੇ ਪਰ ਓਹ ਜੋ ਦੂਰ ਨਹੀਂ ਕਰਦਾ, ਓਹ ਉਸ ਦੀ ਰਜ਼ਾ ਵਿਚ ਹੈ, ਤੇ ਮੈਂ ਉਸ ਦੀ ਰਜ਼ਾ ਵਿਚ

 www.sikhbookclub.com

ਪ੍ਰਸੰਨ ਹਾਂ। ਇਹ ਸੁਣ ਕੇ ਪਾਤਸ਼ਾਹ ਦੇ ਨੈਣ ਭਰ ਆਏ ਅਰ ਚਿਰ ਤਕ ਰੋਂਦਾ ਰਿਹਾ। ਇਸੀ ਗਲ ਦੇ ਕਾਰਨ ਉਸ ਨੇ ਫੇਰ ਚੰਦੂ ਤੇ ਨਵਾਬ ਨੂੰ ਸਜ਼ਾ ਦਿਤੀ ਸੀ। ਸੋ ਗੁਰੂ ਜੀ ਦਾ ਝਲਣਾ ਇਕ ਪਾਪੀ ਦੀ ਸਜ਼ਾ ਝਲਣ ਵਾਂਙ ਨਹੀਂ।

ਗੁਰੂ ਜੀ ਸਾਂਈ ਦੀ ਹਜ਼ੂਰੀ ਵਿਚ ਬ੍ਰਹਮ ਗਿਆਨੀ ਦੇ ਰੰਗ ਵਿਚ ਚੜ੍ਹਦੀਆਂ ਕਲਾਂ ਵਿਚ ਸੀ। ਉਹ ਖੁਸ਼ੀ ਵਿਚ ਪਿਆਰੇ ਦੇ ਪਿਆਰੇ ਨੂੰ ਸਮਝ ਕੇ ਕਲੇਸ਼ ਝਲਦੇ ਸੀ। ਕੋਈ ਦੁਖ ਸਮਰਥ ਨਹੀਂ ਹੈ ਕਿ ਗੁਰੂ ਚਰਨਾਂ ਦੇ ਪ੍ਰੇਮੀ ਦੀ ਸੁਰਤਿ ਹੇਠਾਂ ਲਿਆ ਸਕੇ। ਉਹ ਹਰ ਤਰ੍ਹਾਂ ਦੀ ਮੁਸ਼ਕਲ ਹਰ ਔਕੜ ਨੂੰ ਪਿਆਰੇ ਵਲੋਂ ਜਾਣ ਕੇ ਇਹ ਮੰਗਦੇ ਹਨ :

*ਤੇਰਾ ਕੀਆ ਮੀਠਾ ਲਾਗੈ॥*
*ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥*

(ਆਸਾ ਮ:੫ ਪੰਨਾ:੩੯੪)

ਕਾਸ਼ ਦੁਨੀਆਂ ਦੇ ਦਾਨਿਆਂ ਨੂੰ ਸਮਝ ਆ ਜਾਵੇ ਕਿ ਸਾਂਈ ਦੇ ਫਕੀਰਾਂ ਨੂੰ ਕਲੇਸ਼ ਨਹੀਂ ਦੇਈਦਾ ਤਾਂ ਫਕੀਰਾਂ ਦੀ ਜੀਰਾਂਣ ਤੇ ਫਕੀਰਾਂ ਦਾ ਨਾਮ ਰੰਗ ਕਿਉਂ ਉਤਰੇ। ਚੰਦਨ ਨੂੰ ਕੁਹਾੜੇ ਵਜਨ ਤਾਂ ਉਹ ਖੁਸ਼ਬੂ ਦੀ ਬਾਣ ਨੂੰ ਕਿਉਂ ਤਿਆਗੇ, ਕੁਹਾੜੇ ਨਾਲ ਬੀ ਕੋਪ ਨਾ ਕਰੇ ਆਪਨੀ ਖੁਸ਼ਬੂ ਬੀ ਨਾ ਛੱਡੇ। ਦੁਨੀਆਂ ਦਾ ਕੋਈ ਸਲੂਕ ਸਾਡੀ ਸੁਰਤਿ ਹੇਠਾਂ ਨਾ ਕਰੇ।

*ਨਾਨਕ ਦੁਨੀਆ ਭਸੁ ਰੰਗੁ*
*ਭਸੂ ਹੂ ਭਸੁ ਖੇਹ॥*

(ਸਾਰੰਗ ਕੀ ਵਾਰ, ਮ:੪, ਸਲੋਕ ਮ: ੧, ਪੰਨਾ: ੧੨੪੦)

*ਨਾਨਕ ਦੁਨੀਆ ਕੈਸੀ ਹੋਈ॥*
*ਸਾਲਕੁ ਮਿਤੁ ਨ ਰਹਿਓ ਕੋਈ॥*
*ਭਾਈ ਬੰਧੀ ਹੇਤੁ ਚੁਕਾਇਆ॥*
*ਦੁਨੀਆ ਕਾਰਣਿ ਦੀਨੁ ਗਵਾਇਆ॥*

(ਸਲੋਕ ਵਾਰਾਂ ਤੇ ਵਧੀਕ, ਮ:੧, ਪੰਨਾ: ੧੪੧੦)

ਇਹ ਨਕਸ਼ੇ ਦੁਨੀਆਂਦਾਰਾਂ ਦੇ ਦੇਖ ਕੇ ਮੂਰਖ ਤੇ ਵਿਦਵਾਨ ਨਿਰਾਸ ਹੁੰਦੇ ਹਨ। ਛੇ ਸ਼ਾਸਤਰ ਇਸੇ ਨਿਰਾਸਤਾ ਵਿਚ ਲਿਖੇ ਗਏ ਅਰ ਸੰਸਾਰ ਤੋਂ ਭਜ ਜਾਣਾ, ਜੀਵਨ ਨੂੰ ਅਜੀਵਨ ਕਰ ਦੇਣਾ ਸਿਖਾ ਗਏ ਅਰ ਸਾਂਈਂ ਹੱਜ਼ੂਰੀ ਵਸਣ ਵਾਲੇ ਦੁਨੀਆਂ ਦਾ ਇਹ ਰੰਗ ਵੇਖ ਕੇ ਪਿਆਰੇ ਦੇ ਪਿਆਰ ਵਿਚ ਤਕੜੇ ਹੁੰਦੇ ਹਨ, ਹੋਰ ਉਚੇ ਹੁੰਦੇ ਹਨ। ਚੜ੍ਹਦੀਆਂ ਕਲਾਂ ਵਿਚ ਵਸਦੇ ਹਨ ਅਰ ਕਦੇ ਨਾ ਮਰਨ ਵਾਲੇ ਪ੍ਰਮੇਸਰ ਦੇ ਪ੍ਰੇਮ ਵਿਚ ਉਤਸਾਹਿਤ ਹੋ ਕੇ ਸਿਮਰਨ ਦੇ ਉਮਾਹ ਵਿਚ ਮੌਲਦੇ ਹਨ। ਫਕੀਰੀ ਰੁਸੇ ਰਹਿਣ, ਉਦਾਸ ਰਹਿਣ, ਢਠੇ ਰਹਿਣ, ਨਿਰਾਸਤਾ ਦਾ ਨਾਮ ਨਹੀਂ।

ਫਕੀਰੀ ਹੈ ਚੜ੍ਹਦੀਆਂ ਕਲਾਂ ਵਿਚ ਰਹਿਣਾ, ਖਿੜੇ ਰਹਿਣਾ, ਸਿਮਰਨ ਵਿਚ ਰਹਿਣਾ ਪਰ ਬਾਹਰੋਂ ਸ਼ਾਂਤ ਨਿਮਾਣੇ ਰੰਗ ਚ ਬੇਅਸਰ ਜੀਵਨ ਵਿਚ ਰਹਿਣਾ ਹੈ।

*ਨੀਚੇ ਲੋਇਨ ਕਰਿ ਰਹਉ ਲੇ ਸਾਜਨ ਘਟ ਮਾਹਿ॥*
*ਸਭ ਰਸ ਖੇਲਉ ਪੀਅ ਸਉ ਕਿਸੀ ਲਖਾਵਉ ਨਾਹਿ॥*
*ਆਠ ਜਾਮ ਚਉਸਠਿ ਘਰੀ ਤੁਅ ਨਿਰਖਤ ਰਹੈ ਜੀਉ॥*
*ਨੀਚੇ ਲੋਇਨ ਕਿਉ ਕਰਉ ਸਭ ਘਟ ਦੇਖਉ ਪੀਉ॥*

(ਸਲੋਕ ਕਬੀਰ, ਪੰਨਾ: ੧੩੭੭)

ਹਰ ਵੇਲੇ ਦੁਨੀਆ ਦੇ ਹਰ ਪ੍ਰਕਾਰ ਦੇ ਸਲੂਕਾਂ ਤੋਂ, ਅਜ਼ੀਜ਼ਾਂ ਦੀ ਹਰ ਤਰ੍ਹਾਂ ਦੀ ਵਰਤੋਂ ਤੋਂ, ਲੋਕਾਂ ਦੇ ਹਰ ਪ੍ਰਕਾਰ ਦੇ ਸਲੂਕਾਂ ਤੋਂ, ਲੋਕਾਂ ਦੇ ਹਰ ਪ੍ਰਕਾਰ ਦੇ ਵਾਕਾਂ ਤੋਂ ਬੇਅਸਰ ਰਹਿਣਾ, ਕਿਸੇ ਗਲੇ ਸੁਰਤਿ ਹੇਠਾਂ ਨਾ ਢਹਿਣ ਦੇਣੀ, ਅੰਦਰ ਜੋਤ ਜਗੇ, ਬਾਹਰ ਅੰਧਾਰੀ ਰਾਤ ਦਿਸੇ, ਅੰਦਰ ਮਾਲਾ ਮਾਲ, ਬਾਹਰ ਕੰਗਾਲ, ਅੰਦਰ ਚੜ੍ਹਦੀ ਕਲਾ, ਬਾਹਰ ਮਸਕੀਨ, ਅੰਦਰੋਂ ਕਲਗੀਆਂ ਵਾਲੇ ਨਾਲ ਗੱਲਾਂ, ਬਾਹਰ ਥੋੜਾ ਤੇ ਮਿਠਾ ਬੋਲੇ, ਅੰਦਰ ਸ਼ਹਿਨਸ਼ਾਹ, ਬਾਹਰੋਂ ਜੀਰਾਂਦ, ਧੀਰਜ ਤੇਂ ਝਲਣਾ। ਸੋ ਤਕੜੇ ਰਹੋ ਇਹ ਸਰੀਰ ਕੋਈ ਘੜ੍ਹੀ, ਕੋਈ ਦਿਨ, ਕੋਈ ਵਰ੍ਹੇ ਦਾ ਸੁਪਨਾ ਹੈ। ਜਿਤਨਾ ਸਮਾਂ ਮਿਲਿਆ ਹੈ ਇਕ ਦਿਨ ਬਿਰਥਾ ਨਾ ਜਾਵੇ, ਜੋ ਦਿਨ ਸੰਭਾਲ ਕੇ ਲੰਘਦਾ ਹੈ ਤਾਂ ਤਿੰਨੇ ਕਾਲ ਸੰਭਾਲੇ ਗਏ। ਹੁਣ ਦੀ ਛਿਨ ਤਾਂ ਪਲ ਨੂੰ ਬੀਤ ਗਿਆ ਸਮਾਂ ਬਣੇਗਾ, ਆਉਣ ਵਾਲਾ ਸਮਾਂ ਛਿਨ ਛਿਨ ਕਰਕੇ ਹਾਜ਼ਰ ਹੋਵੇਗਾ।

 www.sikhbookclub.com

ਹਾਜ਼ਰ ਛਿਨ ਨੂੰ, ਅਸਾਂ ਹੁਣ ਦੇ ਛਿਨ ਨੂੰ ਸੰਭਾਲ ਲਿਆ ਹੈ, ਉਹ ਕਾਲ ਸੰਭਾਲ ਲਏ ਹਨ। ਹੁਣ ਦੀ ਛਿਨ ਵਿਚ ਜੋ ਫਕੀਰ ਸਿਮਰਨ ਦੇ ਰਸ ਵਿਚ ਹੈ ਕਾਲ ਉਸ ਨੇ ਜਿੱਤ ਲਿਆ ਹੈ, ਮੌਤ ਤੇ ਉਸ ਨੇ ਫਤਹ ਪਾਈ ਹੈ ਕਾਲ ਦੀ ਤਾਕਤੋਂ ਉਹ ਅਕਾਲ ਹੋ ਗਿਆ ਹੈ। ਉਸ ਨੇ ਜੋਤ ਵਿਚ ਨਿਰੰਤਰ ਪਾਈ ਹੈ।'

ਆਪ ਦਾ ਹਿਤਕਾਰੀ,
ਵੀਰ ਸਿੰਘ

- o -

ਉਪਰੋਕਤ ਚਿੱਠੀ ਦੇ ਪਾਠ ਨੂੰ ਰਤਾ ਕੁ ਗੰਭੀਰ ਹੋ ਕੇ ਪੜ੍ਹਨ ਨਾਲ ਚਿੱਠੀ ਦੇ ਵਜੂਦ ਵਿਚ ਕੁਝ ਅੰਗ-ਅੰਸ਼ ਅਜਿਹੇ ਉਭਰੇ ਹੋਏ ਮਿਲਦੇ ਹਨ ਜੋ ਚਿੱਠੀ ਨੂੰ ਸਾਧਾਰਨ ਪੱਤਰ ਨਹੀਂ ਰਹਿਣ ਦਿੰਦੇ ਅਤੇ ਉਸ ਵਿਚ ਅਜਿਹੀ ਕਾਰਾਮਦ ਸਮੱਗਰੀ ਭਰ ਦਿੰਦੇ ਹਨ ਜੋ ਨਿਤ ਦੇ ਮਾਨਵੀ ਵਰਤਾਰੇ ਤੇ ਸੰਸਕ੍ਰਿਤੀ-ਨਿਰਮਾਨ ਵਿਚ ਅਤਿਅੰਤ ਸਹਾਇਕ ਸਿਧ ਹੁੰਦੀ ਹੈ। ਭਾਈ ਵੀਰ ਸਿੰਘ ਦੇ ਇਸ ਪੱਤਰ ਦਾ ਅਜਿਹਾ ਪੈਰਾਡਾਈਮ ਸਮਕਾਲੀ ਸਭਿਆਚਾਰ-ਨਿਰਮਾਨ ਦੇ ਵਿਗਿਆਨ ਦੇ ਜੋ ਪਰਿਪੇਖ ਸੰਰਚਨਵਾਦੀ ਚਿੰਤਨ ਤੇ ਇਸ ਤੋਂ ਪਾਰਲੇ ਚਿੰਤਨ ਵਿਚ ਉਘੜ ਰਹੇ ਹਨ, ਉਹ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਅਜਿਹੇ ਪੈਰਾਡਾਈਮ ਨਾਲ ਬਹੁਤ ਮੇਲ ਖਾਂਦੇ ਹਨ। ਅਸੀਂ ਬਹੁਤ ਵਜ਼ਾਹਤ ਵੱਲ ਨਾ ਜਾਂਦੇ ਹੋਏ, ਚਿੱਠੀ ਵਿਚੋਂ ਕੁਝ ਉਘੜਵੇਂ ਟੋਟਿਆਂ ਨੂੰ ਲੈ ਕੇ ਆਪਣੀ ਗੱਲ ਸਪੱਸ਼ਟ ਕਰਦੇ ਹਾਂ :-

*'ਸਤਿਗੁਰ ਜੀ ਨੇ ਲਿਖਿਆ ਹੈ:*
*ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ॥*
*ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ॥'*

(ਗਉੜੀ ਸੁਖਮਨੀ ਮ: ੫, ਪੰਨਾ: ੨੭੮)

 www.sikhbookclub.com

ਗੁਰਬਾਣੀ ਦੀ ਇਹ ਤੁਕ ਗੁਰਬਾਣੀ ਪਰੰਪਰਾ ਨਾਲ ਸੰਬੰਧਿਤ ਹਰ ਵਿਅਕਤੀ ਜਾਣਦਾ ਹੈ, ਪਰ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਇਸ ਤੁਕ ਨੂੰ ਅਗੋਂ ਕੁਝ ਹੋਰ ਤੁਕਾਂ ਤੇ ਵਾਕਾਂ ਰਾਹੀਂ ਇਕ ਨਵਾਂ ਪ੍ਰਸੰਗ ਦਿੱਤਾ ਹੈ, ਉਹ ਵਾਕ ਤੇ ਤੁਕਾਂ ਇਸ ਪ੍ਰਕਾਰ ਹਨ :

'ਫਕੀਰਾਂ ਦੀ ਗਰੀਬੀ ਗਦਾ ਹਮਾਰੀ ਹੁੰਦੀ ਹੈ। ਫ਼ਕੀਰ ਹਰ ਦਮ ਸਾਂਈਂ ਦੀ ਹਜ਼ੂਰੀ ਵਿਚ ਵਸਦਾ ਹੈ ਤੇ ਸੰਸਾਰ ਵਿਚ ਗੁਰਮੁਖ ਹਾਰ ਚਲੇ ਜਗ ਜੀਤਾ ਦੇ ਅਨੁਸਾਰ ਨਿਮਾਣਾ ਹੋ ਕੇ ਦਿਨ ਕਟਦਾ ਹੈ। ਪਰ ਇਹ ਗਰੀਬੀ, ਮਸਕੀਨੀ ਹਾਰ ਚਲਣਾ, ਨਿਮਾਣਪੁਣਾ ਸੁਰਿਤ ਦਾ ਢਾਣਾ ਨਹੀਂ ਹੈ।'

ਇਨ੍ਹਾਂ ਸਤਰਾਂ ਵਿਚ ਭਾਈ ਸਾਹਿਬ ਨੇ ਮਸਕੀਨ ਨੂੰ ਹੰਕਾਰੀ ਤੋਂ ਵੱਡਾ ਤੇ ਸੁਖੀ ਦਸਿਆ ਹੈ ਅਤੇ ਨਿਮਾਣਾ ਹੋ ਕੇ ਸੰਸਾਰ ਵਿਚ ਰਹਿਣ ਨੂੰ ਸੁਰਤਿ ਦੀ ਉਚਿਆਈ ਨੂੰ ਕਾਇਮ ਰਖਣਾ ਕਿਹਾ ਹੈ। ਇਹ ਤਾਂ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਆਪਣੀ ਸੰਸਥਾਮੂਲਕ ਵਿਆਖਿਆ ਹੈ, ਪਰ ਚਿੱਠੀ ਦੇ ਅਜੋਕੇ ਪਾਠਕ ਪਾਸੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਇਸ ਚਿੱਠੀ ਦੇ ਮੂਲ ਮੁਹਾਵਰੇ ਤੇ ਵਿਆਖਿਆਤ ਮੁਹਾਵਰੇ ਤੋਂ ਰਤਾ ਕੁ ਉਤਾਂਹ ਉਠ ਕੇ ਇਸ ਨੂੰ ਸਮੁੱਚੀ ਮਾਨਵੀ ਸੰਸਕ੍ਰਿਤੀ ਦੇ ਪ੍ਰਸੰਗ ਵਿਚ ਵਿਚਾਰ ਦਾ ਵਿਸ਼ਾ ਬਣਾਵੇ। ਅਜਿਹਾ ਕਰਦਿਆਂ ਇਹ ਪਤਾ ਲਗਦਾ ਹੈ ਕਿ ਮਸਕੀਨੀ, ਗਰੀਬੀ, ਨਿਮਰਤਾ ਤੇ ਹਾਰ, ਆਦਿ ਅਜਿਹੇ ਸੰਕਲਪ ਹਨ ਜੋ ਮਨੁੱਖ ਦੀ ਪਾਰਵਿਰਤਕ ਸ਼ਕਤੀ ਨੂੰ ਮੁਲਤਵੀ ਕਰਨ ਵਾਲੇ ਹਨ। ਪਾਰਵਿਰਤਕ ਸ਼ਕਤੀਆਂ ਰਾਹੀਂ ਮਨੁੱਖ ਹੰਕਾਰੀ ਹੁੰਦਾ ਹੈ ਅਤੇ ਨਿਮਰਤਾ ਤੇ ਗਰੀਬੀ ਨਾਲ ਸੰਬੰਧਿਤ ਸੰਕਲਪਾਂ ਦੁਆਰਾ ਮਨੁੱਖ ਗਰੀਬੀ ਮਸਕੀਨੀ ਨੂੰ ਆਪਣੀ ਮਾਨਵਤਾ ਦੇ ਵਿਕਾਸ ਦਾ ਆਧਾਰ ਬਣਾਂਦਾ ਹੈ। ਪੱਛਮ ਦੇ ਵਿਦਵਾਨ ਅਜੋਕੇ ਸਮੇਂ ਵਿਚ ਨਿਪੁੰਨਸਨ-ਗ੍ਰੰਥੀ ਨੂੰ ਸੰਸਕ੍ਰਿਤੀ-ਨਿਰਮਾਣ ਦਾ ਆਧਾਰ ਮੰਨਦੇ ਹਨ। ਭਾਰਤ ਵਿਚ ਇਹਦੇ ਮੁਕਾਬਲੇ ਦਾ ਸੰਕਲਪ ਅਹਿੰਸਾ ਹੈ। ਇਹ ਨਿਪੁੰਨਸਨ-ਗ੍ਰੰਥੀ ਅਸਲ ਵਿਚ ਪਰਵਿਰਤੀਆਂ ਨੂੰ ਪ੍ਰਤੀਕੀ ਨਿਯੰਤਰਣ ਵਿਚ ਲੈਣ ਵਾਲੀ ਅਜਿਹੀ ਮਾਨਸਿਕਤਾ ਹੈ ਜਿਸ ਨਾਲ ਮਾਨਵੀ ਸੰਸਕ੍ਰਿਤੀ, ਵਿਕਾਸ ਦੇ ਰਾਹ ਉਤੇ ਪਈ ਰਹਿੰਦੀ ਹੈ।

ਪਾਰਵਿਰਤਕ ਸ਼ਕਤੀ, ਅਸਲ ਵਿਚ ਮਨੁੱਖ ਦੀ ਹਉਮੈ ਹੈ ਜਿਸ ਦੀ ਮਦਦ ਨਾਲ ਹਰ ਮਨੁੱਖ ਹਰ ਤਰ੍ਹਾਂ ਦੀ ਸੰਸਾਰਕ ਸ਼ਕਤੀ ਇਕੱਤਰ ਕਰਕੇ ਦੂਸਰਿਆਂ ਨੂੰ ਦਬਾਉਣ ਲਈ ਉਸ ਦਾ ਅਨੁਚਿਤ ਪ੍ਰਯੋਗ ਕਰਦੀ ਹੈ। ਇਹ ਸ਼ਕਤੀ ਕਾਮ, ਕਰੋਧ, ਲੋਭ, ਮੋਹ, ਹੰਕਾਰ, ਆਦਿ ਰਾਹੀਂ ਪ੍ਰਗਟ ਹੁੰਦੀ ਰਹਿੰਦੀ ਹੈ। ਪਰ ਇਸ

ਸ਼ਕਤੀ ਦਾ ਪ੍ਰਯੋਗ ਕਰਨ ਵਾਲਾ ਸ਼ਕਤੀਵਰ ਹੁੰਦਾ ਹੋਇਆ, ਜਾਬਰ, ਜ਼ਾਲਮ, ਜਰਵਾਣਾ, ਬਦਮਸਤ ਤੇ ਅੰਨ੍ਹਾ ਬੋਲਾ ਹੁੰਦਾ ਹੈ। ਪਰੰਤੂ ਇਸ ਦੇ ਐਨ ਉਲਟ ਇਸ ਸ਼ਕਤੀ ਨੂੰ ਮਾਨਵੀ ਵਿਕਾਸ ਦੇਣ ਵਾਲੀ, ਸੰਸਕ੍ਰਿਤੀ ਵਿਚ ਬਦਲਣ ਵਾਲੀ ਇਕ ਵਿਧੀ ਹੈ। ਇਹ ਵਿਧੀ ਭਾਸ਼ਾ ਦੇ ਸ਼ਬਦ ਰਾਹੀਂ ਸਾਹਮਣੇ ਆਉਂਦੀ ਹੈ। ਭਾਸ਼ਾ ਆਪਣੇ ਆਪ ਵਿਚ ਇਕ ਮਨਸੂਈ ਪ੍ਰਬੰਧ ਹੈ ਅਤੇ ਭਾਸ਼ਾ ਦਾ ਹਰ ਸ਼ਬਦ ਪਾਰਵਿਰਤੀਆਂ ਦੇ ਅੰਨ੍ਹੇ ਵੇਗ ਨੂੰ ਉਲੰਘ ਕੇ ਬਣਿਆ ਇਕ ਸੁਗਠਿਤ ਚਿਹਨ ਹੈ। ਇਸ ਦਾ ਕਾਰਜ, ਪਾਰਵਿਰਤਕ ਸ਼ਕਤੀ ਦੀ ਜਰਵਾਣੀ ਪਰਵਿਰਤੀ ਨੂੰ ਨਿਰੋਧ ਕੇ, ਅਰਥ ਸਿਰਜਨ ਦੇ ਪਸਾਰ ਵਿਚ ਪਾਉਣਾ ਹੈ। ਇਸੇ ਸੰਦਰਭ ਵਿਚ ਨਿਪੁੰਨਸਨ-ਗ੍ਰੰਥੀ ਇਸ ਲਈ ਹੈ ਕਿ ਇਸ ਦੁਆਰਾ ਪਾਰਵਿਰਤਕ ਨਿਰੰਤਰਤਾ ਨੂੰ ਸੋਧਿਆ ਪ੍ਰਬੋਧਿਆ ਜਾਂਦਾ ਹੈ ਅਤੇ ਮਨੋ-ਬਿਰਤੀਆਂ ਨੂੰ ਇਕਾਗਰ ਕਰਕੇ ਮਾਨਵਤਾ ਦੇ ਰਾਹ ਉਤੇ ਪਾ ਦਿੱਤੇ ਜਾਂਦਾ ਹੈ। ਇਸ ਨੂੰ ਪ੍ਰਤੀਕ-ਪਾਸਾਰ ਇਸ ਲਈ ਕਿਹਾ ਜਾਂਦਾ ਹੈ ਕਿ ਇਹ ਦੇਸ, ਕਾਲ, ਕਾਰਨ ਦੇ ਪ੍ਰਸੰਗ ਵਿਚ ਵਿਚਰਦੀਆਂ ਪ੍ਰਾਕਿਰਤਿਕ ਹੋਂਦਾਂ ਦੀ ਗੈਰ-ਮਰਯਾਦਾ ਵਿਚ ਤਾਂ ਪੇਸ਼ ਕੀਤਾ ਹੀ ਗਿਆ ਹੈ, ਪਰ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਤਾਂ ਇਸ ਨੂੰ ਉਚੇਰੇ ਤੇ ਆਦਰਸ਼ੀ ਮਾਨਵੀ ਚਰਿੱਤਰ ਨੂੰ ਘੜਨ ਦਾ ਬੁਨਿਆਦੀ ਰਾਹ ਦੱਸਿਆ ਹੈ। ਇਹ ਗੱਲ ਭਾਈ ਸਾਹਿਬ ਜੀ ਨੇ ਕਈ ਥਾਈਂ ਪ੍ਰਗਟਾਈ ਹੈ ਅਤੇ ਚਿਠੀਆਂ ਵਿਚ ਇਸ ਨੂੰ ਸੰਸਾਰਕ ਵਿਗੋਚਿਆਂ ਤੇ ਇਨ੍ਹਾਂ ਵਿਗੋਚਿਆਂ ਨੂੰ ਉਲੰਘ ਕੇ ਮਾਨਸਿਕਤਾ ਦੇ ਵਿਗਚੇ ਸੰਤੁਲਨ ਨੂੰ ਕਾਇਮ ਰਖਣ ਲਈ ਵਰਤੋਂ ਵਿਚ ਲਿਆਂਦਾ ਹੈ। ਇਹੋ ਪ੍ਰਵਿਰਤੀ ਮਨੁੱਖ ਨੂੰ ਸੰਸਕ੍ਰਿਤੀ ਵਿਕਾਸ ਦੇ ਰਾਹ ਉਤੇ ਪਾਈ ਰਖਦੀ ਹੈ ਅਤੇ ਇਹ ਵਿਕਾਸ, ਜਗਿਆਸਾਮੂਲਕ ਪਾਸਾਰ ਵਿਚ ਪ੍ਰਯਤਨਸ਼ੀਲ ਹੋ ਕੇ ਚਲਣ ਨਾਲ ਸੰਬੰਧਿਤ ਹੈ। ਇਸ ਵਿਚ ਮਨੁੱਖ ਆਪਦੀਆਂ ਜੈਵਿਕ ਘਾਟਾਂ ਨੂੰ ਮੰਨ ਕੇ, ਇਨ੍ਹਾਂ ਨੂੰ ਪੂਰਨ ਦੇ ਰਾਹ ਉਤੇ ਪੈਂਦਾ ਹੈ। ਤੇ ਜਿਉਂ-ਜਿਉਂ ਉਹ ਇਸ ਪਾਸੇ ਵੱਲ ਵਧਦਾ ਹੈ, ਤਿਉਂ-ਤਿਉਂ ਉਸ ਨੂੰ ਘਾਟਾਂ ਉਪਰ ਨਿਯੰਤ੍ਰਣ ਪਾਉਣ ਦੀ ਪ੍ਰੇਰਨਾ ਹੀ ਮਿਲਦੀ ਹੈ। ਇਸ ਤਰ੍ਹਾਂ ਇਹ ਨਿਰੰਤਰ ਜਗਿਆਸਾ ਦਾ ਸਫ਼ਰ ਬਣ ਜਾਂਦਾ ਹੈ ਅਤੇ ਇਸ ਵਿਚ ਫ਼ਕੀਰੀ ਸੁਰਤਿ, ਗਿਆਨ ਦੀ ਮਦਦ ਨਾਲ ਹਰ ਸਮੱਸਿਆ ਨਾਲ ਖਿੜੇ ਮੱਥੇ ਨਜਿੱਠਦੀ ਚਲੀ ਜਾਂਦੀ ਹੈ। ਅਸਲ ਵਿਚ ਇਹ ਰਾਹ ਸਤਿਗੁਰੂਆਂ ਦਾ ਦੱਸਿਆ ਰਾਹ ਹੈ। ਪੰਜਾਬ ਵਿਚ ਸਤਿਗੁਰੂਆਂ ਨੇ ਵਾਸਤਵਿਕਤਾ ਤੇ ਜੈਵਿਕਤਾ ਨੂੰ ਰੂਪਾਂਤਰਣ ਦੇ ਕੇ ਜਗਿਆਸਾਮੂਲਕ ਤਹਿਕੀਕ ਦਾ ਪ੍ਰਤੀਕੀ ਆਯਾਮ ਤਿਆਰ ਕੀਤਾ। ਸੰਸਕ੍ਰਿਤੀ ਨਿਰਮਾਨ ਵਿਚ

ਵੇਚਾਰਧਾਰਾ ਤੇ ਪ੍ਰਤੀਕ ਦੇ ਆਪਸੀ ਦਵੰਦਾਤਮਕ ਰਿਸ਼ਤੇ ਨੂੰ ਪੂਰੀ ਚੇਤਨਤਾ ਤੇ ਤਨਦੇਹੀ ਨਾਲ ਉਘਾੜਨ ਦਾ ਯਤਨ ਕੀਤਾ। ਵਿਚਾਰਧਾਰਾ ਜਨਮ ਨਾਲ ਪ੍ਰਾਪਤ ਜੈਵਿਕਤਾ ਨੂੰ ਰੂਪਾਂਤਰਣ ਦਿੰਦੀ ਹੈ ਤੇ ਜਿਉਂ ਹੀ ਉਹ ਇਸ ਕਾਰਜ ਵਿਚ ਪੈਂਦੀ ਹੈ, ਕੁਹਰਾਮ ਮੂਲਕ ਪਾਰਵਿਰਤਕ ਸ਼ਕਤੀਆਂ, ਸੰਜਮਪਰਕ ਮਾਨਵ ਸਭਿਆਚਾਰ ਵਿਚ ਤਬਦੀਲ ਹੁੰਦੀਆਂ ਜਾਂਦੀਆਂ ਹਨ ਤੇ ਪ੍ਰਤੀਕ ਅਜਿਹੇ ਸਾਰੇ ਪਾਸਾਰ ਨੂੰ ਨਾਲੋ-ਨਾਲ ਇਕ ਸੁਗਠਵੇਂ ਪ੍ਰਗਟਾਵੇ ਵਿਚ ਨਿਸ਼ਚਿਤ ਕਰਦਾ ਚਲਾ ਜਾਂਦਾ ਹੈ। ਇਸ ਤਰ੍ਹਾਂ ਜੈਵਿਕ ਸ਼ਕਤੀ ਤੋਂ ਮਾਨਵਤਾ ਵਿਚ ਪਰਵੇਸ਼ ਕਰਨਾ ਹੀ, ਪ੍ਰਾਕਿਰਤਿਕ ਸ਼ਕਤੀ ਤੋਂ, ਮਸਕੀਨੀ ਤੇ ਫ਼ਕੀਰੀ ਵਾਲੀ ਅਵਸਥਾ ਵਿਚ ਜਾਣਾ ਹੈ। ਇਉਂ ਅਸੀਂ ਅਜਿਹੇ ਨੁੱਟੇ ਉਤੇ ਪੰਹੁਚ ਜਾਂਦੇ ਹਾਂ ਜਿਥੇ ਕਿ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਆਪਣੇ ਅੰਤਰ ਵਿਚ ਸੰਸਾਰੀ ਵਿਹਾਰਕਤਾ ਤੋਂ ਗਿਆਨਮੂਲਕ ਮਾਨਵਤਾ ਵੱਲ ਜਾਣ ਦਾ ਸਫ਼ਰ ਕਰਨ ਦੀ ਪ੍ਰਕਿਰਿਆ ਦੱਸ ਰਹੇ ਹਨ ਅਤੇ ਇਸੇ ਰਾਹੀਂ ਉਹ ਆਪਣੇ ਹਿਤਕਾਰੀਆਂ ਨੂੰ ਸੰਸਾਰਕ ਮਸਲਿਆਂ ਨਾਲ ਨਜਿਠ ਸਕਣ ਦੀ ਜੁਗਤ ਵੀ ਦਰਸਾਂਦੇ ਹਨ।

ਇਸ ਚਿੱਠੀ ਵਿਚ ਹੋਰ ਵੀ ਅਜਿਹੀ ਸਾਮੱਗਰੀ ਖਾਸੀ ਮਾਤਰਾ ਵਿਚ ਮੌਜੂਦ ਹੈ, ਜੋ ਗੁਰਮੁਖ, ਫ਼ਕੀਰ ਤੇ ਮਸਕੀਨ ਦੀ ਵਿਆਖਿਆ, ਉਚੇਰੀ ਸੁਰਤਿ ਵਾਲੀ ਮਾਨਸਿਕਤਾ ਦੇ ਅਰਥਾਂ ਵਿਚ ਕਰਦੀ ਹੈ ਅਤੇ ਆਪਣੀ ਚੜ੍ਹਦੀ ਕਲਾ ਨੂੰ ਨਿਪੁੰਨਸਨ-ਗ੍ਰੰਥੀ ਦੇ ਵਿਕਾਸ-ਪਰਕ ਆਯਾਮ ਨਾਲ ਜੋੜਦੀ ਹੈ ਅਤੇ ਕਹਿੰਦੀ ਹੈ :

*ਨੀਚੇ ਲੋਇਨ ਕਰਿ ਰਹਉ ਲੇ ਸਾਜਨ ਘਟ ਮਾਹਿ॥*
*ਸਭ ਰਸ ਖੇਲਉ ਪੀਅ ਸਉ ਕਿਸੀ ਲਖਾਵਉ ਨਾਹਿ॥*

(ਸਲੋਕ ਕਬੀਰ, ਪੰਨਾ: ੧੩੭੭)

ਤੇ ਇਸ ਗੱਲ ਨੂੰ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਇਥੋਂ ਤੱਕ ਲੈ ਜਾਂਦੇ ਹਨ ਕਿ ਅੰਤ ਉਤੇ ਉਹ ਇਹ ਦੱਸਦੇ ਹਨ ਕਿ ਫ਼ਕੀਰ, ਗੁਰਮੁਖ ਤੇ ਮਸਕੀਨ ਸੰਸਾਰਕ ਵਸਤਾਂ ਦੀ ਹਾਜ਼ਰੀ ਵਾਲੇ ਜਗਤ ਨੂੰ, ਸਿਮਰਨ ਦਾ ਰਸ ਦੇਣ ਵਾਲੀ ਹਜ਼ੂਰੀ ਵਿਚ ਬਦਲ ਲੈਂਦਾ ਹੈ। ਯਾਦ ਰਹੇ ਸਿਮਰਨ ਵਸਤੂ-ਹਾਜ਼ਰੀ ਨਾਲੋਂ, ਵਸਤੂ-ਗੈਰਹਾਜ਼ਰੀ ਦੇ ਵਧੇਰੇ ਨੇੜੇ ਹੈ ਅਤੇ ਜਿਉਂ-ਜਿਉਂ ਵਸਤੂ-ਗੈਰਹਾਜ਼ਰੀ ਵੱਧਦੀ ਹੈ ਤਿਉਂ-ਤ੍ਰਿਉਂ ਫ਼ਕੀਰੀ ਸੁਰਤਿ ਉਘੜਦੀ ਆਉਂਦੀ ਹੈ। ਪੱਛਮੀ ਵਿਦਵਾਨ ਇਸ ਗਤੀ

ਨੂੰ ਨਿਪੁੰਨਸਨ-ਗ੍ਰੰਥੀ ਦੇ ਸਮਝਣ ਦੇ ਨਾਲ-ਨਾਲ, ਵਾਸਤਵਿਕਤਾ ਨੂੰ ਨਿਰੰਤਰ ਮੁਲਤਵੀ ਕਰਦੇ ਰਹਿਣ ਦੀ ਪ੍ਰਕਿਰਿਆ ਰਾਹੀਂ ਵੀ ਸਮਝਦੇ ਹਨ। ਅਸਲ ਵਿਚ ਇਹ ਦਿਸ਼ਾ ਸੰਸਾਰਿਕਤਾ ਜਾਂ ਵਾਸਤਵਿਕਤਾ ਨੂੰ ਰੂਪਾਂਤ੍ਰਿਤ ਕਰਕੇ, ਸੰਸਕ੍ਰਿਤੀ-ਨਿਰਮਾਨ ਦੇ ਰਾਹ ਉਤੇ ਪਾਣ ਵਾਲੀ ਹੈ। ਤੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਆਪਣੇ ਪੱਤਰਾਂ ਵਿਚ ਇਸ ਦਿਸ਼ਾ ਨੂੰ ਉਘਾੜਨ ਲਈ ਪ੍ਰਯਤਨਸ਼ੀਲ ਰਹਿੰਦੇ ਹਨ। ਇਸੇ ਆਧਾਰ ਉਤੇ ਅਸੀਂ ਭਾਈ ਸਾਹਿਬ ਦੇ ਪੱਤਰਾਂ ਨੂੰ ਸਾਰਥਕ ਪ੍ਰਵਚਨ ਵੀ ਕਹਿ ਸਕਦੇ ਹਾਂ।

ਉਪਰੋਕਤ ਚਿੱਠੀ ਦੇ ਪਾਠ ਤੋਂ ਸਾਨੂੰ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਪੱਤਰ/ਪ੍ਰਵਚਨ ਦਾ ਪੈਰਾਡਾਈਮ ਪ੍ਰਾਪਤ ਹੁੰਦਾ ਹੈ। ਭਾਈ ਸਾਹਿਬ ਆਪਣੀਆਂ ਸਾਰੀਆਂ ਚਿੱਠੀਆਂ ਵਿਚ ਪੈਰਾਡਾਈਮ ਇਹੀ ਵਰਤੋਂ ਵਿਚ ਲਿਆਂਦੇ ਹਨ। ਅਸਲ ਵਿਚ ਪੈਰਾਡਾਈਮ ਅਜਿਹੀ ਘੜੀ ਹੋਈ ਮਾਨਸਿਕਤਾ ਨੂੰ ਕਿਹਾ ਜਾਂਦਾ ਹੈ ਜੋ ਕਿਸੇ ਦ੍ਰਿਸ਼ਟੀ ਜਾਂ ਸਿਧਾਂਤ ਨਾਲ ਰੂੜ੍ਹ ਹੋ ਕੇ ਜੀਵਨ ਦੇ ਮਸਲਿਆਂ ਨਾਲ ਨਜਿੱਠਣ ਦੇ ਯੋਗ ਹੁੰਦੀ ਹੈ। ਇਸ ਲਈ ਇਸ ਦਾ ਦੁਹਰਾਉ ਤਾਂ ਹੁੰਦਾ ਹੀ ਹੁੰਦਾ ਹੈ। ਹਾਂ, ਪ੍ਰਸੰਗ ਤੇ ਸਾਮੱਗਰੀ ਜ਼ਰੂਰ ਬਦਲਦੀ ਹੈ। ਆਪਣੀ ਇਸੇ ਗੱਲ ਨੂੰ ਅੱਗੇ ਤੋਰਦਿਆਂ ਅਸੀਂ ਆਪਣੇ ਵਿਚਾਰਾਂ ਦੀ ਪ੍ਰੋੜ੍ਹਤਾ ਲਈ ਇਕ ਹੋਰ ਚਿੱਠੀ ਆਪਣੇ ਸਨਮੁਖ ਕਰਦੇ ਹਾਂ।

- o -



www.sikhbookclub.com

**੧ੴ ਸ੍ਰੀ ਵਾਹਗੁਰੂ ਜੀ ਕੀ ਫਤਹ॥**

ਅੰਮ੍ਰਿਤਸਰ-੧੯੧੧

ਪਵਿਤ੍ਰਾਤਮਾ ਜੀ,

ਇਨਸਾਨੀ ਜੀਵਨ ਇਕ ਬੜੀ ਖੂਬਸੂਰਤ ਤੇ ਅਮੋਲਕ ਵਸਤੂ ਹੈ। ਸੰਸਾਰ ਯਾਤਰਾ ਤੇ ਗ੍ਰਿਹਸਤ ਆਸ਼ਰਮ ਇਕ ਬਰਕਤ ਹੈ। ਸਰੀਰ ਤੇ ਸਰੀਰ ਦੇ ਕਾਰਯ ਪਵਿਤਰ ਕਾਰਖਾਨਾ ਹੈ।

ਇਸ ਸਾਰੇ ਦੀ ਦਰੁਸਤ ਸਮਝ ਤੇ ਦਰੁਸਤ ਵਰਤੋਂ ਨਾਲ ਸੁਖ ਅਰ ਆਨੰਦ ਵਧਦਾ ਹੈ। ਜੀਵ ਦਾ ਪ੍ਰਯੋਜਨ ਖੁਸ਼ੀ ਨੂੰ ਲੱਭਣਾ ਹੈ। ਦਰੁਸਤ ਖੁਸ਼ੀ ਤਦੇ ਲੱਭਦੀ ਹੈ ਜਦੋਂ ਆਦਮੀ ਆਪਣੇ ਅੰਦਰ ਆਪਣੇ ਆਪ ਦਾ ਮਾਲਕ ਤੇ ਕੁਦਰਤ (nature) ਨਾਲ ਕਰਤਾ ਸੰਬੰਧ (Subjective ਤੁਅੱਲਕ) ਪ੍ਰਾਪਤ ਕਰ ਲੈਂਦਾ ਹੈ, ਪਰ ਸਭ ਕੁਛ ਤੇ ਸਾਰੀ ਰਚਨਾ ਏਸ ਨੂੰ ਪਾਲਦੀ, ਸੁਖ ਦੇਂਦੀ ਤੇ ਖੁਸ਼ ਕਰਦੀ ਹੈ। ਮਨੁੱਖ ਵਾਹਿਗੁਰੂ ਦੀ ਅੰਸ਼ ਹੋਣ ਕਰਕੇ ਬੜੀ ਉੱਚੀ ਸ਼ੈ ਹੈ। ਝੂਠੇ ਤਿਆਗ, ਹਠ, ਵੈਰਾਗ ਤੇ ਸਾਧਨ ਫਜ਼ੂਲ ਹਨ। ਵਾਹਿਗੁਰੂ ਨਾਲ ਜੁੜੇ ਰਹਿਣਾ, ਉੱਚਾ ਪਵਿੱਤਰ ਜੀਵਨ ਬਨਾਣਾ ਤੇ ਗੁਰੂ ਨਾਨਕ ਦੇਵ ਨੂੰ ਜੀਉਂਦਾ ਜਾਗਦਾ ਸਮਝ ਕੇ ਬਾਣੀ ਦਾ ਰਸ ਲੈਣਾ ਇਹ Subjective ਹਾਲਤ ਤੇ ਲੈ ਜਾਂਦੇ ਹਨ।

ਮੇਰੇ ਵਲੋਂ ਪਤੇਂ ਦੀ ਬਹੁਤ ਲੋੜ ਨਾ ਰਖਿਆ ਕਰੋ। ਕਿਉਂਕਿ ਸਬਕ ਇਕੋ ਇਉਂ ਹੀ ਹੈ, ਹਜ਼ੂਰੀ ਤੇ ਸਿਮਰਨ ਨੇ ਹੀ ਕਲਿਆਨ ਕਰਨੀ ਹੈ। ਇਥੇ ਆਨੰਦ ਤੇ ਅਗੇ ਸੁਖ ਦੇਣਾ ਹੈ।

ਆਪ ਦਾ ਹਿਤਕਾਰੀ,
ਵੀਰ ਸਿੰਘ

– o –



www.sikhbookclub.com

ਉਪਰੋਕਤ ਚਿੱਠੀ ਇਕ ਵੱਖਰੇ ਦ੍ਰਿਸ਼ਟੀ-ਬਿੰਦੂ ਤੋਂ ਪਹਿਲੀ ਚਿੱਠੀ ਵਿਚ ਨਿਸ਼ਚਿਤ ਪੈਰਾਡਾਈਮ ਨੂੰ ਅੱਗੇ ਤੋਰਦੀ ਹੈ। ਬੁਨਿਆਦੀ ਧਾਰਨਾ ਤਾਂ ਇਹ ਹੀ ਹੈ ਕਿ ਮਨੁੱਖ ਨੇ ਆਦਰਸ਼ੀ ਪਾਸਾਰ ਦੀ ਯਾਤਰਾ ਲਈ ਪ੍ਰਦੱਤ ਜੈਵਿਕਤਾ ਦਾ ਰੂਪਾਂਤਰਣ ਕਰਨਾ ਹੈ, ਪਰੰਤੂ ਇਥੇ ਰੂਪਾਂਤਰਣ ਦੀ ਇਸ ਪ੍ਰਕਿਰਿਆ ਵਿਚ ਆਧਾਰ-ਸੰਰਚਨਾ ਦੀ ਅਹਿਮੀਅਤ ਨੂੰ ਮਾਨਵੀ ਜੀਵਨ ਦੇ ਪ੍ਰਸੰਗ ਵਿਚ ਦ੍ਰਿੜ੍ਹ ਕੀਤਾ ਗਿਆ ਹੈ। ਆਧਾਰ-ਸੰਰਚਨਾ ਬੁਨਿਆਦ ਹੁੰਦੀ ਹੈ ਅਤੇ ਬੁਨਿਆਦ ਉਪਰ ਹੀ ਹੋਰ ਸੰਰਚਨਾਵਾਂ ਦੀ ਉਸਾਰੀ ਕੀਤੀ ਜਾਂਦੀ ਹੈ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਇਸ ਨੂੰ ਮਾਨਵੀ ਜੈਵਿਕਤਾ ਤੇ ਮਾਨਵਤਾ ਦੇ ਪ੍ਰਸੰਗ ਵਿਚ ਰਖ ਕੇ ਵੇਖਦੇ ਹਨ। ਇਸ ਚਿੱਠੀ ਦਾ ਪਹਿਲਾ ਪੈਰ੍ਹਾ ਹੀ ਅਤਿਅੰਤ ਸੰਖੇਪ ਰੂਪ ਵਿਚ ਮਾਨਵੀ ਸਰੀਰਕਤਾ ਤਥਾ ਜੈਵਿਕਤਾ ਦੀ ਮਹੱਤਤਾ ਨੂੰ ਦਰਸਾਂਦਾ ਹੈ ਅਤੇ ਇਸ ਗੱਲ ਦੀ ਤੰਬੀਹ ਕਰਦਾ ਹੈ ਕਿ ਆਦਰਸ਼ੀ ਪਾਸਾਰ ਵਿਚ ਵਿਕਾਸ ਕਰਨ ਲਈ ਜੈਵਿਕਤਾ ਤਥਾ ਸਰੀਰਕਤਾ ਨੂੰ ਕਿਸੇ ਸੂਰਤ ਵਿਚ ਵੀ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਸ ਨੂੰ ਨਾਲ ਲੈ ਕੇ ਹੀ ਰੂਪਾਂਤਰਣ ਦੀ ਅਗਲੀ ਪ੍ਰਕਿਰਿਆ ਕਾਰਜਸ਼ੀਲ ਹੁੰਦੀ ਹੈ। ਭਾਈ ਸਾਹਿਬ ਕਹਿੰਦੇ ਹਨ:

'ਇਨਸਾਨੀ ਜੀਵਨ ਇਕ ਖ਼ੂਬਸੂਰਤ ਤੇ ਅਮੋਲਕ ਵਸਤੂ ਹੈ, ਸੰਸਾਰ ਯਾਤਰਾ ਤੇ ਗ੍ਰਿਹਸਤ ਆਸ਼ਰਮ ਇਕ ਬਰਕਤ ਹੈ। ਸਰੀਰ ਤੇ ਸਰੀਰ ਦੇ ਕਾਰਯ, ਪਵਿਤਰ ਕਾਰਖਾਨਾ ਹੈ।'

ਇਸ ਪੈਰ੍ਹੇ ਵਿਚ ਸਭ ਤੋਂ ਪਹਿਲਾਂ ਤਾਂ ਜੈਵਿਕਤਾ ਨੂੰ ਅਤਿਅੰਤ ਭਰਪੂਰ ਸਵੀਕਰਨ ਦਿੱਤਾ ਗਿਆ ਹੈ। ਆਮ ਤੌਰ 'ਤੇ ਅਖਾਉਤੀ ਅਧਿਆਤਮਤਾ ਸਰੀਰ ਦੇ ਸਿੱਧੇ ਤਿਆਗ ਉਤੇ ਜ਼ੋਰ ਦਿੰਦੀ ਹੈ, ਪਰ ਭਾਈ ਸਾਹਿਬ ਜੀ ਨੇ ਗੁਰਮਰਯਾਦਾ ਦੁਆਰਾ ਪ੍ਰਾਪਤ ਕੀਤੀ ਵਿਸ਼ਵ-ਦ੍ਰਿਸ਼ਟੀ ਦੇ ਆਧਾਰ ਉਤੇ ਸਰੀਰ ਨੂੰ ਤੇ ਗ੍ਰਿਹਸਤ ਆਸ਼ਰਮ ਅੰਦਰ ਮਨੁੱਖ ਦੀ ਰਹਤਲ ਨੂੰ ਪੂਰੀ ਤਰ੍ਹਾਂ ਸਵੀਕਾਰ ਕੀਤਾ ਹੈ ਅਤੇ ਗੱਲ ਹੈ ਵੀ ਠੀਕ। ਆਖ਼ਰਕਾਰ ਨਾਮ-ਆਯਾਮ ਜਾਂ ਸਾਂਸਕ੍ਰਿਤਿਕ ਵਿਕਾਸ ਦੀ ਦਿਸ਼ਾ ਨੇ ਮਾਨਵੀ ਸਰੀਰ ਦੇ ਆਧਾਰ ਉਤੇ ਹੀ ਉਜਾਗਰ ਹੋਣਾ ਹੈ ਤੇ ਫਿਰ ਇਸੇ ਸਰੀਰ ਨੂੰ ਰੂਪਾਂਤ੍ਰਿਤ ਵੀ ਕਰਨਾ ਹੈ।

ਇਸ ਤੋਂ ਉਪਰੰਤ ਅਗਲੀ ਗੱਲ ਜੋ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਇਕ ਰੂੜ੍ਹ ਧਾਰਨਾ ਵਜੋਂ ਮਾਨਵੀ ਜੈਵਿਕਤਾ ਅਤੇ ਸਰੀਰਕਤਾ ਬਾਰੇ


www.sikhbookclub.com

ਸਹਿਜੇ ਹੀ ਪੇਸ਼ ਕਰ ਦਿੱਤੀ ਹੈ, ਉਹ ਸਰੀਰ ਨੂੰ ਉਸ ਦੇ ਸਮੁੱਚੇ ਕਾਰਜਾਂ ਸਮੇਤ ਕਾਰਖ਼ਾਨੇ ਦੇ ਅਰਥਾਂ ਵਿਚ ਗ੍ਰਹਿਣ ਕਰਨਾ ਹੈ। ਸਾਂਸਕ੍ਰਿਤਿਕ ਵਿਗਿਆਨ ਅਜੋਕੇ ਮੁਹਾਵਰੇ ਵਿਚ ਇਸ ਨੂੰ ਸਰੀਰ ਦੀ ਤਕਨਾਲੋਜੀ ਕਹਿੰਦਾ ਹੈ ਅਤੇ ਇਸ ਤਕਨਾਲੋਜੀ ਸਦਕਾ ਮਾਨਵੀ ਸਰੀਰ ਨੂੰ ਇਕ ਜਗਿਆਸਾਪਰਕ ਮਸ਼ੀਨ ਦੇ ਅਰਥਾਂ ਵਿਚ ਗ੍ਰਹਿਣ ਕਰਦਾ ਹੈ। ਇਸੇ ਲਈ ਭਾਈ ਸਾਹਿਬ ਚਿੱਠੀ ਦੇ ਦੂਜੇ ਪੈਰ੍ਹੇ ਵਿਚ ਇਹ ਕਹਿੰਦੇ ਹਨ ਕਿ ਇਸ ਸਰੀਰਕ ਕਾਰਖਾਨੇ ਦੀ ਦਰੁਸਤ ਸਮਝ ਤੇ ਦਰੁਸਤ ਵਰਤੋਂ ਨਾਲ ਸੁਖ ਤੇ ਅਨੰਦ ਵਧਦਾ ਹੈ। ਸਪੱਸ਼ਟ ਹੈ ਕਿ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਮਨੁੱਖੀ ਸਰੀਰ ਨੂੰ ਜਗਿਆਸਾਪਰਕ ਮਸ਼ੀਨ ਵਾਂਗ ਗ੍ਰਹਿਣ ਕਰ ਰਹੇ ਹਨ ਅਤੇ ਦੱਸਦੇ ਹਨ ਕਿ ਇਸ ਮਸ਼ੀਨ ਦੀ ਦਰੁਸਤ ਵਰਤੋਂ ਮਨੁੱਖ ਨੂੰ ਇਕ ਵਿਸ਼ੇਸ਼ ਪ੍ਰਕਾਰ ਦੀ ਖੁਸ਼ੀ ਦੀ ਪ੍ਰਾਪਤੀ ਦੇ ਮਨੋਰਥ ਨਾਲ ਜੋੜਦੀ ਹੈ। ਵਿਸ਼ੇਸ਼ ਪ੍ਰਕਾਰ ਦੀ ਖੁਸ਼ੀ ਤੋਂ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਜੈਵਿਕਤਾ ਤੇ ਸਰੀਰਕਤਾ ਦੇ ਹੇਠਾਂ ਕਾਰਜਸ਼ੀਲ ਪਾਤਾਲਪੁਰੀ ਵਾਲੀ ਖੁਸ਼ੀ ਨਹੀਂ, ਸਗੋਂ ਇਹ ਖੁਸ਼ੀ ਜਗਿਆਸਾ ਨਾਲ ਸੰਬੰਧਿਤ ਆਕਾਸ਼-ਲੋਕ ਦੀ ਖੁਸ਼ੀ ਹੈ ਅਤੇ ਇਹ ਖੁਸ਼ੀ ਭਾਈ ਸਾਹਿਬ ਅਨੁਸਾਰ ਉਦੋਂ ਪ੍ਰਾਪਤ ਹੁੰਦੀ ਹੈ ਜਦੋਂ ਮਨੁੱਖ ਸਮੁੱਚੀ ਪ੍ਰਕਿਰਤੀ ਦੀ ਗਹਨ-ਸੰਰਚਨਾ ਵਿਚ ਕਾਰਜਸ਼ੀਲ ਕਰਤਾ ਨਾਲ ਜੁੜ ਜਾਂਦਾ ਹੈ। ਪ੍ਰਕਿਰਤੀ ਦੇ ਕਰਤਾ ਨਾਲ ਜੁੜਨ ਤੋਂ ਭਾਵ ਪ੍ਰਕਿਰਤੀ ਦੇ ਨੇਮ ਦੀ ਜਾਣਕਾਰੀ ਹੈ, ਜਿਸ ਨੂੰ ਇਹ ਪ੍ਰਾਪਤ ਹੋ ਜਾਏ, ਉਹ ਆਪਣੀ ਹੋਂਦ ਦੇ ਉਪਰ ਇਕ ਪ੍ਰਚੰਡ ਦ੍ਰਿਸ਼ਟੀ ਵਾਲੀ ਆਤਮਾ ਵਿਚ ਜਾਗ ਉਠਦਾ ਹੈ। ਤੇ ਇਸ ਤਰ੍ਹਾਂ ਜਗਿਆਸਾਮੂਲਕ ਸੁਖਦਾਇਕ ਰਾਹ ਉਤੇ ਪੈ ਜਾਂਦਾ ਹੈ। ਆਪਣੀ ਇਸ ਸਾਰੀ ਧਾਰਨਾ ਨੂੰ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਸਰੀਰ ਨੂੰ ਦੁਖ ਦੇਣ ਵਾਲੇ ਹਠਮਾਰਗੀ ਤਰੀਕਿਆਂ ਦੇ ਵਿਰੋਧ ਵਿਚ ਰਖ ਕੇ ਸਮਝਾਇਆ ਹੈ। ਇਸ ਤਰ੍ਹਾਂ ਇਹ ਚਿੱਠੀ ਅਤਿਅੰਤ ਸਾਰਥਕ ਪ੍ਰਵਚਨ ਹੈ ਅਤੇ ਅੰਤ ਉਤੇ ਪਤਾ ਲਗਦਾ ਹੈ ਕਿ ਇਹ ਕਿਸੇ ਨੂੰ ਸੰਬੋਧਿਤ ਇਕ ਪੱਤਰ ਵੀ ਹੈ। ਇਸ ਚਿੱਠੀ ਦੀ ਸਾਰਥਕਤਾ ਇਸ ਗੱਲ ਵਿਚ ਹੈ ਕਿ ਇਹ ਵੀ ਆਪਣੇ ਵਿਚਲੀ ਸਾਮਗਰੀ ਦੁਆਰਾ ਮਨੁੱਖ ਦੇ ਸਾਂਸਕ੍ਰਿਤਕ ਵਿਕਾਸ ਦੀ ਦਿਸ਼ਾ ਨੂੰ ਉਜਾਗਰ ਕਰਦੀ ਹੈ।

 www.sikhbookclub.com

ਅਸਲ ਵਿਚ ਮਾਨਵੀ ਆਜ਼ਾਦੀ ਦਾ ਰਾਹ ਹੀ ਇਹ ਹੈ। ਜਨਮ ਤੋਂ ਹੀ ਮਨੁੱਖ ਇਕ ਜੀਵ ਹੈ ਅਤੇ ਜੀਵ ਹੋਣ ਦੇ ਨਾਤੇ ਆਪਣੀਆਂ ਜੈਵਿਕ ਮਜਬੂਰੀਆਂ ਵਿਚ ਕੈਦ ਹੈ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਵੀ ਇਸੇ ਸਮੱਸਿਆ ਨੂੰ ਆਪਣੀ ਹੇਠ ਲਿਖੀ ਚਿੱਠੀ ਵਿਚ ਅਤਿਅੰਤ ਉਚਿਤ ਆਕਾਰ ਰਾਹੀਂ ਤੇ ਪਰਿਪੇਖ ਵਿਚ ਸਮਝਾਂਦੇ ਹਨ :

- ੦ -

**੧ੴ ਸ੍ਰੀ ਵਾਹਗੁਰੂ ਜੀ ਕੀ ਫਤਹ**

ਅੰਮ੍ਰਿਤਸਰ : ੨੩-੫-੧੯੧੨

ਪਵਿਤ੍ਰਾਤਮਾ ਜੀ,

ਗੁਰੂ ਸੰਵਾਰੇ ਜੀ ਵਾਹਿਗੁਰੂ ਜੀ ਦੇ ਪਯਾਰ ਵਿਚ ਰਹੋ। ਇਹ ਮਾਰਗ ਬੜਾ ਕਠਿਨ ਹੈ, ਕਿਸੇ ਆਤਮਾ ਨੂੰ ਆਪਣੇ ਸਰੀਰ ਦੇ ਅੰਦਰ ਕੇਂਦਰ ਲੱਭ ਪੈਣਾ ਤੇ ਜੀਵਨ ਨੇ ਉਸ ਆਧਾਰ ਤੇ ਟਿੱਕ ਜਾਣਾ, ਇਹ ਕੋਈ ਖੇਡ ਨਹੀਂ। ਜਨਮ ਜਨਮ ਦੇ ਸਾਡੇ ਕਰਮਾਂ ਨੇ ਸਾਨੂੰ ਕਰਮ ਦਸਾ ਅਰਥਾਤ Objective ਬਣਾ ਦਿਤਾ ਹੈ, ਅਰਥਾਤ ਅਸੀਂ ਉਸ ਸ਼ਟਲਕਾਕ (ਚਿੜੀ) ਵਾਂਙੂ ਹੋ ਗਏ ਹਾਂ, ਜਿਸ ਨੂੰ ਖੇਡਣ ਵਾਲਾ ਇਕ ਪਾਸਿਓਂ ਮਾਰਦਾ ਹੈ ਤਾਂ ਦੂਜੇ ਪਾਸੇ ਤੇ ਉਧਰੋਂ ਕੋਈ ਮਾਰਦਾ ਹੈ ਤਾਂ ਦੂਜੇ ਸਾਹਮਣੇ ਪਾਸੇ ਪਈ ਮਾਰੀ ਮਾਰੀ ਫਿਰਦੀ ਹੈ। ਸਾਡਾ ਮਨ ਆਪਣੀ ਟੇਕ ਤੇ ਨਹੀਂ, ਪਰ ਲੋਕਾਂ ਦੇ ਖਯਾਲਾਂ, ਵਹਮਾਂ, ਰਾਵਾਂ, ਨੁਕਤਾਚੀਨੀਆਂ, ਉਸਤਤ ਨਿੰਦਿਆ, ਅਰ ਰੋਜ਼ ਵਾਪਰੀਦੀਆਂ ਹਾਲਤਾਂ ਦੇ ਅਗੇ ਸਾਡਾ ਮਨ ਐਸ ਤਰ੍ਹਾਂ ਲੰਮਾ ਪੈ ਜਾਂਦਾ ਹੈ ਕਿ ਏਹ ਸਾਰੀਆਂ ਚੀਜਾਂ ਮਨ ਨੂੰ ਠੋਕਰ ਮਾਰਦੀਆਂ ਹਨ, ਸਾਡੇ ਆਪਣੇ ਮਾਨੋ ਭੂਤ ਹੋ ਕੇ ਸਾਡੇ ਮਨਾ ਤੇ ਹੁਕਮ ਕਰ ਰਹੇ ਹਨ, ਅਸੀਂ ਇਨ੍ਹਾਂ ਆਪਨੇ ਭੂਤਾਂ ਤੇ ਲੋਕਾਂ ਦੇ ਵਹਮਾਂ ਖਯਾਲਾਂ ਦੇ ਅੱਗੇ ਗੁਲਾਮ ਬਣ ਰਹੇ ਹਾਂ। ਫੇਰ ਤਮਾਸਾ ਹੈ ਕਿ ਇਸ ਰੂਹਾਨੀ ਗੁਲਾਮੀ ਵਿਚ ਫਸੇ ਬੰਦੇ, ਪਦਾਰਥ, ਇਜਤ, ਜੁਆਨੀ ਆਦਿਕ ਨਸ਼ੇ ਵਿਚ ਆਕੜਦੇ ਤੇ ਦਾਨੇ


www.sikhbookclub.com

ਬਣ ਬਣ ਬੈਠਦੇ ਹਨ, ਦੁਖੀ ਹਨ। ਜਾਨਵਰ ਬੀ ਖਾਂਦੇ ਪੀਂਦੇ ਸੌਂਦੇ ਭੋਗਦੇ ਤੇ ਮਰ ਜਾਂਦੇ ਹਨ, ਏਹ ਆਦਮੀ ਬੀ ਇਹੋ ਕੁਛ ਕਰਦੇ ਤੇ ਮਰ ਜਾਂਦੇ ਹਨ। ਦਿਨ ਰਾਤ ਇਸ ਹਾਲਤ ਵਿਚ ਰਹਿੰਦੇ ਕਦੇ ਨਹੀਂ ਸੋਚਦੇ ਕਿ ਇਸ ਸੁੰਦਰ ਸਰੀਰ, ਪਯਾਰੇ ਮਨ, ਸੁੱਚੀ ਬੁਧ ਤੇ ਭਾਰੇ ਉੱਚੇ ਆਤਮਾ ਦਾ ਕੀਹ ਪ੍ਰਯੋਜਨ ਹੈ? ਆਪ ਜਾਣਦੇ ਨਹੀਂ, ਪਰ ਦੂਸਰਿਆਂ ਨੂੰ ਨੀਵਾਂ ਤਕਦੇ ਤੇ ਮਖੌਲਾਂ ਕਰਦੇ ਹਨ। ਇਹ ਉਨਾਂ ਦੇ ਵੱਸ ਨਹੀਂ, ਉਨਾਂ ਦੇ ਮਨ ਗੁੰਝਲਦਾਰ ਹੋ ਗਏ ਹਨ, ਉਹ ਸਿੱਧੀ ਤੇ ਸਾਫ਼ ਗੱਲ ਨੂੰ ਸਮਝ ਨਹੀਂ ਸਕਦੇ। ਇਸ ਤਰ੍ਹਾਂ ਦਾ ਸੰਸਾਰ ਹੈ ਜਿਸ ਵਿਚ ਕਿਸੇ ਨੂੰ ਭਾਗਵਸ ਤੇ ਕੁਛ ਕਿਰਪਾ ਆਸਰੇ ਸਿੱਧੀ ਗਲ ਦੀ ਸੋਝੀ ਪੈਂਦੀ ਹੈ। ਜਿਨ੍ਹੂੰ ਸੋਝੀ ਪੈਂਦੀ ਹੈ, ਉਹ ਆਖਦਾ ਹੈ ਕਿ ਹਾਇ ਮੈਨੂੰ ਸੁਖ ਹੋ ਗਿਆ ਹੈ, ਠੰਡ ਪਈ ਹੈ, ਅਮੋਲਕ ਖਜਾਨਾ ਲੱਭਾ ਹੈ, ਹੋਰਨਾਂ ਨੂੰ ਭੀ ਲੱਭ ਪਵੇ ਤੇ ਉਹ ਬੀ ਮੇਰੇ ਵਾਂਗ ਸੁਖੀ ਹੋ ਜਾਣ।

ਏਹ ਵਾਸ਼ਨਾ ਤਾਂ ਸ਼ੁਭ ਹੈ, ਪਰ ਹਰੇਕ ਦੇ ਭਾਗਾਂ ਵਿਚ ਲਾਲ ਨਹੀਂ ਹੁੰਦੇ। ਇਹ ਰਸਤਾ ਐਸਾ ਹੈ ਕਿ ਇਸ ਰਸਤੇ ਦੇ ਵਣਜਾਰੇ ਕਦੇ ਸੁਖ ਨਹੀਂ, ਹਰੇਕ ਨੂੰ ਦਾਤ ਦਿੰਦੇ ਹਨ, ਅਰ ਤਾਰਨ ਦਾ ਯਤਨ ਕਰਦੇ ਹਨ, ਕਿਸੇ ਨੂੰ ਲਾਭ ਹੋਵੇ ਯਾ ਨਾ, ਪਰ ਉਹ ਫੁਹਾਰੇ ਦੀ ਤਰ੍ਹਾਂ ਹਰ ਵੇਲੇ ਦਾਤ ਦੀ ਛੈਹਿਬਰ ਲਾਈ ਰਖਦੇ ਹਨ। ਏਸ ਸਾਰੇ ਸਿਲਸਿਲੇ ਨੂੰ ਸਮਝ ਕੇ ਆਪ ਸਤਿਗੁਰ ਨੂੰ ਕੇਂਦਰ ਬਣਾ ਕੇ ਆਪਨੇ ਅੰਦਰ ਆਪਨੀ ਟੇਕ ਤੇ ਰਹੀਦਾ ਹੈ, ਅਰ ਸ਼ਟਲਕਾਕ ਨਹੀਂ ਬਣੀਦਾ, ਤੇ ਬਾਕੀਆਂ ਤੇ ਵਿਤ ਮੂਜਬ ਰਹਿਮ ਕਰੀਦਾ ਹੈ ਅਰ ਸਹਾਯਤਾ ਦੇਈਦੀ ਹੈ। ਜਿਸ ਦੇ ਭਾਗ ਉਦੈ ਹੋਣ ਉਸ ਨੂੰ ਜ਼ਰੂਰ ਲਾਭ ਹੋ ਜਾਯਗਾ।

ਸਭ ਤੋਂ ਭਾਰਾ ਕੰਮ ਇਹ ਹੈ ਕਿ ਆਪਨੀ ਲਿਵ ਕਲਗੀਆਂ ਵਾਲੇ ਦੇ ਚਰਨਾਂ ਨਾਲੋਂ ਨਾ ਟੁੱਟੇ, ਜਿਸ ਸਰੋਵਰ ਦਾ ਤੁਅਲਕ ਚਸ਼ਮੇ ਨਾਲੋਂ ਟੁੱਟ ਜਾਏਗਾ, ਓਹ ਚਸ਼ਮਾ ਤ੍ਰੁੱਕੇਗਾ; ਜਿਸ ਆਤਮਾ ਦਾ ਸੰਬੰਧ ਪਰਮਾਤਮਾ ਨਾਲੋਂ ਟੁੱਟ ਚੁੱਕਾ ਹੈ, ਅਰਥਾਤ ਜਿਹਦੀ ਲਿਵ ਟੁੱਟ ਚੁੱਕੀ ਹੈ, ਓਹ ਬਦਬੂਦਾਰ ਹੋ ਜਾਂਦੇ ਹਨ :


www.sikhbookclub.com

*ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥*

(ਰਾਮਕਲੀ ਮ:੩, ਅਨੰਦ, ਪੰਨਾ:੯੨੧)

ਲਿਵ ਟੁਟੀ ਵਾਲੇ ਮਾਇਆ ਦੇ ਵਲ ਲਗੇ ਗੁਲਾਮ ਹਨ, ਉਹ ਗਦੀਆਂ ਤੇ ਬੈਠੇ, ਹੁਕਮ ਕਰਦੇ, ਕੁੰਜੀਆਂ ਸਾਂਭਦੇ ਗੁਲਾਮ ਹਨ। ਸੁਤੰਤ੍ਰ ਉਹ ਹੈ ਜਿਸ ਦੀ ਆਤਮਾ ਕਲਗੀਆਂ ਵਾਲੇ ਦੀ ਗੁਲਾਮੀ ਵਿਚ, ਉਸ ਦੇ ਚਰਨਾ ਨਾਲ ਲਿਵ ਲਾਈ, ਦੁਨੀਆਂ ਦੇ ਕੰਮ ਕਰ ਰਹੀ ਹੈ। ਲਿਵ ਸਾਨੂੰ ਕੰਮਜੋਰ ਨਹੀਂ ਪਰ ਬਲਵਾਨ ਤੇ ਦਾਨੇ ਬਣਾਂਦੀ ਹੈ। ਲਿਵ ਵਾਲਾ ਦੁਨੀਆਂ ਦੇ ਕੰਮ ਚੰਗੇ ਕਰਦਾ ਹੈ, ਪਰ ਅੰਤਰ ਆਤਮੇ ਆਠ ਪਹਰ ਹਰਦਮ, ਆਪਨੇ ਚਸ਼ਮੇ ਨਾਲ ਮਿਲਿਆ ਰਹਿੰਦਾ ਹੈ, ਉਸ ਵਿੱਚ ਜ਼ਿੰਦਗੀ ਬਖਸ਼ ਲਹਰੇ ਤੇ ਤਾਜ਼ਗੀ ਤੇ ਹੁਲਾਰੇ ਹਰ ਵੇਲੇ ਲਹਿਰਦੇ ਰਹਿੰਦੇ ਹਨ, ਉਸ ਦੀ ਆਤਮਾ ਟਿਕੀ ਹੋਈ, ਖਿੜੀ ਹੋਈ, ਰਸ ਭਿੰਨੀ ਤੇ ਅਨੰਦੀ ਰਹਿੰਦੀ ਹੈ।

ਪਰ ਬੀਬਾ ਜੀ, ਇਹ ਮਖੌਲ ਨਹੀਂ ਹੈ, ਗੁਰੂ ਗ੍ਰੰਥ ਸਾਹਿਬ ਜੀ ਪੜ ਕੇ ਦੇਖੋ ਇਹ ਕਿਤਨਾ ਦੁਰਲਭ ਤੇ ਅਮੋਲਕ ਹੈ, ਜੇ ਮਿਲ ਜਾਏ ਤਾਂ ਇਸ ਦੀ ਕਦਰ ਇਹੋ ਪਾਈਦੀ ਹੈ ਕਿ ਏਸ ਨੂੰ ਨਪ ਕੇ ਫੜੀਦਾ ਹੈ, ਘੁਟ ਕੇ ਰਖੀਦਾ ਹੈ ਤੇ ਖਿਸਕਣ ਨਹੀਂ ਦੇਈਦਾ।

ਆਪ ਦਾ ਹਿਤਕਾਰੀ,
ਵੀਰ ਸਿੰਘ

- o -

 www.sikhbookclub.com

ਭਾਈ ਸਾਹਿਬ ਲਿਖਦੇ ਹਨ : 'ਇਹ ਮਾਰਗ ਬੜਾ ਕਠਨ ਹੈ, ਕਿਸੇ ਆਤਮਾ ਨੂੰ ਆਪਣੇ ਸਰੀਰ ਦੇ ਅੰਦਰ ਆਪਣਾ ਕੇਂਦਰ ਲਭ ਪੈਣਾ ਤੇ ਜੀਵਨ ਨੇ ਉਸ ਆਧਾਰ ਉਤੇ ਟਿਕ ਜਾਣਾ ਇਹ ਕੋਈ ਖੇਡ ਨਹੀਂ।'

ਇਨ੍ਹਾਂ ਪੰਗਤੀਆਂ ਵਿਚ ਭਾਈ ਸਾਹਿਬ ਸਰੀਰ ਵਿੱਚੋਂ ਉਠਦੀਆਂ ਤਰੰਗਾਂ ਨੂੰ ਟਿਕਾ ਲੈਣ ਵਾਲੇ ਸੁਗਠਨ-ਬਿੰਦੂ ਦੀ ਪ੍ਰਾਪਤੀ ਦੀ ਗੱਲ ਕਰ ਰਹੇ ਹਨ। ਅਸਲ ਵਿਚ ਇਹ ਪ੍ਰਾਪਤੀ ਨਿਰੰਤਰਤਾ ਨੂੰ, ਨਿਯੰਤਰਣ ਵਿਚ ਲੈਣ ਵਾਲੀ ਹੈ। ਮਾਨਵੀ ਸਭਿਆਚਾਰ ਦੀ ਸਾਰੀ ਆਰਥਕਤਾ ਤੇ ਸੰਜਮ ਇਸੇ ਉਪਰ ਆਧਾਰਿਤ ਹੈ। ਨਿਰੰਤਰਤਾ ਵਿਚ ਸ਼ਕਤੀ ਹੁੰਦੀ ਹੈ ਅਤੇ ਨਿਯੰਤਰਣ ਵਿਚ ਜੁਗਤ। ਜਦੋਂ ਸ਼ਕਤੀ ਜੁਗਤ ਦੇ ਅਧਿਕਾਰ ਵਿਚ ਆ ਜਾਂਦੀ ਹੈ, ਉਦੋਂ ਹੀ ਮਨੁੱਖ ਨੂੰ ਸਮੁੱਚੀ ਕਾਇਨਾਤ ਵਿਚ ਆਪਣੀ ਆਜ਼ਾਦੀ ਦਾ ਰਾਹ ਲਭਦਾ ਹੈ।

ਬੁਨਿਆਦੀ ਤੌਰ ਉਤੇ ਤਾਂ ਮਨੁੱਖ ਇਕ ਜੀਵ ਹੈ ਤੇ ਇਸ ਨਾਤੇ ਆਪਣੇ ਕਰਮਾਂ ਦੇ ਆਧਾਰ ਉਤੇ ਆਪਣੇ ਤਤਕਾਲੀ ਵਾਤਾਵਰਣ ਨਾਲ ਨਿਰੰਤਰਤਾ ਦੇ ਨਾਤੇ ਵਿਚ ਬਝਿਆ ਹੋਇਆ ਹੈ। ਉਸ ਵਿਚ ਆਪਣਾ ਆਤਮ-ਨਿਯੰਤਰਣ ਵਾਲਾ ਕੋਈ ਦ੍ਰਿਸ਼ਟੀ-ਬਿੰਦੂ ਨਹੀਂ। ਇਸੇ ਲਈ ਭਾਈ ਸਾਹਿਬ ਜੀ ਆਪਣੀ ਇਸ ਚਿੱਠੀ ਵਿਚ ਇਹ ਲਿਖਦੇ ਹਨ :

'ਜਨਮ ਜਨਮ ਦੇ ਸਾਡੇ ਕਰਮਾਂ ਨੇ ਸਾਨੂੰ ਕਰਮ ਦਸਾ ਅਰਥਾਤ Objective ਬਣਾ ਦਿਤਾ ਹੈ ਅਰਥਾਤ ਅਸੀਂ ਉਸ ਸ਼ਟਲਕਾਕ (ਚਿੜੀ) ਵਾਂਗੂੰ ਹੋ ਗਏ ਹਾਂ ਜਿਸ ਨੂੰ ਖੇਡਣ ਵਾਲਾ ਇਕ ਪਾਸਿਓਂ ਮਾਰਦਾ ਹੈ ਤਾਂ ਦੂਜੇ ਪਾਸੇ ਤੇ ਉਧਰੋਂ ਕੋਈ ਮਾਰਦਾ ਹੈ ਤਾਂ ਦੂਜੇ ਸਾਹਮਣੇ ਪਾਸੇ ਪਈ ਮਾਰੀ ਮਾਰੀ ਫਿਰਦੀ ਹੈ। ਸਾਡਾ ਮਨ ਆਪਣੀ ਟੇਕ ਤੇ ਨਹੀਂ, ਪਰ ਲੋਕਾਂ ਦੇ ਖਯਾਲਾਂ, ਵਹਿਮਾਂ, ਰਾਵਾਂ, ਨੁਕਤਾ ਚੀਨੀਆਂ, ਉਸਤਤਿ ਨਿੰਦਿਆ ਅਰ ਰੋਜ਼ ਵਾਪਰਦੀਆਂ ਹਾਲਤਾਂ ਦੇ ਅਗੇ ਇਸ ਤਰ੍ਹਾਂ ਲੰਮਾਂ ਪੈ ਜਾਂਦਾ ਹੈ ਕਿ ਇਹ ਸਾਰੀਆਂ ਚੀਜ਼ਾਂ ਮਨ ਨੂੰ ਠੋਕਰ ਮਾਰਦੀਆਂ ਹਨ। ਸਾਡੇ ਆਪਣੇ ਮਾਨੋ ਭੂਤ ਹੋ ਕੇ ਸਾਡੇ ਮਨਾਂ ਤੇ ਹੁਕਮ ਕਰ ਰਹੇ ਹਨ।'

ਇਸ ਤਰ੍ਹਾਂ ਇਨ੍ਹਾਂ ਪੰਗਤੀਆਂ ਵਿਚ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਤਤਕਾਲੀ ਵਾਤਾਵਰਣ ਦੀਆਂ ਸਮੱਸਿਆਵਾਂ ਤੋਂ ਨਿਰੰਤਰ ਪ੍ਰਭਾਵ ਗ੍ਰਹਿਣ


www.sikhbookclub.com

ਕਰਨ ਵਾਲੇ ਮਨ ਦੀ ਅਵਸਥਾ ਦਾ ਜ਼ਿਕਰ ਕਰਦਿਆਂ ਇਹ ਦਸਣਾ ਚਾਹੁੰਦੇ ਹਨ ਕਿ ਜੇਕਰ ਮਨੁੱਖ ਨੇ ਸਹੀ ਅਰਥਾਂ ਵਿਚ ਆਪਣੀ ਸੁਤੰਤਰਤਾ ਦਾ ਰਾਹ ਤਿਆਰ ਕਰਨਾ ਹੈ, ਤਾਂ ਉਸ ਨੂੰ ਅਜਿਹੀ ਮਾਨਸਿਕਤਾ ਦੀ ਘਾੜਤ ਕਰਨੀ ਪਏਗੀ ਜੋ ਉਸ ਨੂੰ ਜੀਵ ਤੇ ਵਾਤਾਵਰਨ ਦੀ ਸਹਿਜ ਨਿਰੰਤਰਤਾ ਵਿੱਚੋਂ ਕੱਢ ਕੇ, ਸਭਿਆਚਾਰ ਦੇ ਸੰਜਮ ਵਿਚ ਟਿਕਾ ਦੇਵੇ। ਅਜਿਹਾ ਸੰਜਮ ਅਸਲ ਵਿਚ ਜੀਵ ਦੇ ਅੰਤਰਗਤ ਦ੍ਰਿਸ਼ਟੀ ਦਾ ਜਾਗਣਾ ਹੈ। ਜਦੋਂ ਦ੍ਰਿਸ਼ਟੀ ਜਾਗ ਪੈਂਦੀ ਹੈ ਤਾਂ ਮਨੁੱਖ ਨਿਰੰਤਰ ਉਠਣ ਵਾਲੀਆਂ ਲਹਿਰਾਂ ਨੂੰ ਆਪਣੇ ਕਾਬੂ ਵਿਚ ਕਰ ਸਕਣ ਦੀ ਯੋਗਿਤਾ ਪ੍ਰਾਪਤ ਕਰ ਲੈਂਦਾ ਹੈ ਅਤੇ ਇਸੇ ਯੋਗਿਤਾ ਦੇ ਆਧਾਰ ਉਤੇ ਅਗੇ ਵਧਦਾ ਹੈ। ਇਹ ਰਸਤਾ ਹੀ ਮਨੁੱਖ ਦੀ ਆਜ਼ਾਦੀ ਦਾ ਰਸਤਾ ਹੈ। ਇਥੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਮਨੁੱਖ ਦੀ ਅਜਿਹੀ ਆਜ਼ਾਦੀ ਨੂੰ ਇਕ ਸਮਾਜ-ਵਿਗਿਆਨੀ ਵਾਂਗ ਸਮਝਣ ਦਾ ਯਤਨ ਕਰਦੇ ਹਨ ਅਤੇ ਦਸਦੇ ਹਨ :

'ਫੇਰ ਤਮਾਸ਼ਾ ਇਹ ਹੈ ਕਿ ਇਸ ਰੂਹਾਨੀ ਗੁਲਾਮੀ ਵਿਚ ਫਸੇ ਬੰਦੇ ਪਦਾਰਥ, ਇਜ਼ਤ, ਜੁਆਨੀ ਆਦਿਕ ਦੇ ਨਸ਼ੇ ਵਿਚ ਆਕੜਦੇ ਤੇ ਦਾਨੇ ਬਣ ਬਣ ਬੈਠਦੇ ਹਨ- ਜਾਨਵਰ ਵੀ ਖਾਂਦੇ ਪੀਂਦੇ, ਸੌਂਦੇ ਭੋਗਦੇ ਤੇ ਮਰ ਜਾਂਦੇ ਹਨ, ਇਹ ਆਦਮੀ ਬੀ ਇਹੋ ਕੁਛ ਕਰਦੇ ਤੇ ਮਰ ਜਾਂਦੇ ਹਨ।'

ਇਸ ਤਰ੍ਹਾਂ ਭਾਈ ਸਾਹਿਬ ਜੀਵ-ਵਿਹਾਰ ਤੇ ਮਾਨਵੀ-ਵਿਹਾਰ ਵਿਚ ਅੰਤਰ ਕਰਕੇ, ਜਦੋਂ ਮਾਨਵੀ ਆਜ਼ਾਦੀ ਦਾ ਰਾਹ ਇਸ ਗੱਲ ਉਪਰ ਆਧਾਰਿਤ ਦਸਦੇ ਹਨ ਕਿ ਮਨੁੱਖ ਤਤਕਾਲੀਨ ਨਿਰੰਤਰਤਾ ਨੂੰ ਸੰਜਮਸ਼ੀਲ ਨਿਯੰਤਰਣ ਵਿਚ ਬਦਲ ਲੈਂਦਾ ਹੈ ਅਤੇ ਇਸ ਜੁਗਤ ਰਾਹੀਂ ਉਹ ਨਿਰੰਤਰਤਾ ਦੇ ਵਗਦੇ ਪਰਵਾਹ ਦਾ ਭਾਗ ਬਣਨ ਦੀ ਬਜਾਏ, ਆਪਣੇ ਅੰਦਰ ਜਗੀ ਦ੍ਰਿਸ਼ਟੀ ਦੁਆਰਾ, ਸਾਰੇ ਕੁਝ ਨੂੰ ਸਾਰਥਕਤਾ ਦੀ ਟਕਸਾਲ ਉਪਰ ਘੜਦਾ ਹੈ। ਇਸ ਤਰ੍ਹਾਂ ਤਤਕਾਲੀਨਤਾ ਨੂੰ ਉਲੰਘ ਕੇ, ਸਾਰਥਕਤਾ ਨੂੰ ਘੜਨਾ ਅਤੇ ਇਸੇ ਦਿਸ਼ਾ ਵਿਚ ਸਫਰ ਕਰਨਾ ਮਨੁੱਖ ਦੀ ਮਨੁੱਖੀ ਆਜ਼ਾਦੀ ਹੈ। ਇਹ ਧਾਰਨਾ ਆਧੁਨਿਕ ਚਿੰਤਨ ਵਿਚ ਸਮਾਜ-ਵਿਗਿਆਨੀਆਂ ਤੇ ਸੰਸਕ੍ਰਿਤੀ-ਵਿਗਿਆਨਆਂ ਦੀ ਹੈ ਕਿ ਮਨੁੱਖ ਬ੍ਰਹਮੰਡ ਦੀਆਂ ਦੂਸਰੀਆਂ ਪਦਾਰਥਯੁਕਤ ਤੇ ਜੈਵਿਕ ਹੋਂਦਾਂ ਦੇ ਮੁਕਾਬਲੇ ਉਤੇ ਵਿਲੱਖਣ ਇਸ ਲਈ ਹੈ ਕਿ ਉਹ ਪਦਾਰਥਕ ਹੋਂਦਾਂ ਦੇ ਜਗਤ ਨੂੰ


www.sikhbookclub.com

ਸਾਰਥਕ ਮਾਨਵੀ ਪ੍ਰਾਪਤੀਆਂ ਦੇ ਜਗਤ ਵਿਚ ਬਦਲ ਲੈਂਦਾ ਹੈ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਇਸ ਗੱਲ ਨੂੰ ਆਪਣੇ ਅਧਿਆਤਮਿਕ ਤੇ ਸੰਸਥਾਵੀ ਮੁਹਾਵਰੇ ਵਿਚ ਪੇਸ਼ ਕੀਤਾ ਹੈ ਅਤੇ ਇਸ ਨੂੰ ਅੰਦਰਲੀ ਲਿਵ ਲਗ ਜਾਣ ਵਾਲੀ ਅਵਸਥਾ ਕਿਹਾ ਹੈ, ਜੋ ਸਾਰਥਕਤਾ ਦੀ ਟਕਸਾਲ ਦੇ ਬਿੰਦੂ ਉਪਰ ਟਿਕੀ ਪ੍ਰਾਕਿਰਤੀ ਤੇ ਸੰਸਕ੍ਰਿਤੀ ਦੋਹਾਂ ਵਿਚ ਇਕ ਗਤੀਸ਼ੀਲ ਸੰਤੁਲਨ ਦੀ ਇਕਸੁਰਤਾ ਕਾਇਮ ਕਰ ਲੈਂਦੀ ਹੈ। ਇਸ ਇਕਸੁਰਤਾ ਦੀ ਪ੍ਰਚੰਡ ਚੇਤੰਨਤਾ ਵਿਚ ਜਾਗੇ ਮਾਨਵ ਵਿਅਕਤੀ ਦਾ ਸੰਬੰਧ ਇਕ ਪਾਸੇ ਆਪਣੇ ਸਮੁੱਚੇ ਪ੍ਰਾਕਿਰਤਕ ਸਰੋਤ ਨਾਲ ਜੁੜਿਆ ਰਹਿੰਦਾ ਹੈ ਤੇ ਦੂਜੇ ਪਾਸੇ ਆਪਣੇ ਸਾਂਸਕ੍ਰਿਤਿਕ ਵਿਕਾਸ ਨਾਲ। ਸਰੋਤ ਵਿੱਚੋਂ ਉਹ ਸ਼ਕਤੀ ਪ੍ਰਾਪਤ ਕਰਦਾ ਰਹਿੰਦਾ ਹੈ ਤੇ ਸਾਂਸਕ੍ਰਿਤਿਕ ਵਿਕਾਸ ਦੇ ਮਾਰਗ ਉਤੇ ਸੰਭਵ ਹੋਈ ਤਕਨਾਲੋਜੀ ਦੁਆਰਾ ਇਸ ਸ਼ਕਤੀ ਨੂੰ ਰੂਪਾਤਰਣ ਦੇ ਕੇ, ਮਾਨਵ ਵਿਕਾਸ ਦੇ ਕੰਮ ਆਉਣ ਵਾਲੇ ਸੰਜਮ ਵਿਚ ਬੰਨ੍ਹ ਕੇ ਪੇਸ਼ ਕਰਦਾ ਹੈ।

ਇਸ ਤਰ੍ਹਾਂ ਸਰੋਤ ਤੇ ਸਾਂਸਕ੍ਰਿਤਿਕ ਵਿਕਾਸ, ਦੋਵੇਂ ਇਕ ਦੂਸਰੇ ਨਾਲ ਮਾਨਵ-ਵਿਅਕਤੀ ਵਿਚ ਜੁੜਦੇ ਹਨ। ਇਸੇ ਲਈ ਉਹ ਲਿਵ ਦੀ ਅਨੰਦੀ ਅਵਸਥਾ ਵਿਚ ਰਹਿੰਦਾ ਹੈ। ਇਸੇ ਵਾਸਤੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਇਸ ਚਿੱਠੀ ਦੇ ਅੰਤ ਉਤੇ ਇਸ ਪ੍ਰਾਪਤੀ ਨੂੰ ਦੁਰਲੱਭ ਦਸਦੇ ਹਨ ਤੇ ਇਹ ਕਹਿੰਦੇ ਹਨ ਕਿ ਅਜਿਹੀ ਦ੍ਰਿਸ਼ਟੀ ਪ੍ਰਯਤਨ ਤੇ ਕਮਾਈ ਦੁਆਰਾ ਪ੍ਰਾਪਤ ਹੁੰਦੀ ਹੈ ਅਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੜ੍ਹਨ ਨਾਲ ਇਸਦੀ ਸੋਝੀ ਪੈਂਦੀ ਹੈ। ਇਸ ਤਰ੍ਹਾਂ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਇਸ ਪੱਤਰ ਵਿਚ ਆਪਣੇ ਸੰਸਥਾਮੂਲਕ ਮੁਹਾਵਰੇ ਰਾਹੀਂ ਮਾਨਵੀ ਆਜ਼ਾਦੀ ਦਾ ਰਸਤਾ ਸਾਂਸਕ੍ਰਿਤਿਕ ਵਿਕਾਸ ਉਪਰ ਤੁਰਨ ਦਾ ਦਸਦੇ ਹਨ ਅਤੇ ਇਸ ਸੰਬੰਧੀ ਸਾਰੀ ਵਿਚਾਰਧਾਰਾ ਤੇ ਮੁਹਾਵਰਾ ਗੁਰਬਾਣੀ ਪਾਸੋਂ ਪ੍ਰਾਪਤ ਕਰਦੇ ਹਨ। ਇਉਂ ਇਹ ਚਿੱਠੀ ਪ੍ਰਾਕਿਰਤੀ, ਸੰਸਕ੍ਰਿਤੀ, ਮਾਨਵ-ਵਿਕਾਸ ਤੇ ਮਾਨਵੀ ਆਜ਼ਾਦੀ ਦਾ ਰਾਹ ਨਿਸ਼ਚਿਤ ਕਰਨ ਵਾਲਾ ਸਾਰਥਕ ਪ੍ਰਵਚਨ ਬਣ ਨਿਬੜਦੀ ਹੈ।

ਇਸੇ ਰਾਹ ਉਤੇ ਚਲਦਿਆਂ ਮਨੁੱਖਤਾ ਵਿਗਸਦੀ ਹੈ ਅਤੇ ਉਹ ਪ੍ਰਪੰਚ ਦੇ ਡੋਲਵੇਂ ਦ੍ਰਿਸ਼ਾਂ ਨੂੰ ਉਲੰਘ ਕੇ, ਪ੍ਰਬੰਧੀ (Systemic) ਦ੍ਰਿਸ਼ਟੀ ਦੇ ਪੱਧ ਉਪਰ ਪੁਜਣ ਦਾ ਯਤਨ ਕਰਦੀ ਰਹਿੰਦੀ ਹੈ। ਪਰ ਯਾਦ ਰਖਣਾ ਚਾਹੀਦਾ


www.sikhbookclub.com

ਹੈ ਕਿ ਪ੍ਰਪੰਚ ਤੋਂ ਪ੍ਰਬੰਧ ਵੱਲ ਜਾਣ ਵਾਲੀ ਪ੍ਰਕਿਰਿਆ ਦੇ ਦੋਵੇਂ ਬਿੰਦੂ ਅਰਥਾਤ ਅਰੰਭ-ਬਿੰਦੂ ਤੇ ਪਹੁੰਚ-ਬਿੰਦੂ ਚੇਤਨਤਾ ਤੋਂ ਵਿਰਵੇ ਹੁੰਦੇ ਹਨ। ਪ੍ਰਪੰਚ ਪਦਾਰਥ ਦੀ ਜੜ੍ਹ ਅਵਸਥਾ ਉਪਰ ਵਿਚਰਦਾ ਹੈ ਅਤੇ ਪ੍ਰਬੰਧ ਚੇਤੰਨਤਾ ਪਾਰ ਦ੍ਰਿਸ਼ਅੀ ਦੀ ਪ੍ਰਪੱਕਤਾ ਦੇ ਸਤਰ ਉਪਰ। ਚੇਤੰਨਤਾ ਦੀ ਗੱਲ ਇਨ੍ਹਾਂ ਦੋਹਾਂ ਦੇ ਵਿਚਾਲੇ ਆਉਂਦੀ ਹੈ ਅਤੇ ਇਸ ਚੇਤੰਨਤਾ ਦੀ ਕਾਰਜਸ਼ੀਲਤਾ ਕਾਰਨ ਹੀ ਇਹ ਗਤੀ, ਅਰਥਾਤ ਪ੍ਰਪੰਚ ਤੋਂ ਪ੍ਰਬੰਧ ਵੱਲ ਜਾਣ ਦੀ ਯਾਤਰਾ, ਪ੍ਰਕਿਰਿਆ ਦਾ ਰੂਪ ਧਾਰਦੀ ਹੈ। ਚੇਤੰਨਤਾ ਦੀ ਪ੍ਰਥਮ ਗਵਾਹੀ ਪ੍ਰਪੰਚ ਦੇ ਉਤਾਰ ਚੜ੍ਹਾਵਾਂ ਸੰਬੰਧੀ ਜੀਵਾਂ ਦੇ ਪ੍ਰਤੀਕਰਮ ਵਿੱਚੋਂ ਮਿਲਦੀ ਹੈ। ਮਨੁੱਖ ਵੀ ਪਹਿਲੀ ਪੱਧਰ ਉਤੇ ਅਜਿਹੇ ਪ੍ਰਤਿਕਰਮਾਂ ਵਿਚ ਘਿਰਦਾ ਹੈ। ਇਸ ਵਿੱਚੋਂ ਮਨੁੱਖ ਦੀ ਵੇਦਨਾ-ਸੰਵੇਦਨਾ ਪੈਦਾ ਹੁੰਦੀ ਹੈ। ਇਸੇ ਆਧਾਰ ਉਤੇ ਮਨੁੱਖ ਸੰਸਾਰ ਦੇ ਦੁੱਖਾਂ, ਸੁਖਾਂ ਸੰਬੰਧੀ ਆਪਣੇ ਜੈਵਿਕ ਪ੍ਰਤੀਕਰਮ ਵੀ ਪ੍ਰਗਟਾਂਦਾ ਹੈ ਤੇ ਉਨ੍ਹਾਂ ਪ੍ਰਤਿਕਰਮਾਂ ਦੀ ਜਾਣਕਾਰੀ ਨੂੰ ਭਾਸ਼ਾ ਤੇ ਪ੍ਰਤੀਕ ਰਾਹੀਂ ਵੀ ਸੁਗਠਿਤ ਕਰਦਾ ਹੈ। ਪਿਛਲੀ ਚਿੱਠੀ ਵਿਚ ਇਸੇ ਰਾਹ ਤੋਂ ਇਕ ਕਦਮ ਅਗਾਂਹ ਤੁਰਦਿਆਂ ਮਨੁੱਖ ਦੀ ਆਜ਼ਾਦੀ ਦਾ ਆਯਾਮ ਨਿਸ਼ਚਿਤ ਕੀਤਾ ਗਿਆ ਹੈ ਅਤੇ ਇਹ ਕਿਹਾ ਗਿਆ ਹੈ ਕਿ ਮਨੁੱਖ ਆਪਣੀ ਮਨੁੱਖਤਾ ਤੇ ਸਾਂਸਕ੍ਰਿਤਿਕ ਵਿਲੱਖਣਤਾ ਨੂੰ ਇੱਕ ਅਜਿਹੀ ਆਤਮਤਾ ਉਪਰ ਸੁਗਠਿਤ ਕਰਦਾ ਹੈ, ਜਿਥੇ ਉਸ ਦੀ ਸਾਰੀ ਸੰਸਾਰਕ ਦ੍ਰਿਸ਼ਟੀ ਦੀ ਪੁਨਰ ਘਾੜਤ ਹੁੰਦੀ ਹੈ। ਅਗਲੀ ਚਿੱਠੀ ਵਿਚ ਇਹ ਸਾਰੀ ਦਾਰਸ਼ਨਿਕ ਵਿਆਖਿਆ ਪਿੱਠਭੂਮੀ ਵਿਚ ਚਲੀ ਜਾਂਦੀ ਹੈ ਤੇ ਅਗਰਭੂਮੀ ਵਿਚ ਮੌਤ ਤੋਂ ਪ੍ਰਾਪਤ ਹੋਣ ਵਾਲਾ ਦੁੱਖ ਦ੍ਰਿਸ਼ਟਮਾਨ ਹੋ ਜਾਂਦਾ ਹੈ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਆਪਣੇ ਕਿਸੇ ਨਿਕਟਵਰਤੀ ਨੂੰ ਵਿਆਪੇ ਅਜਿਹੇ ਦੁਖ-ਸੰਤਾਪ ਸੰਬੰਧੀ ਪੱਤਰ ਲਿਖ ਰਹੇ ਹਨ ਅਤੇ ਇਸ ਪੱਤਰ ਵਿਚ ਉਹ ਆਪਦੇ ਸੰਬੰਧੀ ਨੂੰ ਪਹਿਲਾਂ ਵਿਸ਼ਿਸ਼ਟ ਦੁਖ ਤੋਂ ਵਿਆਪਕ ਦੁੱਖ ਵੱਲ ਰੁਖ ਕਰਨ ਦੀ ਪ੍ਰੇਰਨਾ ਦਿੰਦੇ ਹਨ ਅਤੇ ਅੰਤ ਉਤੇ ਇਹ ਦਸਦੇ ਹਨ ਕਿ ਪ੍ਰਪੰਚ ਵਿੱਚੋਂ ਉਠਣ ਵਾਲੀਆਂ ਸ਼ਕਤੀਸ਼ਾਲੀ ਤੇ ਮਾਰੂ ਸ਼ਕਤੀਆਂ ਨੇ ਮਨੁੱਖ ਲਈ ਕੁਹਰਾਮ ਮਚਾਉਣਾ ਹੀ ਹੁੰਦਾ ਹੈ, ਪਰ ਅਜਿਹੀ ਬਿਪਤਾ ਦੇ ਸਮੇਂ ਕੁਹਰਾਮ ਨਾਲ ਟਾਕਰਾ ਕਰਨ ਲਈ ਮਨੁੱਖ ਪਾਸ ਉਹ ਯੋਗਤਾ ਹੋਣੀ ਚਾਹੀਦੀ ਹੈ, ਜਿਸ ਨਾਲ ਉਹ ਆਪਣੇ ਜੈਵਿਕ ਪ੍ਰਤੀਕਰਮ ਨੂੰ ਪ੍ਰਬੰਧੀ ਦ੍ਰਿਸ਼ਟੀ ਦੀ ਟੇਕ ਉਪਰ ਸਥਿਰ ਕਰ ਲਵੇ। ਪ੍ਰਬੰਧੀ

 www.sikhbookclub.com

ਦ੍ਰਿਸ਼ਟੀ ਦੀ ਟੇਕ ਉਪਰ ਸਥਿਰ ਹੋਣ ਦਾ ਭਾਵ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਸ਼ਬਦਾਂ ਵਿਚ ਕਰਮਾਂ ਦੇ ਚੱਕਰ ਵਿੱਚੋਂ ਨਿਕਲਣਾ ਅਤੇ ਨਾਮ, ਹੁਕਮ, ਸਿਮਰਨ, ਸਰੋਤ, ਅਨੰਤ, ਆਦਿ ਨਾਲ ਜੁੜਨਾ ਹੈ। ਇਹ ਸਾਰੇ ਸ਼ਬਦ ਸਿੱਖ-ਮਰਯਾਦਾ ਦੇ ਹਨ ਜਿਨ੍ਹਾਂ ਨੂੰ ਭਾਈ ਸਾਹਿਬ ਆਪਣੀ ਗੱਲ ਸਮਝਾਣ ਲਈ ਸਮਰੂਪਤਾ (Similarity) ਪੱਧਰ ਉਪਰ ਇਕੱਠਿਆਂ ਹੀ ਇੱਕ ਪਾਲ ਵਿਚ ਰਖ ਦਿੰਦੇ ਹਨ ਅਤੇ ਮਗਰੋਂ ਇਸ ਸਾਰੇ ਕੁਝ ਦਾ ਰੂਪਾਂਤਰਣ ਗੁਰਮੁਖ ਦੀ ਉਚੇਰੀ ਦ੍ਰਿਸ਼ਟੀ ਦੀ ਸਿਰਜਨਾ ਵਿਚ ਕਰਦੇ ਹਨ।

ਗੁਰਮੁਖ ਦੀ ਉਚੇਰੀ ਦ੍ਰਿਸ਼ਟੀ ਦਾ ਸਿਰਜਨ ਅਸਲ ਵਿਚ ਪ੍ਰਦਤ ਸੰਸਾਰੀ ਆਤਮਤ ਦਾ, ਨਾਮ, ਹੁਕਮ, ਸਿਮਰਨ, ਆਦਿ ਦੇ ਮਾਧਿਅਮ ਦੁਆਰਾ ਰੂਪਾਂਤ੍ਰਿਤ ਆਤਮਤਾ ਦਾ ਸਿਰਜਨ ਹੈ। ਇਸ ਨੂੰ ਭਾਈ ਵੀਰ ਸਿੰਘ ਜੀ ਦ੍ਰਿਸ਼ਟਾ ਦੀ ਅਵਸਥਾ ਆਖਦੇ ਹਨ। ਅਜਿਹੀ ਹਾਲਤ ਵਿਚ ਮਨੁੱਖ ਆਪਣੀ ਜੈਵਿਕਤਾ ਤੋਂ ਇੱਕ ਵਿੱਥ ਥਾਪ ਲੈਂਦਾ ਹੈ ਅਤੇ ਇਸ ਦੁਆਰਾ ਉਹ ਉਠਣ ਵਾਲੇ ਜੈਵਿਕ ਪ੍ਰਤੀਕਰਮਾਂ ਨੂੰ ਸਿੱਖ-ਮਰਯਾਦਾ ਤੋਂ ਪ੍ਰਾਪਤ ਹੋਏ ਨਾਮ, ਹੁਕਮ, ਸਿਮਰਨ ਆਦਿ ਦੀ ਤਕਨਾਲੋਜੀ ਦੁਆਰਾ ਪ੍ਰਚੰਡ ਪ੍ਰਤਿਉੱਤਰਾਂ ਵਿਚ ਬਦਲਦਾ ਚਲਾ ਜਾਂਦਾ ਹੈ। ਅਸੀਂ ਆਪਣੀ ਅਜਿਹੀ ਪ੍ਰਸਤਾਵੀ ਭੂਮਿਕਾ ਨੂੰ ਉਘਾੜਨ ਲਈ ਹੇਠਾਂ ਭਾਈ ਵੀਰ ਸਿੰਘ ਜੀ ਦਾ ਪੱਤਰ ਦਿੰਦੇ ਹਾਂ :

- o -

 www.sikhbookclub.com

**੧ੴ ਸ੍ਰੀ ਵਾਹਗੁਰੂ ਜੀ ਕੀ ਫਤਹ**

ਅੰਮ੍ਰਿਤਸਰ: ੨੫-੬-੩੪

ਸ੍ਰੀ ਕ੍ਰਿਪਾਲੂ ਜੀਓ,

ਆਪ ਜੀ ਦਾ ਪਤ੍ਰ ੧੬-੫-੩੪ ਦਾ ਪੁੱਜਾ। ਅਖਨੂਰ ਦੀ ਦੁਖਦਾਈ ਘਟਨਾ ਪੜ੍ਹੀ ਸੁਣੀ ਹੈ ਤੇ ਭਾਈ ਮਨੋਹਰ ਸਿੰਘ ਜੀ ਦੀ ਮਾਤਾ ਭ੍ਰਾਤਾ ਦੇ ਦਰਸ਼ਨ ਬੀ ਹੋਏ ਹਨ ਜੋ ਕਿ ਬਰਖੁਰਦਾਰ ਦੇ ਬਿਰਹੇ ਵਿਚ ਜ਼ਖਮ ਖੁਰਦਾ ਸਨ, ਇਹ ਘਟਨਾ ਐਸੀ ਹੋਈ ਹੈ ਕਿ ਜਿਸ ਨੂੰ ਸੁਣ ਕੇ ਸਭ ਦੇ ਹ੍ਰਿਦੇ ਪੰਘਰਦੇ ਹਨ ਤੇ ਟੁਰ ਗਿਆਂ ਲਈ ਅਰਦਾਸ ਵਿਚ ਤੇ ਪਿਛਲਿਆਂ ਲਈ ਹਮਦਰਦੀ ਵਿਚ ਦਿਲ ਵਹਿ ਟੁਰਦੇ ਹਨ। ਪਰੰਤੂ ਕੁਛ ਸੰਸਾਰ ਦੀ ਰਚਨਾ ਐਸੀ ਹੈ ਕਿ ਦੁਖ ਜਗਤ ਵਿਚ ਬਹੁਤ ਹੈ ਤੇ ਸਾਰੇ ਪ੍ਰਵਿਰਤ ਹਨ, ਕਿਤੇ ਭੂਚਾਲ, ਕਿਤੇ ਟਾਈਫੂਨ, ਕਿਤੇ ਹੜ੍ਹ, ਕਿਤੇ ਜੰਗ, ਕਿਤੇ ਮਰੀਆਂ, ਕਿਤੇ ਅੱਗਾਂ ਦੇ ਹਾਦਸੇ ਹੁੰਦੇ ਹੀ ਰਹਿੰਦੇ ਹਨ। ਸ੍ਰੀ ਗੁਰੂ ਜੀ ਨੇ ਬੀ ਜਗਤ ਜਲਦਾ ਵੇਖ ਕੇ ਦਰਦ ਫ਼ੀਲ ਕੀਤਾ ਤੇ ਆਖਿਆ ਸੀ :

*'ਨਾਨਕ ਦੁਖੀਆ ਸਭੁ ਸੰਸਾਰ' ਤੇ ਅਰਦਾਸ ਕੀਤੀ ਸੀ*
*'ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥*
*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥*

(ਬਿਲਾਵਲ ਕੀ ਵਾਰ, ਮ: ੪, ਸਲੋਕ ਮ:੩, ਪੰਨਾ: ੮੫੩)

ਇਸ ਅਰਦਾਸ ਦੇ ਨਾਲ ਮਨੁੱਖ ਨੂੰ ਆਪ ਕੁਛ ਹੀਲਾ ਕਰਨ ਲਈ ਬੀ ਰਸਤੇ ਪਾਇਆ ਤੇ ਫੁਰਮਾਇਆ ਸੀ :-

*ਮੰਨੇ ਨਾਉ ਸੋਈ ਜਿਣਿ ਜਾਇ॥*
*ਅਉਰੀ ਕਰਮ ਨ ਲੇਖੈ ਲਾਇ॥*

(ਰਾਮਕਲੀ ਕੀ ਵਾਰ, ਮ:੩, ਸਲੋਕ ਮ:੧, ਪੰਨਾ: ੯੫੪)

ਆਪ ਨੂੰ ਬੀ ਜੋ ਇਸ ਵੇਲੇ ਅਖਨੂਰ ਦੀ ਕਸ਼ਟਣੀ ਝਲਣੀ ਪਈ ਹੈ, ਉਨ੍ਹਾਂ ਹੋਣੀਆਂ ਵਿੱਚੋਂ ਹੈ ਜਿਸ ਪੁਰ ਮਨੁੱਖ ਦੀ ਕੁਦਰਤ ਨਹੀ ਹੈ।


www.sikhbookclub.com

ਤੇ ਆਪਨੇ ਆਪਣੇ ਦਿਲ ਦਾ ਜੋ ਡੋਲਣਾ ਹਾਲ ਲਿਖਿਆ ਹੈ, ਓਸ ਨਾਲ ਪੜ੍ਹ ਕੇ, ਦਿਲੀ ਹਮਦਰਦੀ ਤੇ ਦੁਖ ਵੰਡਾਵਣ ਦਾ ਭਾਵ ਉਪਜਦਾ ਹੈ। ਪਰ ਇਨਸਾਨ ਇਨਸਾਨ ਨਾਲ ਦਿਲੀ ਭਾਵ ਹੀ ਪ੍ਰਗਟ ਕਰ ਸਕਦਾ ਹੈ। ਮਰਮ ਅਸਥਾਨਾ ਦੀ ਪੀੜਾ ਤਾਂ ਜਿਸ ਤਨ ਨੂੰ ਵਾਪਰਦੀ ਹੈ ਓਸੇ ਤਨ ਨੂੰ ਹੀ ਝਲਣੀ ਪੈਂਦੀ ਹੈ। ਬੱਚਾ ਦਰਦ ਨਾਲ ਤੜਫਦਾ ਹੋਵੇ ਮਾਂ ਕੋਲ ਬੈਠੀ ਟਕੋਰ ਕਰ ਸਕਦੀ ਹੈ, ਦਵਾ ਦੇ ਸਕਦੀ ਹੈ, ਹਮਦਰਦੀ ਨਾਲ ਰੋ ਸਕਦੀ ਹੈ, ਪਰ ਜਿਸ ਟਿਕਾਣੇ ਬੱਚੇ ਨੂੰ ਪੀੜਾ ਹੈ ਓਥੇ ਪਹੁੰਚ ਕੇ ਪੀੜਾ ਨੂੰ ਤੋੜ ਕੇ ਪਰੇ ਨਹੀਂ ਸਿਟ ਸਕਦੀ।

ਇਸ ਤਰ੍ਹਾਂ ਬਹੁਤੇ ਦੁਖਾਂ ਵਿਚ ਤਾਂ ਹਮਦਰਦੀ ਦੇ ਪ੍ਰਕਾਸ਼ ਦੇ ਸਿਵਾ ਕੋਈ ਕਿਸੇ ਦੀ ਸਹਾਯਤਾ ਨਹੀਂ ਕਰ ਸਕਦਾ, ਹਾਂ ਬਾਜ਼ੇ ਦੁਖ ਐਸੇ ਹਨ ਕਿ ਜਿਨ੍ਹਾਂ ਵਿਚ ਕੁਛ ਅਮਲੀ ਮਦਦ ਹੋ ਸਕਦੀ ਹੈ, ਪਰੰਤੂ ਮੌਜੂਦ ਦੁਖ ਜੋ ਮਾਤਾ ਭ੍ਰਾਤਾ ਤੇ ਆਪ ਨੂੰ ਬੱਚੇ ਦੇ ਵਿਛੋੜੇ ਦਾ ਹੋਇਆ ਹੈ ਓਸ ਨੂੰ ਦਾਰੂ ਕੌਣ ਲਾ ਸਕਦਾ ਹੈ, ਐਸੇ ਦੁਖਾਂ ਨੂੰ ਜਗਤ ਵਿਚ ਵੇਖ ਕੇ, ਜਗਤ ਪੀੜਾ ਨੂੰ ਵੇਖ ਕੇ ਦ੍ਰਵਣ ਵਾਲੇ ਤੇ ਦਾਰੂ ਲਾਣ ਵਾਲੇ ਗੁਰੂ ਬਾਬਾ ਜੀ ਨੇ ਫੁਰਮਾਯਾ ਸੀ :-

*ਦੁਖੁ ਵਿਛੋੜਾ ਇਕੁ ਦੁਖੁ ਭੂਖ॥*
*ਇਕੁ ਦੁਖੁ ਸਕਤਵਾਰ ਜਮਦੂਤ॥*
*ਇਕੁ ਦੁਖੁ ਰੋਗੁ ਲਗੈ ਤਨਿ ਧਾਇ॥*
*ਵੈਦ ਨ ਭੋਲੇ ਦਾਰੂ ਲਾਇ॥*

(ਮਲਾਰ ਮ:੧, ਪੰਨਾ: ੧੨੫੬)

ਏਹ ਚਾਰ ਮਹਾਨ ਦੁਖ ਅਸਲ ਦੁਖ ਹਨ, ਸੋ ਆਪ ਦੇ ਵਿਯੋਗ ਵਿਚ ਦਿਲੀ ਹਮਦਰਦੀ ਹੀ ਅਰਪਨ ਹੈ, ਗੁਰੂ ਮੇਹਰ ਕਰੇ ਤੇ ਸੁਖ ਸ਼ਾਂਤੀ ਬਖਸ਼ੇ।

ਬਾਕੀ ਰਹੇ ਆਪ ਦੇ ਪ੍ਰਸ਼ਨ, ਇਨ੍ਹਾਂ ਉਪਰਲੇ ਦੁਖਾਂ ਨੂੰ ਦੇਖ ਤੇ ਇਸੇ ਕਿਸਮ ਦੇ ਪ੍ਰਸ਼ਨ ਲੈ ਕੇ 'ਸ੍ਰੀ ਬੁਧ ਜੀ' ਰਾਜ ਛੋੜ ਕੇ ਸੰਸਾਰ ਵਿਚ ਨਿਕਲੇ ਸਨ ਤੇ ਅਖ਼ੀਰ ਉਨ੍ਹਾਂ ਨੇ ਇਨਸਾਨ ਦੇ ਦਰੁਸਤ ਤਰੀਕੇ ਨਾਲ ਜੀਵਨ ਬਸਰ ਕਰਨ ਦੇ ਅਸੂਲਾਂ ਨੂੰ ਲਭ ਕੇ ਦਸਿਆ ਸੀ ਕਿ ਇਨ੍ਹਾਂ ਨਾਲ ਵਾਸ਼ਨਾ

 www.sikhbookclub.com

ਜਿਤੀ ਦੀ ਹੈ ਤੇ ਵਾਸ਼ਨਾ ਦੇ ਜਿੱਤਨ ਨਾਲ ਜਨਮ ਮਰਨ ਕਟੀਦਾ ਤੇ ਨਿਰਵਾਨ ਦੀ ਹਾਲਤ ਲਭਦੀ ਹੈ। ਉਨ੍ਹਾਂ ਨੇ ਸਮੁੱਚੇ ਤੌਰ ਤੇ ਸਾਰੀ Riddle (ਬੁਝਾਰਤ) ਨੂੰ ਐਉਂ ਹੱਲ ਕੀਤਾ ਸੀ, ਏਸ ਵਿਚ ਜੇ ਆਦਰਸ਼ਕ ਜੀਵਨ ਬਸਰ ਕੀਤਾ ਜਾਏ ਤਾਂ ਜੀਵ ਲਗਭਗ ਸਨਯਾਸ ਵਿਚ ਚਲਾ ਜਾਂਦਾ ਹੈ। ਏਸ ਵਿਚ ਜਗਤ ਦੇ 'ਅੰਤਲੇ ਆਧਾਰ' ਵੱਲ ਦ੍ਰਿਸ਼ਟੀ ਨਹੀਂ ਉਠਦੀ। ਸ੍ਰੀ ਗੁਰੁ ਨਾਨਕ ਦੇਵ ਜੀ ਨੇ ਜਗਤ ਪੀੜਾ ਦੇਖੀ ਤੇ ਸੰਸਾਰ ਤਿਆਗ ਕੇ ਉਦਾਸੀ ਲਈ ਤੇ ਪੰਜ ਵੇਰ ਲਗਭਗ ਓਸ ਵੇਲੇ ਦੇ ਪ੍ਰਸਿਧ ਜਗਤ ਵਿਚ ਫਿਰੇ ਤੇ ਹਰ ਮਤ ਦੇ ਫਕੀਰਾਂ ਨੂੰ ਮਿਲੇ ਤੇ ਤੀਰਥਾਂ ਪੁਰ ਪੁਜ ਕੇ ਭਲੇ ਪੁਰਖਾਂ ਨਾਲ ਗੋਸ਼ਟਾਂ ਕੀਤੀਆਂ। ਉਨ੍ਹਾਂ ਨੇ ਇਸ ਦਾ ਇਲਾਜ ਇਸ ਗੱਲ ਵਿਚ ਦਸਿਆ ਕਿ ਜਗਤ ਦਾ ਮੂਲ ਕਾਰਣ ਇੱਕ ਸਦਾ ਸਥਿਰ ਸ਼ਕਤੀ ਦੇ ਵਜੂਦ ਹੈ, ਓਹ ਕਲੇਸ਼ ਕਸ਼ਟ ਦੁਖ ਤੋਂ ਰਹਿਤ ਹੈ। ਓਸ ਦੀ ਨਿਕਟਤਾ ਇਨ੍ਹਾਂ ਕਲੇਸ਼ਾਂ ਕਸ਼ਟਾਂ ਦੁਖਾਂ ਤੋਂ ਛੁਡਾਉਂਦੀ ਹੈ ਤੇ ਕਿਸੇ ਸੁਖ ਤੇ ਆਰਾਮ ਵਿਚ ਲੈ ਜਾਂਦੀ ਹੈ। ਓਸ ਤੋਂ ਦੂਰੀ ਹੋਣੀ ਦੁਖਾਂ ਦੀ ਦਾਤੀ ਹੈ। ਜਿਵੇਂ ਸਿਆਲੇ ਵਿਚ ਅੱਗ ਦੇ ਨੇੜੇ ਰਿਹਾਂ ਸੀਂ ਦਾ ਦੁਖ ਨਹੀਂ ਲਗਦਾ, ਦੂਰ ਹੋਇਆਂ ਸੀ, ਦਾ ਦੁਖ ਬਾਹਲਾ ਵਾਪਰਦਾ ਹੈ। ਇਸ ਨਿਕਟਤਾ ਦੀ ਪ੍ਰਾਪਤੀ ਦਾ ਉਪ੍ਰਾਲਾ ਆਪਨੇ ਓਸ 'ਅਨੰਤ' ਨਾਲ ਆਪਣੇ ਦਿਲ ਨੂੰ ਲਾਈ ਰੱਖਣਾ ਦਸਿਆ, ਤੇ ਇਸ ਉਪਰਾਲੇ ਦਾ ਸਾਧਨ ਉਸ ਦਾ ਨਾਮ ਸਿਮਰਨ ਦਸਿਆ ਤੇ ਸਿਮਰਨ ਦੀ ਪ੍ਰਾਪਤੀ ਲਈ ਨਾਮ ਦਾ ਜਪ ਦਸਿਆ। ਇਸ ਸਾਧਨ ਨੂੰ ਫਲ ਲਗਣ ਵਾਸਤੇ ਆਪ ਨੇ ਇਸ ਦਾ ਇੱਕ ਉਦਾਲਾ ਪੁਦਾਲਾ Environments ਦਸਿਆ, ਜੋ ਕੇ ਸਤਿਸੰਗ, ਕਿਸੇ ਭਲੇ ਨਾਮੀ ਪੁਰਖ ਦਾ ਸਤਿਸੰਗ, ਗੁਰਦੁਆਰੇ ਗੁਰਧਾਮਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕੀਰਤਨ ਕਥਾ, ਆਦਿ ਹੈ। ਇਸ ਰਾਹੇ ਪਿਆਂ ਮਨ ਓਸ 'ਅਨੰਤ' ਵਲ, ਇਸ ਦਿਸਦੇ ਵੱਸਦੇ ਸੰਸਾਰ ਦੀ 'ਅਸਲੀਅਤ' ਵਲ, ਇਸ ਦੀ Ultimate reality ਵਲ ਰੁਖ ਕਰਦਾ ਕਰਦਾ ਇੰਨਾ ਨੇੜੇ ਹੋ ਜਾਂਦਾ ਹੈ ਕਿ ਫੇਰ ਓਸ ਦੇ ਗੁਣਾਂ ਦਾ ਸਾਂਝੀਵਾਲ ਹੋ ਕੇ ਕਿਸੇ ਉਚੇਰੇ ਹਾਲ ਵਿਚ ਅਪੜਦਾ ਹੈ ਜਿਥੇ ਜਾ ਕੇ 'ਕਿਉਂ ਹੋਇਆ ਤੇ ਕੀਕੂੰ ਹੋਇਆ' ਆਦਿ ਦੇ ਸਾਰੇ ਪ੍ਰਸ਼ਨ ਸ਼ਾਂਤਿ ਹੋ ਜਾਂਦੇ ਹਨ। ਮਨ ਦੇ ਅੰਦਰ ਇਕ ਆਧਾਰ ਬੱਝ ਜਾਂਦਾ ਹੈ :-


www.sikhbookclub.com

*ਸਿਮਰਿ ਸਿਮਰਿ ਨਾਮੁ ਬਾਰੰਬਾਰ॥*
*ਨਾਨਕ ਜੀਅ ਕਾ ਇਹੈ ਅਧਾਰ॥*
(ਗਉੜੀ ਸੁਖਮਨੀ ਮ:੫, ਪੰਨਾ: ੨੯੫)

ਅੰਦਰਲਾ ਇਕ ਟਿਕਾਉ ਤੇ ਉਚਯਾਣ ਤੇ ਆ ਜਾਂਦਾ ਹੈ ਤੇ ਜਗਤ ਵਿਚ ਹੋ ਰਹੇ ਹਾਲਾਤ ਤੇ ਵਾਪਰ ਰਹੀਆਂ ਹੋਣੀਆਂ ਵਿਚ ਘਬਰਾ ਘਟ ਜਾਂਦਾ ਹੈ ਤੇ ਕਈ ਵੇਰ ਹਟ ਹੀ ਜਾਂਦਾ ਹੈ। ਤੇ ਮਨ ਦਾ ਰੁਖ Attitude ਕੁਛ ਇਸ ਕਿਸਮ ਦਾ ਬਣ ਜਾਂਦਾ ਹੈ :

*ਨਾਮੀ ਪੁਰਖ ਦੀ ਘਾਲ :*
*ਬਾਰੰਬਾਰ ਬਾਰ ਪ੍ਰਭੁ ਜਪੀਐ॥*
*ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ॥*
(ਗਉੜੀ ਸੁਖਮਨੀ ਮ:੫, ਪੰਨਾ: ੨੮੬)

*ਹੋਣ ਹਾਰਾਂ ਨਾਲ ਨਾਮੀ ਪੁਰਖ ਦਾ* Attitude *(ਰੁਖ਼) :*

*ਜੋ ਹੋਆ ਹੋਵਤ ਸੋ ਜਾਨੈ॥*
*ਪ੍ਰਭ ਅਪਨੇ ਕਾ ਹੁਕਮੁ ਪਛਾਨੈ॥*
(ਗਉੜੀ ਸੁਖਮਨੀ ਮ:੫, ਪੰਨਾ: ੨੮੬)

ਇਹ ਤਾਂ ਹੈ ਅਮਲੀ ਤਰੀਕਾ ਦੁਖਾਂ ਤੋਂ ਛੁਟਣੇ ਦਾ, ਇਹ ਅਮਲ ਵਾਲੇ ਕੰਮ ਤਾਂ ਕਰਦੇ ਹਨ, ਪਰ ਕਰਮਾਂ ਦੇ ਫਲ ਤੋਂ ਨਿਰਵਾਸ਼ ਰਹਿੰਦੇ ਹਨ। ਮੌਤ ਤੇ ਦੁਖ ਨੂੰ ਕੋਈ ਸ਼ੈ ਨਹੀਂ ਸਮਝਦੇ। ਮਨ ਦਾ ਦਾਈਅਰਾ ਤੇ ਹੌਸਲਾ ਉੱਚਾ ਹੋ ਜਾਂਦਾ ਹੈ। ਦੁਖ ਅੱਵਲ ਤਾਂ ਪਹੁੰਦੇ ਨਹੀਂ, ਪਰ ਅਵਸਥਾ ਅਨੁਸਾਰ ਹੈ, ਜੇ ਪਹੁੰਦੇ ਹਨ ਤਾਂ ਇੰਨਾ ਜ਼ਰੂਰ ਹੋ ਜਾਂਦਾ ਹੈ ਕਿ ਦੁਖ ਆਉਂਦੇ ਹਨ, ਪਰ ਸੰਤਾਪ ਨਹੀਂ ਦੇਂਦੇ ਯਥਾ :-

*ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ॥*
(ਗਉੜੀ ਸੁਖਮਨੀ ਮ:੫, ਪੰਨਾ:੨੬੨)

ਪਹਿਲੀ ਅਵਸਥਾ ਵਿਚ ਏਹ ਲੋਕ ਦੁਖਾਂ, ਕਸ਼ਟਾਂ ਹੋਣੀਆਂ ਨੂੰ ਆਪਣੇ ਕਰਮਾਂ ਦਾ ਫਲ ਸਮਝਦੇ ਹਨ ਯਥਾ :-

*ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ॥*
*ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮ ਰੀ॥*

(ਧਨਾਸਰੀ ਤ੍ਰਿਲੋਚਨ, ਪੰਨਾ :੬੯੫)

ਜਦੋਂ ਨਾਮ ਦੀ ਅਵਸਥਾ ਪਕਦੀ ਜਾਂਦੀ ਹੈ ਤਾਂ ਕੀਹ ਦੇਖਦੇ ਹਨ ਕਿ ਪਾਈਦਾ ਤਾਂ ਕਰਮਾਂ ਦਾ ਫਲ ਆਪਨਿਆਂ ਦਾ ਹੈ, ਪਰ ਕਰਮਾਂ ਅਪਨਿਆਂ ਦਾ ਫਲ ਦਾਤਾ ਕਿਸੇ ਅਜੇਹੀ ਸ਼ਕਲ ਵਿਚ ਦੇਂਦਾ ਹੈ ਜਿਸ ਨੂੰ ਅਸੀਂ ਨਹੀਂ ਸਮਝ ਸਕਦੇ, ਓਹੋ ਜਗਤਾ-ਧਾਰ ਹੈ, ਸਿਮਰਨ ਨਾਲ ਨਜ਼ਰ ਉਸ ਵਲ ਉੱਠ ਰਹੀ ਹੁੰਦੀ ਹੈ, ਨਿਕਟਤਾ ਪ੍ਰਾਪਤ ਹੋ ਰਹੀ ਹੁੰਦੀ ਹੈ, ਫਿਰ ਇਹ ਦਿੱਸਣ ਲਗ ਪੈਂਦਾ ਹੈ ਕਿ ਸੁਭ ਕੁਛ ਹੁਕਮ ਹੈ ਤੇ ਹੁਕਮ ਦੇਣ ਵਾਲਾ ਮੇਰਾ ਪ੍ਰੀਤਮ ਹੈ। ਜਿਸ ਦੇ ਮੈਂ ਨੇੜੇ ਜਾ ਰਿਹਾ ਹਾਂ ਤੇ ਓਹ ਸਜਨ ਹੈ, ਮਿਤ੍ਰ ਹੈ। ਫਿਰ ਇਸ ਤਰ੍ਹਾਂ ਦੇ ਭਾਵ ਉੱਠਣ ਲਗ ਪੈਂਦੇ ਹਨ :

*ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ॥*

(ਬਿਲਾਵਲ ਮ: ੯ ਪੰਨਾ:੭੯੪)

ਜੋ ਕੁਛ ਹੁੰਦਾ ਹੈ ਓਸ ਤੋਂ ਤੇ ਓਹ ਜੋ ਕੁਛ ਕਰਦਾ ਹੈ ਮਿਤ੍ਰਤਾ ਹੈ, ਇਸ ਤਰ੍ਹਾਂ ਨਾਮ ਅਭਯਾਸ ਨਾਲ ਦ੍ਰਿਸ਼ਟੀ ਬਦਲਦੀ ਬਦਲਦੀ ਕਿਤੇ ਟਿਕਾਣੇ ਜਾ ਕੇ ਵਿਸ਼ਵਾਸ ਦੇ ਘਰ ਟਿਕ ਜਾਂਦੀ ਹੈਂ। ਫਿਰ ਅੱਗੇ ਸਤਿਗੁਰ ਦਸਦੇ ਹਨ ਕਿ ਤਤੁ ਗਯਾਨ ਨਾਲ ਹੀ ਮੰਜ਼ਲ ਹੈ :-

*ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ॥*
*ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ॥*

(ਗਉੜੀ ਸੁਖਮਨੀ ਮ:੫, ਪੰਨਾ ੨੮੫)

ਇਹ ਕੁਛ ਤਾਂ ਸਤਿਗੁਰ ਦਾ ਮਾਰਗ ਸ੍ਰੀ ਗੁਰਬਾਣੀ ਵਿੱਚੋਂ ਉਨ੍ਹਾਂ ਦੇ ਜੀਵਨ ਵਿੱਚੋਂ ਤੇ ਨਾਮੀ ਪੁਰਖਾਂ ਦੇ ਸਤਿਸੰਗ ਵਿੱਚੋਂ ਸਮਝੇ ਪੈਂਦਾ ਹੈ।

ਜੇ ਹੁਣ ਅਸੀਂ ਪ੍ਰਸ਼ਨਾਂ ਨੂੰ, ਜੋ ਜਗਤ ਵਿਚ 'ਬਦੀ' ਵੇਖ ਕੇ ਅਤੇ ਜਗਤ ਵਿਚ 'ਪੀੜਾਂ' ਵੇਖ ਕੇ ਉਪਜਦੇ ਹਨ, ਦਿਮਾਗੀ ਤਾਕਤ ਨਾਲ ਹੱਲ ਕਰਨਾ ਚਾਹਯੇ ਤਾਂ ਓਹ ਹੱਲ ਘਟ ਹੁੰਦੇ ਹਨ ਕਿਉਂਕਿ ਸਾਡਾ ਮਨ 'ਸਾਕਤ' ਅਵਸਥਾ ਵਿਚ ਹੈ। ਜਿਵੇਂ ਕਿਸੇ ਦੇ ਘਰ ਬਿਜਲੀ ਦਾ ਲੈਂਪ ਹੋਵੇ ਤੇ

ਬਿਜਲੀ ਘਰ ਨਾਲ ਉਸ ਦਾ ਸੰਬੰਧ ਸਾਕਤ ਹੋਇਆ ਹੋਵੇ ਭਾਵ ਟੁਟਾ ਹੋਇਆ ਹੋਵੇ ਤਾਂ ਉਸ ਵਿਚ ਬਿਜਲੀ ਦੀ ਰੌ ਨਹੀ ਆਉਂਦੀ, ਇਸ ਤਰ੍ਹਾਂ ਜੋ ਮਨ ਆਪਨੇ ਅੰਤਮ ਆਧਾਰ 'ਅਨੰਤ' ਨਾਲ ਨਹੀਂ ਲਗ ਰਿਹਾ ਓਹ 'ਅੰਤ' ਵਿਚ ਹੈ, Finite ਹੈ, ਉਸ ਦੀ ਦ੍ਰਿਸ਼ਟੀ Finite ਹੈ, ਅੰਤ ਵਾਲੀ ਹੈ। ਓਹ ਮੋਹ ਮਾਯਾ ਵਿਚ ਵੇਹੜਿਆ ਹੋਇਆ ਹੈ। ਓਸ ਦੀ ਨਜ਼ਰ ਥੋੜੀ ਦੂਰ ਤਕ ਜਾਂਦੀ ਤੇ ਛੋਟੇ ਦਾਇਰੇ ਦੇ ਦੁਖਾਂ ਸੁਖਾਂ ਵਿਚ ਘਾਬਰਦੀ ਹੈ ਯਾ ਬਫਾਉਂਦੀ ਹੈ। ਜਿਸ ਤਰ੍ਹਾਂ ਇਕ ਬੱਚੇ ਦਾ ਖਿਡੌਣਾ ਟੁਟ ਜਾਣ ਨਾਲ ਡਾਢੀ ਬੁਰੀ ਹਾਲਤ ਹੁੰਦੀ ਹੈ ਤੇ ਰੋਂਦਾ ਹੱਥ ਨਹੀਂ ਆਉਂਦਾ ਪਰ ਓਹੋ ਬੱਚਾ ਵੱਡਾ ਹੋ ਕੇ ਜਦੋਂ ਓਸ ਦੀ ਦ੍ਰਿਸ਼ਟੀ ਜ਼ਰਾ ਕੁ ਵਿਸ਼ਾਲ ਹੁੰਦੀ ਹੈ ਤਾਂ ਖਿਡਾਉਣੇ ਟੁਟਣ ਨਾਲ ਦੁਖੀ ਨਹੀਂ ਹੁੰਦਾ। ਇਸੀ ਤਰ੍ਹਾਂ ਦੀ ਕੁਛ ਇਧਰ ਹਾਲਤ ਹੈ। ਜਦੋਂ ਨਾਮ ਜਪਦਾ ਹੈ ਤਾਂ ਰੁਖ਼ ਅੰਤਰਮੁਖ ਹੋਣਾ ਸ਼ੁਰੂ ਹੁੰਦਾ ਹੈ, ਜਿਥੇ ਜਾ ਕੇ Outlook ਦ੍ਰਿਸ਼ਟੀ ਨੇ ਬਦਲਨਾ ਹੈ। ਨਾਮ ਜਦ ਅਠ ਪਹਿਰਾ ਹੋ ਜਾਂਦਾ ਹੈ ਤਾਂ ਨਾਮੀ ਮਨ ਸਾਕਤ ਅਵਸਥਾ ਵਿੱਚੋਂ ਨਿਕਲ ਜਾਂਦਾ ਹੈ, ਫਿਰ ਓਹ 'ਜਨ' ਹੋ ਜਾਂਦਾ ਹੈ। ਓਸ ਦੀ ਦ੍ਰਿਸ਼ਟੀ ਫੇਰ ਹੋਰ ਤਰ੍ਹਾਂ ਦੀ ਹੋ ਜਾਂਦੀ ਹੈ। ਸੰਤਾਪ ਘਟ ਜਾਂਦੇ ਹਨ, ਹਰਖ ਸ਼ੋਕ ਨੀਵੇਂ ਪੈ ਜਾਂਦੇ ਹਨ, ਪੰਜਾਂ ਮਹਾਂ ਬਲੀਆਂ ਉੱਤੇ ਵਸੀਕਾਰ ਹੋਣ ਲਗ ਜਾਂਦਾ ਹੈ, ਪੰਜਾਂ ਇੰਦ੍ਰਿਆਂ ਤੋਂ ਪ੍ਰਾਪਤ ਹੋਣ ਵਾਲੇ ਸੁਖਾਂ ਵਲ ਰੁਚੀ ਢਿੱਲੀ ਪੈ ਜਾਂਦੀ ਹੈ, ਇਸ ਤੋਂ ਅਗੇ ਫੇਰ ਨਾਮ ਪ੍ਰਾਣਾਂ ਵਿਚ ਵਸ ਜਾਂਦਾ ਹੈ, ਯਥਾ :-

*ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ॥*

(ਬਿਲਾਵਲ ਮ:੧, ਪੰਨਾ:੭੯੫)

ਫਿਰ ਰਜ਼ਾ ਦੀ ਸੋਝੀ ਪੈਣ ਲਗ ਜਾਂਦੀ ਹੈ। ਇਸ ਨੂੰ ਸਮਝ ਆਉਣ ਲਗ ਜਾਂਦੀ ਹੈ ਕਿ ਮੈਂ ਵਾਹਿਗੁਰੂ ਜੀ ਦੀ 'ਰਜ਼ਾ' ਵਿਚ ਅਪਣੀ 'ਮਰਜ਼ੀ' ਮੇਲਣੀ ਹੈ। ਮੈਂ ਆਪਨੀ ਨਿਕੀ ਜਿਹੀ Finite ਅੰਤ ਵਾਲੀ 'ਮਰਜ਼ੀ' ਵਿਚ ਅਨੰਤ Infinite 'ਰਜ਼ਾ' ਨੂੰ ਨਹੀਂ ਮੇਲਣਾ। ਜਿਵੇਂ ਸਤਾਰ ਸੁਰ ਕਰਨ ਵਾਲਾ ਸਾਰੀਆਂ ਤਰਬਾਂ ਨੂੰ 'ਬਾਜ਼' ਦੀ ਸੁਰ ਨਾਲ ਇਕ ਸਵਰ (Tune)


www.sikhbookclub.com

ਕਰਦਾ ਹੈ, ਬਾਜ਼ ਦੀ ਸੁਰ ਨੂੰ ਤਰਬਾਂ ਨਾਲ ਸੁਰ ਨਹੀਂ ਕਰਦਾ, ਜਦੋਂ ਏਹ ਸੋਝੀ ਪੈਂਦੀ ਹੈ ਤਾਂ ਓਸ 'ਜਨ' ਨੂੰ, 'ਗੁਰਸਿਖ' ਨੂੰ 'ਗੁਰਮੁਖ' ਆਖੀਦਾ ਹੈ, 'ਗੁਰਮੁਖ' ਦਾ ਨਾਮ ਇਸ ਅਵਸਥਾ ਦਾ ਹੁੰਦਾ ਹੈ।

*ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥*

(ਰਾਮਕਲੀ ਮ:੧, ਸਿਧ ਗੋਸਟਿ, ਪੰਨਾ :੯੪੧)

ਬਸ ਜਦ ਗੁਰਮੁਖ 'ਸਾਂਈ-ਸੁਰ' ਨਾਲ ਇਕ ਸਵਰ ਹੋ ਗਿਆ, ਓਸ ਨੂੰ ਫਿਰ ਪਯਾਰ ਦਾ ਸਾਰਾ ਖੇਲ ਦਿਸਦਾ ਹੈ, ਓਸ ਦੀ ਉੱਚੀ ਹੋ ਗਈ ਦ੍ਰਿਸ਼ਟੀ ਫਿਰ ਜਵਾਨ ਆਦਮੀ ਦੀ ਉੱਚੀ ਦ੍ਰਿਸ਼ਟੀ ਵਾਂਙੂ ਖਿਡਾਉਣਿਆਂ ਵਾਲੇ ਹਰਖ਼ ਸ਼ੋਕ ਤੋਂ ਉੱਚੀ ਹੋ ਜਾਂਦੀ ਹੈ। ਮੈਂ ਨਹੀਂ ਕਹਿ ਸਕਦਾ ਕਿ ਮੈਂ ਤੁਸਾਨੂੰ ਗੁਰੂ ਜੀ ਦੇ ਆਸ਼ੇ ਨੂੰ ਠੀਕ ਤਰ੍ਹਾਂ ਦਸ ਰਿਹਾ ਹਾਂ ਕਿ ਨਹੀਂ, ਪਰ ਮੇਰਾ ਯਤਨ ਇਸ ਖਤ ਦਾ ਇਹੋ ਹੈ, ਜੇ ਇਸ ਤੋਂ ਆਪ ਦੇ ਦੁਖਿਤ ਚਿਤ ਨੂੰ ਕੁਛ ਸੁਖ ਮਿਲੇ ਤਾਂ 'ਅਨੰਤ ਦਾਤਾ' ਦਾ ਸ਼ੁਕਰ ਹੈ, ਜੇ ਨਾ ਕੋਈ ਰਹਨੁਮਾਈ ਮਿਲੇ ਤਾਂ ਇਨਸਾਨੀ ਅਕਲ ਕਾਸਰ ਹੈ ਕਿ ਅਪਨੇ ਚਮਤਕਾਰ ਮਾਤ੍ਰ ਨਾਲ ਜਗਤ ਬੁਝਾਰਤ ਨੂੰ, ਬਦੀ ਤੇ ਪੀੜਾ ਦੀ ਮੁੰਦਾਵਣੀ ਨੂੰ ਖੁਹਲ ਸਕੇ, ਕਿਸੇ ਦਾਨੇ ਨੇ ਕਿਹਾ ਹੈ :

کس نکشود و نکشاید بحکمت این معمارا

*ਕਸ ਨ ਕਸ਼ੂਦ ਓ ਨ ਕੁਸ਼ਾਯਦ ਬ ਹਿਕਮਤ ਈ ਮੁਇੰਮਾਰਾ।*

ਇਸ ਬੁਝਾਰਤ ਨੂੰ 'ਅਕਲ' ਮਾਤ੍ਰ ਨਾਲ ਨਾ ਕਿਸੇ ਖੁਹਲਿਆ ਹੈ ਤੇ ਨਾ ਕੋਈ ਖੁਹਲ ਸਕਦਾ ਹੈ।

ਕਿਉਂਕਿ ਸਾਡੀ ਜੋ ਅਕਲ ਹੈ, ਬੁੱਧੀ ਹੈ, ਯਾ ਜਿਸ ਨੂੰ Intellect ਆਖਦੇ ਹਨ ਇਹ ਤਾਂ ਸਰੀਰ ਨੂੰ ਜਗਤ ਵਿਚ ਸੁਖੀ ਰਖਣ ਵਾਸਤੇ ਬਾਹਰਮੁਖੀ ਸੰਦ ਹੈ। ਇਹ ਸਾਨੂੰ ਬਾਹਰਲੇ ਪਸਾਰੇ ਵਿਚ ਲੈ ਜਾਂਦੀ ਹੈ ਤੇ ਪੰਜਾਂ ਇੰਦ੍ਰਿਆਂ ਦੀ ਤਾਕਤ ਦੇ ਹੱਦ ਬੰਨੇ ਵਿਚ ਰਖਦੀ ਹੈ, ਅਨੁਮਾਨ ਤੇ ਤਜਰਬੇ ਆਦਿਕਾਂ ਨਾਲ ਪਸਾਰੇ ਵਿਚ ਸਲਾਮਤੀ ਦੇ ਰਾਹ ਸਿਖਾਲਦੀ


www.sikhbookclub.com

ਹੈ। 'ਅਨੰਤ ਅਸਲੀਅਤ' ਜੋ ਹੈ ਸੋ ਦ੍ਰਿਸ਼ਟਮਾਨ ਨਹੀਂ, ਓਹ ਦ੍ਰਿਸ਼ਟਾ ਹੈ, ਜਦੋਂ ਕਿਸੇ ਤ੍ਰੀਕੇ ਨਾਲ ਸਾਡੀ ਬੁੱਧੀ ਅੰਦਰੋਂ ਉਲਟੇ ਤੇ ਅੰਤਰਮੁਖ ਹੋਵੇ ਤਾਂ (ਜੈਸਾ ਕਿ ਮਰਦਾਨੇ ਨੂੰ ਗੁਰੂ ਜੀ ਨੇ ਕਿਹਾ ਸੀ) ਇਹ ਬੁੱਧ ਇਕ ਤਰ੍ਹਾਂ ਨਾਲ ਮਰਦੀ ਹੈ ਤੇ ਇਕ ਹੋਰ ਬੁੱਧ ਉਪਜਦੀ ਹੈ, ਓਹ ਬੁੱਧ ਦ੍ਰਿਸ਼ਟਾ ਦੇ ਕਾਰਖਾਨੇ ਨੂੰ ਵੇਖਦੀ ਹੈ ਤੇ ਜੇ ਕਿਸੇ ਨੇ ਸਮਝਣਾ ਹੈ ਕਿ (ਕਿਉਂ ਹੈ ਤੇ ਕੀਕੂੰ ਹੈ) ਤਾਂ ਉਸ ਦਾ ਸਾਮਾਨ ਦ੍ਰਿਸ਼ਟਾ ਪਦ ਵਿਚ ਹੈ, ਦ੍ਰਿਸ਼ਟਮਾਨ ਵਿਚ ਨਹੀਂ। ਇਸ ਲਈ ਦ੍ਰਿਸ਼ਟਮਾਨ ਤੋਂ ਉਠ ਕੇ ਦ੍ਰਿਸ਼ਟਾ ਵਾਲੇ ਪਾਸੇ ਰੁਖ ਬੰਨ੍ਹੀਦਾ ਹੈ, ਬੰਨ੍ਹਦੇ ਬੰਨ੍ਹਦੇ ਜਦ ਦ੍ਰਿਸ਼ਟਾ ਪਦ ਵਿਚ ਜਾ ਟਿਕੀਦਾ ਹੈ ਤਾਂ ਦ੍ਰਿਸ਼ਟੀ ਬਦਲਦੀ ਹੈ ਜੋ 'ਅਸਲੀਅਤ' ਨੂੰ ਅਨੁਭਵ ਕਰਦੀ ਹੈ। 'ਜਾਨਣ' ਦੀ ਹਾਲਤ ਹਦ ਬੰਨੇ ਵਾਲੀ ਹੈ ਤੇ 'ਅਨੁਭਵ' ਦੀ ਹਦ 'ਬੇਹਦ' ਵਿਚ ਹੈ।

ਇਹ ਗੱਲਾਂ ਮਾਤ੍ਰ ਨਹੀਂ, ਹਰਿਨਾਮ ਸਿਮਰਨ ਨਾਲ ਇਸ ਦੀ ਪ੍ਰਾਪਤੀ ਦਾ ਅਸਲੀ ਰਾਹ ਸਤਿਗੁਰ ਨੇ ਦਸ ਦਿਤਾ ਹੈ। ਜੋ ਸੰਖੇਪ ਮਾਤਰ ਉਪਰ ਕਥਿਆ ਹੈ।

ਜਿਸ ਹਾਲਤ ਵਿਚ ਅਸੀਂ ਹਾਂ ਸਾਨੂੰ ਸਮਝਣਾ ਚਾਹਯੇ ਕਿ ਅਸੀਂ ਮਨ ਬੁਧੀ ਕਰਕੇ ਐਸੇ ਟਿਕਾਣੇ ਨਹੀਂ ਹਾਂ ਕਿ 'ਕੁਲ' ਨੂੰ ਸਮਝ ਸਕੀਏ, ਜੋ ਹੋ ਰਿਹਾ ਹੈ ਸੋ ਹੁਕਮ ਹੈ, ਅਸੀਂ ਮਾਰਗ ਤੇ ਪੈ ਜਾਈਏ, ਸਮਾਂ ਆਵੇਗਾ ਕਿ ਅਸੀਂ 'ਅਸਲੀਅਤ' ਨੂੰ ਅਨੁਭਵ ਕਰਾਂਗੇ। ਇਸ ਵੇਲੇ ਭਰੋਸਾ ਲੋੜੀਏ ਕਿ

*ਮੀਤੁ ਕਰੈ ਸੋਈ ਹਮ ਮਾਨਾ॥*
*ਮੀਤ ਕੇ ਕਰਤਬ ਕੁਸਲ ਸਮਾਨਾ॥*
(ਗਉੜੀ ਮ:੫, ਪੰਨਾ:੧੮੭)

ਤੁਸੀਂ ਲਿਖਦੇ ਹੋ ਕਿ ਤੁਸਾਂ ਸਤਿਸੰਗ ਕੀਤਾ ਹੈ ਅਤੇ ਕਿਸੇ ਮਹਾਂਪੁਰਖ ਨੇ ਤੁਸਾਨੂੰ ਆਖਿਆ ਹੈ ਕਿ ਚਪੇੜ ਪਿਤਾ ਪੁਤ੍ਰ ਨੂੰ ਮਾਰਦਾ ਹੈ, ਯਤੀਮ ਨੂੰ 'ਪਿਤ੍ਰੀ-ਚਪੇੜ' ਪ੍ਰਾਪਤ ਨਹੀਂ ਹੁੰਦੀ। ਜਦ ਐਸੇ ਦਿਲਾਸਾ ਦੇਣ ਵਾਲੇ

ਤੇ ਇਕ ਫ਼ਿਕਰ ਵਿਚ ਸੁਮੱਤ ਦੇਣ ਵਾਲੇ ਮਹਾਂਪੁਰਖ ਦਾ ਸੰਗ ਤੁਸਾਂ ਨੂੰ ਪ੍ਰਾਪਤ ਹੈ ਤਾਂ ਡੋਲਨਾ ਕੁਛ ਨਹੀਂ ਸੰਵਾਰ ਸਕਦਾ। ਸ਼ੁਕਰ ਕਰਨਾ ਤੇ ਨਾਮ ਵਿਚ ਉਠਨਾ ਤੇ ਅੰਤਰਮੁਖ ਜੀਵਨ ਦਾ ਯਤਨ ਕਰਨਾ ਲਾਭਕਾਰੀ ਹੋ ਸਕਦਾ ਹੈ।

ਵਾਹਿਗੁਰੂ ਰਹਮਤ ਕਰੇ ਤੇ ਇਸ ਖੇਦ ਵਿਚ ਆਪ ਨੂੰ ਠੰਡ ਸ਼ਾਂਤੀ ਤੇ ਸੁਖ ਦੇਵੇ ਤੇ ਆਪਨੇ ਨੇੜੇ ਕਰੇ।

ਆਪ ਦਾ ਹਿਤਕਾਰੀ,
ਵੀਰ ਸਿੰਘ

- o -

*P. S. ਉਪ੍ਰਲੀ ਗੱਲਬਾਤ ਅੰਦਰਲੇ ਜੀਵਨ ਦੀ ਹੈ। ਬਾਹਰ ਜਿਥੇ ਦੁਖ ਵਾਪਰ ਰਹੇ ਹਨ ਸਤਿਗਰ ਨੇ ਦੋ ਬਾਤਾਂ ਦਸੀਆਂ ਇਕ ਤਾਂ ਇਹ ਹੈ ਕਿ 'ਰਚਨਾ ਵਿਚ ਉਮਾਹ' ਬੀ ਹੈ। ਬਾਵਜੂਦ ਦੁਖਾਂ ਦੇ ਮਰਨੇ ਦਾ ਚਿਤ ਕਿਸੇ ਨੂੰ ਨਹੀਂ ਕਰਦਾ। ਤਾਂ ਤੇ ਜੀਉਂਦੇ ਰਹਨ ਵਿਚ ਕੋਈ ਗੱਲ ਵਾਂਛਤ ਬੀ ਹੈ ਇਸ ਲਈ ਆਪਨੇ ਜਗਤ ਨੂੰ ਢੈਂਦੀਆਂ ਕਲਾਂ ਵਿਚ ਨਹੀਂ ਸੁਟਿਆ, ਪਰ ਦੁਖ ਵੇਲੇ ਦੁਖ ਪੀੜਤਾਂ ਦੀ ਅਮਲੀ ਸਹਾਯਤਾ ਸਿਖਾਈ। ਸਿੱਖ ਅੰਦ੍ਰਲੇ ਦੇ ਟਿਕਾਉ ਨਾਲ ਖੇੜੇ ਵਿਚ ਰਹਿੰਦਾ ਹੈ ਤੇ ਜਗਤ ਪੀੜਾ ਹਰਨ ਲਈ ਸੰਸਾਰ ਸੇਵਾ ਵਿਚ ਹਥ ਵਟਾਉਂਦਾ ਹੈ।

ਪੱਤਰ ਦਾ ਪੁਨਰ-ਪਾਠ ਸਾਨੂੰ ਆਪਣੀਆਂ ਪ੍ਰਸਤਾਵੀ ਧਾਰਨਾਵਾਂ ਉਪਰ ਹੀ ਲੈ ਆਉਂਦਾ ਹੈ। ਪੱਤਰ ਪੜ੍ਹਨ ਤੋਂ ਇਹ ਪਤਾ ਲਗਦਾ ਹੈ ਕਿ ਸਾਰੀ ਗੱਲ ਜੁਆਨੀ ਦੀ ਮੌਤ ਤੋਂ ਸ਼ੁਰੂ ਹੁੰਦੀ ਹੈ। ਤੇ ਭਾਈ ਸਾਹਿਬ ਅਜਿਹੀ ਮੌਤ ਦੇ ਦੁਖ ਨੂੰ ਆਪਣੀ ਚਿੱਠੀ ਵਿਚ ਪੂਰੀ ਤਰ੍ਹਾਂ ਉਘਾੜਦੇ ਹਨ ਤਾਂ ਕਿ ਦੁਖ ਦੀ ਦਰਦ ਦੇਣ ਵਾਲੀ ਦਸ਼ਾ ਉਘੜ ਕੇ ਸਾਹਮਣੇ ਆ ਸਕੇ। ਇਸ ਤੋਂ ਉਪਰੰਤ ਉਹ ਦੁਖ ਦੀ ਇਸ ਸਥਿਤੀ ਨੂੰ ਤਿਆਗਣ ਦੇ ਰਾਹ ਉਤੇ ਪੈਂਦੇ ਹਨ ਅਤੇ ਇਸੇ ਸੰਬੰਧ ਵਿਚ ਉਹ ਪ੍ਰਪੰਚ ਦੀ ਅਸਥਿਰਤਾ ਤੇ ਪ੍ਰਬੰਧ ਦੀ

* Post-Script


www.sikhbookclub.com


ਸਥਿਰਤਾ ਦੀ ਗੱਲ ਕਰਦੇ ਹਨ ਅਤੇ ਦੱਸਦੇ ਹਨ ਕਿ ਮਨੁੱਖ ਅੰਦਰ ਪੈਦਾ ਹੋਣ ਵਾਲਾ ਦੁੱਖ ਵੀ ਇਕ ਕਿਸਮ ਦਾ ਪ੍ਰਪੰਚੀ ਪ੍ਰਤੀਕਰਮ ਹੀ ਹੈ, ਜੋ ਮਨੁੱਖ ਨੂੰ ਪ੍ਰਾਕਿਰਤਿਕ ਗੁਲਾਮੀ ਦੇ ਸਹਿਜ ਵਿਚ ਆ ਘੇਰਦਾ ਹੈ। ਪਰੰਤੂ ਜੇਕਰ ਮਨੁੱਖ ਨੇ ਆਪਣੀ ਮਨੁੱਖਤਾ ਤੇ ਆਜ਼ਾਦੀ ਨੂੰ ਬਰਕਰਾਰ ਰਖਣਾ ਹੈ ਤਾਂ ਉਸ ਨੇ ਅਜਿਹੇ ਪਾਰਵਿਰਤਕ ਤੇ ਪ੍ਰਪੰਚੀ ਪ੍ਰਤਿਕਰਮਾਂ ਨੂੰ ਉਲੰਘ ਕੇ ਅਤਿਅੰਤ ਸੰਜਮੀ ਤੇ ਪ੍ਰਬੰਧੀ ਦ੍ਰਿਸ਼ਟੀ ਪ੍ਰਾਪਤ ਕਰਨੀ ਹੈ। ਇਸੇ ਦਸ਼ਾ ਵਿਚ ਮਨੁੱਖ ਦੀ ਪਹੁੰਚ ਪ੍ਰਪੰਚ ਦੇ ਉਤਾਰਾਂ ਚੜ੍ਹਾਵਾਂ ਸੰਬੰਧੀ ਬਦਲ ਜਾਂਦੀ ਹੈ ਅਤੇ ਉਹ ਇਨ੍ਹਾਂ ਉਤਾਰਾਂ ਚੜ੍ਹਾਵਾਂ ਵਿਚੋਂ ਪੈਦਾ ਹੋਣ ਵਾਲੇ ਸ਼ਕਤੀ ਦੇ ਵੇਗ ਨੂੰ ਆਰਥਕਤਾ ਦੇ ਸੰਜਮ ਤੇ ਸਾਰਥਕਤਾ ਦੇ ਸੰਗਠਨ ਵਿਚ ਬੰਨ੍ਹ ਦਿੰਦਾ ਹੈ। ਦੁਖ ਤੇ ਮੌਤ ਵੱਲ ਉਪਰੋਕਤ ਪਹੁੰਚ-ਵਿਧੀ ਇਹ ਦਰਸਾਉਂਦੀ ਹੈ ਕਿ ਪ੍ਰਪੰਚ ਦੇ ਨੇਮਾਂ ਦੀ ਸੋਝੀ ਦੁਆਰਾ ਮਨੁੱਖ, ਪ੍ਰਪੰਚ ਨੂੰ ਆਪਣੀ ਉਚੇਰੀ ਮਾਨਸਿਕਤਾ ਦੀ ਪਕੜ ਵਿਚ ਲੈਂਦਾ ਹੈ ਤੇ ਇਸ ਤਰ੍ਹਾਂ ਦੁਖਾਂ ਦੇ ਗੋਰਖਧੰਦੇ ਨੂੰ ਸਮਝ ਸਕਣ ਦੀ ਤੌਫ਼ੀਕ ਰਖਣ ਲਗ ਪੈਂਦਾ ਹੈ। ਇਸੇ ਹਾਲਤ ਵਿਚ ਉਹ ਪ੍ਰਤੀਕਰਮਾਂ ਦੀ ਪੱਧਰ ਉਤੇ ਦੁਖਾਂ ਵੱਲ ਆਪਣਾ-ਆਪ ਪ੍ਰਗਟਾਉਣ ਦੀ ਥਾਂ, ਇਨ੍ਹਾਂ ਵਿਚੋਂ ਦ੍ਰਿਸ਼ਟੀਪਰਕ ਪ੍ਰਬੰਧ ਦੀ ਸਿਰਜਨਾ ਕਰਦਾ ਹੈ। ਇਹੋ ਹੁਕਮ ਤੇ ਭਾਣੇ ਨਾਲ ਇਕਸੁਰ ਹੋਣ ਦੀ ਜੁਗਤ ਹੈ।

ਇਸ ਵਿਆਪਕ ਭੂਮਿਕਾ ਦੀ ਨਿਰੰਤਰਤਾ ਵਿਚ ਅਗੇ ਤੁਰਦਿਆਂ ਅਸੀਂ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਪੱਤਰਾਂ ਨੂੰ ਪੰਜਾਬੀ ਪਾਠਕਾਂ ਲਈ ਪ੍ਰਸਤੁਤ ਕਰਨ ਦੀ ਖੁਸ਼ੀ ਲੈ ਰਹੇ ਹਾਂ। ਪੱਤਰਾਂ ਨੂੰ ਉਨ੍ਹਾਂ ਦੇ ਮੌਲਿਕ ਰੂਪ ਵਿਚ ਪੇਸ਼ ਕਰਨ ਤੋਂ ਪਹਿਲੋਂ ਉਨ੍ਹਾਂ ਦਾ ਉਚਿਤ ਪ੍ਰਸੰਗ ਤਿਆਰ ਕਰਨਾ ਅਸੀਂ ਲਾਜ਼ਮੀ ਸਮਝਿਆ ਹੈ ਕਿਉਂਕਿ ਇਸੇ ਨਾਲ ਹੀ ਪੱਤਰਾਂ ਦੀ ਮਹੱਤਤਾ ਉਘੜਦੀ ਪ੍ਰਤੀਤ ਹੁੰਦੀ ਹੈ। ਇਸ ਮਤਲਬ ਲਈ ਅਸੀਂ ਹਰ ਪੱਤਰ ਦੇ ਜਾਂ ਵਿਸ਼ੇਸ਼ ਥੀਮ ਦੇ ਦੁਆਲੇ ਲਿਖੀਆਂ ਪੱਤਰ-ਮੰਡਲੀਆਂ ਦੇ ਆਰੰਭ ਵਿਚ ਪਰਿਚਾਯਕ ਟਿੱਪਣੀਆਂ ਤਿਆਰ ਕੀਤੀਆਂ ਹਨ।

- o -


www.sikhbookclub.com

## ਭਾਈ ਸਾਹਿਬ ਦੀ ਹੱਥ-ਲਿਖਤ ਦਾ ਨਮੂਨਾ





www.sikhbookclub.com

# ਪਰਿਚਾਯਕ ਟਿੱਪਣੀ

ਇਸ ਪੱਤਰ ਵਿਚ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਆਪਣੀ ਅਧਿਆਤਮਕ ਯੋਗਿਤਾ ਤੇ ਦ੍ਰਿਸ਼ਟੀ ਦੇ ਆਧਾਰ ਉਪਰ ਸੰਦੇਸ਼-ਸੰਚਾਰ ਦੀ ਪ੍ਰਕਿਰਿਆ ਨੂੰ ਸਮਝਾਉਂਦੇ ਹਨ ਅਤੇ ਦਸਦੇ ਹਨ ਕਿ ਸੰਦੇਸ਼-ਸੰਚਾਰ ਵਿਚ, ਸੰਦੇਸ਼ ਲਿਆਉਣ ਵਾਲਾ ਵਿਅਕਤੀ ਤੇ ਸੰਦੇਸ਼ ਦੀ ਆਪਣੀ ਸਾਰਥਕਤਾ ਨੂੰ ਨਿਸ਼ਚਿਤ ਕਰਨ ਤੇ ਘੜਨ ਵਾਲਾ ਕੋਡ ਆਦਿ ਸ਼ਾਮਲ ਹੁੰਦੇ ਹਨ। ਆਮ ਤੌਰ ਉਤੇ ਵੇਖਿਆ ਜਾਂਦਾ ਹੈ ਕਿ ਸੰਦੇਸ਼ ਨੂੰ ਗ੍ਰਹਿਣ ਕਰਨ ਲਗਿਆਂ ਵਿਅਕਤੀ ਸੰਦੇਸ਼ ਨਾਲੋਂ ਕਿਤੇ ਵੱਧ, ਸੰਦੇਸ਼ ਦੇਣ ਵਾਲੇ ਦੇ ਸਰੀਰਕ ਦਿਦਾਰੇ ਤੇ ਮੁਖਾਰਬਿੰਦ ਤੋਂ ਉਚਾਰੇ ਬਚਨਾਂ ਉਪਰ ਧਿਆਨ ਦੇ ਕੇ ਸੁਆਦ ਲੈਂਦੇ ਹਨ। ਭਾਈ ਵੀਰ ਸਿੰਘ ਜੀ ਅਜਿਹੀ ਦਸ਼ਾ ਨੂੰ ਸੰਦੇਸ਼ ਤੋਂ ਧਿਆਨ ਲਾਂਭੇ ਲਿਜਾਣ ਵਾਲੀ ਤੇ ਸੁਰਤਿ ਨੂੰ ਖਿੰਡਾਉਣ ਵਾਲੀ ਅਵਸਥਾ ਦਸਦੇ ਹਨ ਅਤੇ ਉਹ ਇਹ ਕਹਿੰਦੇ ਹਨ ਕਿ ਉਹ ਸੰਦੇਸ਼ ਨੂੰ ਸਰੀਰਕ ਤੇ ਪ੍ਰਤੱਖ ਦੀ ਪੱਧਰ ਉਤੇ ਸੁਆਦ ਪ੍ਰਦਾਨ ਕਰਨ ਵਾਲੀ ਰੰਗੀਨੀ ਨੂੰ ਪੇਸ਼ ਕਰਨ ਮਾਤਰ ਹੈ। ਭਾਈ ਵੀਰ ਸਿੰਘ ਅਜਿਹੀ ਰੰਗੀਨ ਹਾਜ਼ਰੀ ਤੋਂ ਤੁਰਕੇ ਵਿਅਕਤੀ ਨੂੰ ਸੰਦੇਸ਼ ਤੇ ਉਸ ਸੰਦੇਸ਼ ਦੀ ਅਮੂਰਤ ਪਿੱਠ-ਭੂਮੀ ਵਿਚ ਲੈ ਜਾਣਾ ਚਾਹੁੰਦੇ ਹਨ ਜਿਥੇ ਸੰਦੇਸ਼ ਆਪਣੇ ਸਥਿਤ ਤੇ ਸਦਕਾਇਮੀ ਵਾਲੇ ਸਰੋਤ ਨਾਲ ਜੁੜਿਆ ਹੁੰਦਾ ਹੈ। ਆਧੁਨਿਕ ਭਾਸ਼ਾ ਵਿਗਿਆਨ ਦੇ ਅਰਥਾਂ ਵਿਚ ਇਹ ਨੇਮਪਰਕ ਤੇ ਵਿਆਕਰਣਪਰਕ ਕੋਡ ਉਪਰ ਧਿਆਨ ਟਿਕਾਣ ਵਾਲੀ ਦ੍ਰਿਸ਼ਟੀ ਹੈ ਜੋ ਇਸ ਗੱਲ ਉਤੇ ਜ਼ੋਰ ਦਿੰਦੀ ਹੈ ਕਿ ਕੋਡ ਤੇ ਗ੍ਰਾਮਰ ਹੀ ਮਿਲਕੇ ਕਿਸੇ ਸੰਦੇਸ਼ ਨੂੰ ਸੁਗੱਠਵਾਂ ਤੇ ਇਕਰਸ ਕਰਦੇ ਹਨ। ਅਸਲ ਵਿਚ ਇਹ ਸੰਦੇਸ਼ ਹੀ ਪ੍ਰਪੰਚੀ ਹਾਜ਼ਰੀ ਤੋਂ ਸੰਦੇਸ਼-ਸਰੋਤ ਦੀ ਪ੍ਰਬੰਧੀ ਗੈਰਹਾਜ਼ਰੀ ਵੱਲ ਜਾਣ ਦੀ ਪ੍ਰਕਿਰਿਆ ਹੈ ਜੋ ਮਾਨਵੀ ਮਾਨਸਿਕਤਾ ਦੇ ਨਿਰਮਾਣ ਵਿਚ ਬੁਨਿਆਦੀ ਹੈ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਇਸੇ ਗੱਲ ਨੂੰ ਆਪਣੇ ਅਧਿਆਤਮੇ ਤੇ ਸੰਸਥਾਵੀ ਮੁਹਾਵਰੇ ਵਿਚ ਬਾਹਰਲੀ ਸਰੀਰਕ ਅਸਥਿਰਤਾ ਤੋਂ ਅੰਦਰਲੀ ਧਿਆਨੀ ਸਦਕਾਇਮੀ ਵਾਲੀ ਅਵਸਥਾ ਵੱਲ ਜਾਣ ਦੀ ਯਾਤਰਾ ਕਹਿੰਦੇ ਹਨ। ਹੇਠਲੀ ਚਿੱਠੀ ਨੂੰ ਇਸੇ ਦਿਸ਼ਾ ਵਿਚ ਪੜ੍ਹਨ ਨਾਲ ਹੀ ਇਸ ਦਾ ਮਹੱਤਵ ਉਜਾਗਰ ਹੁੰਦਾ ਹੈ।

ੴ ਸ੍ਰੀ ਵਾਹਗੁਰੂ ਜੀ ਕੀ ਫਤਹ

ਅੰਮ੍ਰਿਤਸਰ :੧੯੧੨

ਪਵਿਤ੍ਰਾਤਮਾ ਜੀਓ,

ਸੁਨੇਹਾ ਪੁਚਾਣ ਵਾਲਾ ਤੁਹਾਨੂੰ ਆਤਮ ਰਸ ਦਾ ਹੁਲਾਰਾ ਦੇਣ ਵਾਲਾ ਇਸ ਵਾਸਤੇ ਦਰਸ਼ਨ ਮਾਤ੍ਰ ਦੇ ਝਲਕੇ ਨਾਲ ਸੁਆਦ ਦੇਣ ਹਾਰਾ ਸੀ ਕਿ ਉਸਨੂੰ ਕਿਸੇ ਨੇ ਆਪਣੇ ਰੰਗ ਵਿਚ ਰੰਗ ਕੇ ਘਲਿਆ ਸੀ ਅਰ ਉਸਦੇ ਸਿਰ ਉਤੇ ਓਸ ਵੇਲੇ ਕਿਸੇ ਦਾ ਹੱਥ ਸੀ, ਤੁਹਾਨੂੰ ਓਹ ਚੰਗਾ ਲਗ ਗਿਆ। ਚਾਹੀਦਾ ਸੀ ਕਿ ਓਹ ਚੰਗਯਾਈ ਗੁਰ ਨਾਨਕ ਵੱਲ ਲੈ ਜਾਂਦੀ ਕਿ ਓਹ ਕੇਡਾ ਚੰਗਾ ਹੈ, ਜਿਸਦੇ ਦੂਤ ਵਿਚ ਐਨਾ ਅਸਰ ਹੈ। ਤੁਹਾਨੂੰ ਦੂਤ ਚੰਗਾ ਲਗ ਗਿਆ, ਅੰਦਰੋਂ ਧਯਾਨ ਦੀ ਤਾਰ ਵਿਚ ਫਰਕ ਪੈ ਗਿਆ, ਏਸ ਕਰਕੇ ਤੁਸੀਂ ਉਦਾਸ ਹੋਏ।

ਓਹ ਮਾੜਾ ਤਾਂ ਨਹੀਂ ਸੀ, ਚੰਗਾ ਸੀ, ਪਰ ਵਧੀਕ ਚੰਗਾ ਘਲਣ ਵਾਲੇ ਦੇ 'ਵਰ' ਕਰਕੇ ਸੀ, ਓਹ ਚੰਗਯਾਈ ਪ੍ਰਦਾਨ ਕਰਨੇ ਵਾਸਤੇ ਆਯਾ ਸੀ। ਚੰਗਯਾਈ, ਰਸ, ਸ਼ਾਂਤੀ, ਸ਼ੁਕਰ ਲੈਣਾ ਸੀ। ਉਸਦੀ ਸੂਰਤ ਨਹੀਂ ਲੈਣੀ ਸੀ। ਸੂਰਤ ਆਪਣੇ ਧਯਾਨ ਵਿਚ ਗੁਰੂ ਨਾਨਕ ਕੈਮੀ ਕਰੋ, ਕੈਮੀ ਕਰਦੇ ਸਾਰ ਤੁਸਾਂ ਵਿਚ ਝਲਕਾ ਮਾਰੇਗਾ।

ਧਯਾਨ ਦੀ ਖੇਡ ਕਠਨ ਹੈ, ਜਿਸ ਦਰਜੇ ਤੇ ਧਯਾਨ ਨੇ ਚੰਗਾ ਲਗਨਾ ਹੈ, ਓਸ ਦਰਜੇ ਦੀ ਚੰਗਯਾਈ ਕਿਸੇ ਦੀ ਨਹੀਂ ਸਮਝਣੀ। ਓਹ ਤਾਰ ਸਭ ਤੋਂ ਉਚੀ ਰਖਿਆ ਕਰੋ।

ਇਹ ਬ੍ਰੀਕ ਜੇਹੀ ਗਲ ਹੈ, ਡੂੰਘੀ ਅੰਦਰ ਸੋਚ ਦਿਓਗੇ ਤਾਂ ਸਮਝ ਵਿਚ ਪਵੇਗੀ। ਇਹ ਪਯਾਰ ਭਰੀ ਸਿਖਯਾ ਹੈ, ਉਲਾਂਭਾ ਯਾ ਝਿੜਕ ਨਹੀਂ ਹੈ। ਓਸ ਦਿਨ ਦੀ ਤੁਹਾਡੀ ਅੱਖਾਂ ਅਗੇ ਮਲੋ ਮਲੀ ਓਹ ਸੂਰਤ ਫਿਰ ਜਾਂਦੀ ਹੈ। ਹੁਣ ਓਸ ਸੂਰਤ ਨੂੰ ਨਾ ਅੱਖਾਂ ਅਗੇ ਲਿਆਉ। ਸੁਨੇਹਾ ਸਤਿਗੁਰ ਦਾ ਹੈ, ਪਯਾਰਾ ਸਤਿਗੁਰ ਹੈ, ਪਯਾਰਾ ਸਤਿਗੁਰ ਦਾ ਸੁਨੇਹਾ ਹੈ। ਸੂਰਤ


www.sikhbookclub.com

ਵਿਚ ਧਯਾਨ ਵਾਲੇ ਟਿਕਾਣੇ ਵਿਚ ਕੇਵਲ ਸਤਿਗੁਰ ਚੰਗਾ ਲਗੇ, ਤਦ ਤਾਂ ਤਾਰ ਸਾਫ ਹੁੰਦੀ ਹੈ ਨਹੀਂ ਤਾਂ ਤੱਕਲੇ ਵਿਚ ਵਲ ਪੈਂਦਾ ਹੈ ਤੇ ਰਸ ਭਜ ਜਾਂਦਾ ਹੈ।

ਇਹ ਗਤਕੇਬਾਜ਼ੀ ਦੀ ਖੇਡ ਹੈ, ਧਯਾਨ ਦੀ ਤਾਰ ਗੱਤਕੇ ਬਾਜ਼ ਦੀ ਉਕ ਕੇ ਹੋਰਥੇ ਪਈ ਨਹੀਂ ਤੇ ਗੱਤਕਾ ਵਜਾ ਨਹੀਂ। ਮਤਲਬ ਇਹ ਹੈ ਕਿ ਆਪਦੇ ਸਤਿਗੁਰ ਦੇ ਧਯਾਨ ਨੂੰ ਪਯਾਰ ਕਰੋ। ਸਭ ਤੋਂ ਚੰਗਾ ਸਤਿਗੁਰ ਦਾ ਧਯਾਨ ਹੈ।

ਹਿਤਕਾਰੀ,
ਵੀਰ ਸਿੰਘ

- o -

## ਪਰਿਚਾਯਕ ਟਿੱਪਣੀ

ਇਹ ਚਿੱਠੀ ਸੰਸਾਰਕ ਹੁਲਾਸ ਤੇ ਬਾਣੀ-ਰਸ ਦਾ ਅੰਤਰ ਸਪਸ਼ਟ ਕਰਨ ਵਾਲੀ ਹੈ। ਭਾਈ ਵੀਰ ਸਿੰਘ ਜੀ ਇਸ ਅੰਤਰ ਨੂੰ ਸਿੱਖ ਮਰਯਾਦਾ ਦੀ ਸੰਸਥਾਗਤ ਭਾਸ਼ਾ ਵਿਚ ਹੀ ਵਿਆਖਿਆਉਂਦੇ ਹਨ, ਪਰੰਤੂ ਉਨ੍ਹਾ ਦੀ ਗੱਲ ਨੂੰ ਪੂਰੀ ਤਰ੍ਹਾਂ ਮੰਨਦਿਆਂ ਹੋਇਆਂ ਸਾਡੇ ਲਈ ਯੋਗ ਇਹ ਬਣਦਾ ਹੈ ਕਿ ਅਸੀਂ ਇਸ ਦੀ ਵਿਆਖਿਆ ਆਧੁਨਿਕ ਗਿਆਨ-ਵਿਗਿਆਨ ਦੇ ਮੁਹਾਵਰੇ ਵਿਚ ਕਰੀਏ। ਜਦੋਂ ਅਸੀਂ ਅਜਿਹੀ ਧਾਰਨਾ ਬਣਾਉਂਦੇ ਹਾਂ ਤਾਂ ਸਾਡੀ ਸਮੱਸਿਆ ਸੰਸਾਰਕ ਅਨੰਦ ਦੇਣ ਵਾਲੇ ਪਾਠ ਤੇ ਰਚਿਤ ਪਾਠ ਵਿਚੋਂ ਪੈਦਾ ਹੋਣ ਵਾਲੇ ਗਿਆਨ-ਅਨੰਦ ਨਾਲ ਸੰਬੰਧਿਤ ਹੈ ਅਤੇ ਸੰਸਾਰਕ ਅਨੰਦ ਦੇਣ ਵਾਲਾ ਪਾਠ ਸਾਡੇ ਲਈ ਭਾਈ ਵੀਰ ਸਿੰਘ ਜੀ ਦੇ ਸ਼ਬਦਾਂ ਵਿਚ ਸੰਸਾਰਿਕ ਹੁਲਾਸ ਵਾਲਾ ਪਾਠ ਹੈ। ਇਸ ਤਰ੍ਹਾਂ ਇਹ ਚਿੱਠੀ ਇਕ ਅਜਿਹਾ ਪ੍ਰਵਚਨ ਹੈ ਜੋ ਕਾਵਿ-ਪ੍ਰਵਚਨ ਤੇ ਬਾਣੀ ਦੇ ਕਾਵਿ-ਸ਼ਾਸਤਰ ਨੂੰ ਨਿਸ਼ਚਿਤ ਕਰਦਾ ਹੈ। ਇਸ ਦਿਸ਼ਾ ਵਿਚ ਇਸ ਚਿੱਠੀ ਨੂੰ ਪੜ੍ਹਨਾ ਗਿਆਨ-ਮਾਰਗ ਵੱਲ ਜਾਣ ਦੇ ਬਰਾਬਰ ਹੈ।

**੧ੴ ਸ੍ਰੀ ਵਾਹਗੁਰੂ ਜੀ ਕੀ ਫਤਹ**

ਅੰਮ੍ਰਿਤਸਰ:੨੭-੩-੧੯੧੨

ਪਵਿਤ੍ਰਾਤਮਾ ਜੀਓ,

ਹੁਨ ਓਹ ਸੰਸਾਰਕ ਹੁਲਾਸ ਦਾ ਵੇਲਾ, ਜੋ ਬਾਣੀ ਰਸ ਤੋਂ ਜਰਾ ਫਰਕ ਪਾਣ ਵਾਲਾ ਸੀ, ਦੱਸ ਗਯਾ ਹੈ ਕਿ ਬਾਣੀ ਦਾ ਰਸ ਕੈਸਾ ਉੱਚਾ, ਸਵਛ ਤੇ ਪਾਵਨ ਰਸ ਹੈ, ਜਿਸਦੇ ਅਗੇ ਸੰਸਾਰ ਦੇ ਰਸ ਹੇਠ ਹਨ,

*ਭਿੰਨੀ ਰੈਨੜੀਐ ਚਮਕਨਿ ਤਾਰੇ॥*
*ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥*

(ਆਸਾ ਮ:੫, ਛੰਤ, ਪੰਨਾ:੪੫੯)

ਬਿਮਾਰੀ ਸਾਨੂੰ ਕੋਈ ਨਹੀਂ ਹੋ ਸਕਦੀ, ਵਾਹਿਗੁਰੂ ਦਾ ਨਾਮ ਜਪੋ ਅਰ ਦ੍ਰਿੜ ਵਿਸ਼ਵਾਸ ਕਰੋ ਕਿ ਬਿਮਾਰੀ ਘਟ ਰਹੀ ਹੈ ਅਰ ਦੂਰ ਹੋ ਰਹੀ ਹੈ। ਸੁਰਤ ਖਰਾਬ ਹੋਯਾਂ ਸਰੀਰ ਵਿਗੜਦਾ ਹੈ, ਸੁਰਤਿ ਉਚੀ, ਖੁਸ਼, ਰਸ ਭਰੀ ਯਾਦ ਵਾਹਿਗੁਰੂ ਦੀ ਵਿਚ ਰਖਯਾ ਕਰੋ। ਘਬਰਾ ਕੇ ਸੁਰਤਿ ਨੂੰ ਸੋਚਾਂ ਨਾ ਪਾਯਾ ਕਰੋ। ਬਿਮਾਰੀ ਨੂੰ ਦਾਰੂ ਫੈਦਾ ਕਰਦਾ ਹੈ, ਜੇ ਅੰਦਰੋਂ ਸੁਰਤਿ ਬੀ ਬਿਮਾਰੀ ਨੂੰ ਧਕਾ ਮਾਰੇ। ਤੁਸੀਂ ਆਪ ਧਕਾ ਮਾਰਿਆ ਕਰੋ। ਸ਼ੇਰ ਰਿਹਾ ਕਰੋ। ਕਲਗੀਆਂ ਵਾਲੇ ਸ਼ਹਨਸ਼ਾਹ ਦੇ ਬੱਚੇ ਬੱਚੀਆਂ ਸ਼ਹਜ਼ਾਦੇ ਤੇ ਸ਼ਹਜ਼ਾਦੀਆਂ ਹਨ। ਸਦਾ ਆਤਮ ਹੁਲਾਰੇ ਦੀਆਂ ਚੜ੍ਹਦੀਆਂ ਕਲਾਂ ਵਿਚ ਰਹਿਣਾ ਚਾਹੀਦਾ ਹੈ।

ਹਿਤਕਾਰੀ,
ਵੀਰ ਸਿੰਘ

– o –

ਨੋਟ : ਸੰਸਾਰ-ਅਨੰਦ ਤੇ ਗਿਆਨ-ਅਨੰਦ ਨੂੰ ਇਕ ਦੂਜੇ ਤੋਂ ਨਖੇੜਨ ਵਾਲੀਆਂ ਕਈ ਹੋਰ ਚਿੱਠੀਆਂ ਵੀ ਹਨ। ਉਨ੍ਹਾਂ ਨੂੰ ਵੀ ਇਸੇ ਪਰਿਚਾਯਕ ਟਿੱਪਣੀ ਦੇ ਪ੍ਰਸੰਗ ਅਧੀਨ ਹੀ ਪੜ੍ਹਨਾ ਉਚਿਤ ਹੈ।

 www.sikhbookclub.com

**੧ਓ ਸ੍ਰੀ ਵਾਹਗੁਰੂ ਜੀ ਕੀ ਫਤਹ**

੧੪-੭-੧੯੧੨

ਪਿਆਰੇ ਜੀਓ,

*ਗੁਨ ਗਾਵਤ ਤੇਰੀ ਉਤਰਸਿ ਮੈਲੁ॥*
*ਬਿਨਸਿ ਜਾਇ ਹਉਮੈ ਬਿਖੁ ਫੈਲੁ॥*
(ਗਉੜੀ ਮ:੫, ਪੰਨਾ:੨੮੯)

*ਸਭ ਤੇ ਊਤਮ ਹਰਿ ਕੀ ਕਥਾ॥*
*ਨਾਮੁ ਸੁਨਤ ਦਰਦ ਦੁਖ ਲਥਾ॥*
(ਗਉੜੀ ਸੁਖਮਨੀ ਮ:੫, ਪੰਨਾ:੨੬੪)

ਸ੍ਰੀ ਗੁਰੂ ਨਾਨਕ ਦੇਵ ਦੀ ਮਹਿਮਾ ਦਾ ਪ੍ਰੇਮ ਏਹੀ ਤਾਰਨਹਾਰ ਭਗਤੀ ਹੈ। ਸਤਿਗੁਰ ਨਾਨਕ ਬੜਾ ਮਿੱਠਾ, ਪਯਾਰਾ, ਠੰਡਾ, ਉਮਾਹੀ ਤੇ ਰਸ ਭਰਿਆ ਹੈ। ਓਸ ਦੀ ਯਾਦ, ਪਯਾਰ ਭਰੀ ਯਾਦ, ਓਸ ਦੇ ਚਰਨਾਂ ਦੀ ਸਿਕ ਸਾਡੇ ਵਿਚ ਛੇਵਾਂ ਰਸ ਪੈਦਾ ਕਰਦੀ ਹੈ।

*ਤਿਹੀ ਗੁਣ ਸੰਸਾਰੁ ਭ੍ਰਮਿ ਸੁਤਾ*
*ਸੁਤਿਆ ਰੈਣਿ ਵਿਹਾਣੀ॥*
(ਰਾਮਕਲੀ ਮ:੩, ਅਨੰਦ, ਪੰਨਾ:੯੨੦)

ਤਿੰਨਾ ਗੁਣਾਂ ਵਿਚ ਸੁਤਾ ਪਿਆ ਸੰਸਾਰ ਪੰਜਾਂ ਰਸਾ ਦਾ ਵਾਕਬ ਹੈ; ਜੋ ਪੰਜੇ ਰਸ ਵਿਹੁ ਸਮਾਨ ਹਨ, ਇਸ ਕਰਕੇ ਸੰਸਾਰ ਦੀ ਦਸ਼ਾ ਇਹ ਹੈ:

*ਅੰਮ੍ਰਿਤੁ ਕਉਰਾ ਬਿਖਿਆ ਮੀਠੀ॥*
*ਸਾਕਤ ਕੀ ਬਿਧਿ ਨੈਨਹੁ ਡੀਠੀ॥*
(ਰਾਮਕਲੀ ਮ:੫, ਪੰਨਾ:੮੯੨)

ਸੰਸਾਰ ਨੂੰ ਪੰਜ ਰਸ ਮਿਠੇ ਲਗਦੇ ਹਨ। ਅਰ ਓਹ ਪੰਜੇ ਜ਼ਹਰ ਹਨ, ਬਿਖ ਹਨ, ਛੇਵਾਂ ਰਸ ਜੋ ਅੰਮ੍ਰਤ ਰਸ ਹੈ ਓਸ ਤੋਂ ਸੰਸਾਰ ਜਾਣੂ ਨਹੀਂ। ਇਸੇ ਕਰਕੇ ਦੁਖੀ ਹਨ। ਓਹ ਅਹੰਕਾਰ ਤੇ ਸੰਸਾਰਕ ਅਗਾਂ

ਵਿਚ ਸੜਦੇ ਹਨ। ਵਾਂਸ ਵਾਂਙੂੰ ਉੱਚੇ ਰਹੰਦੇ, ਛੇਕੜ ਆਪਣੀ ਅੱਗ ਵਿਚ ਸੜਦੇ ਹਨ। ਪਰ ਜਿਨਾ ਨੂੰ ਛੇਵੇਂ ਰਸ ਦੀ ਸੋਝੀ ਆਈ ਉਨ੍ਹਾਂ ਦਾ ਸਰੀਰ ਪਵਿਤ੍ਰ, ਆਤਮਾ ਪਵਿਤ੍ਰ, ਪਵਿਤ੍ਰ ਹਿਰਦੇ ਵਿਚ ਗੁਰ ਨਾਨਕ ਫੇਰਾ ਪਾਂਦਾ ਹੈ। ਗੁਰ ਨਾਨਕ ਪ੍ਰੇਮ ਇਕ ਬੜੀ ਉਚੀ ਤਾਕਤ ਹੈ, ਇਕ ਅਚਰਜ ਹੈ ਜੋ ਪੰਜਾਂ ਰਸਾਂ ਦੀ ਇਛਾ ਕਟ ਕੇ ਉਜਲ ਕਰ ਸਟਦਾ ਹੈ। ਧੰਨ ਭਾਗ ਹਨ ਕੇ ਗੁਰ ਨਾਨਕ ਪ੍ਰੇਮ ਨੇ ਝਲਕਾ ਮਾਰਿਆ ਹੈ। ਸਿਮ੍ਰਨ ਕਰੋ, ਹੇ ਗੁਰ ਨਾਨਕ ਤੂੰ ਧੰਨ ਹੈਂ, ਹੇ ਗੁਰ ਨਾਨਕ ਅਸੀਂ ਤੇਰੇ ਹਾਂ, ਮਾੜੇ ਚੰਗੇ ਤੇਰੇ ਹਾਂ, ਹੇ ਪ੍ਰੀਤਮ ਸਤਿਗੁਰ ਨਾਨਕ ਅਸੀਂ ਤੇਰੇ ਹਾਂ, ਹੇ ਦਾਤਾ ਅਸੀਂ ਤੇਰੇ ਹਾਂ, ਮੇਹਰ ਕਰ ਤੇ ਅਪਨਾ ਲੈ। ਸਤਿਗੁਰ ਨਾਨਕ ਆਪ ਮਲੋ ਮਲੀ ਧਯਾਨ ਲਗਾਵੇਗਾ। ਅਸਲ ਵਿਚ ਪਹਿਲੇ ਇਕ ਖਿਚ ਤੇ ਖਯਾਲ ਇਕ ਪਾਸੇ ਬਝਦਾ ਹੈ, ਫੇਰ ਸਹਜੇ ਸਹਜੇ ਓਹ ਖਯਾਲ ਪਰਪਕ ਹੋ ਜਾਂਦਾ ਹੈ। ਤੁਸੀਂ ਗੁਰ ਨਾਨਕ ਨੂੰ ਪਯਾਰ ਕਰੋ, ਬਾਣੀ ਪੜੋ, ਨਾਮ ਜਪੋ, ਦਿਲ ਦੀ ਤਾਰ, ਮਨ ਦਾ ਤਕਲਾ ਸਿਧਾ ਰਖੋ, ਹਜ਼ੂਰੀ ਵਿਚ ਵਸੋ, ਖਾਓ ਪੀਓ ਪਹਿਨੋ ਕੰਮ ਕਰੋ ਸਭ ਸਤਿਗੁਰ ਦੀ ਹਜ਼ੂਰੀ ਵਿਚ। ਬਸ ਫੇਰ ਦਾਤਾ ਆਪ ਹੀ ਸਾਡੇ ਮਨ ਨੂੰ ਉਚਿਆਂ ਕਰਸੀ। ਤੇ ਰਸ ਵਿਚ ਨਿਮਗਨ ਕਰਸੀ। ਏਹ ਸੰਥਯਾ ਹੈ, ਜੋ ਲਗਾਤਾਰ ਪਕਾਣੀ ਹੈ।

ਹਿਤਕਾਰੀ,
ਵੀਰ ਸਿੰਘ

– o –

 www.sikhbookclub.com

ੴ ਸ੍ਰੀ ਵਾਹਗੁਰੂ ਜੀ ਕੀ ਫਤਹ

ਅੰਮ੍ਰਿਤਸਰ : ੨੦-੫-੧੯੧੨

ਪਿਆਰੇ ਜੀਓ,

ਨਵੇਂ ਮਕਾਨ ਵਿਚ ਗਿਯਾਂ ਅਕਸਰ ਸੁਰਤਿ ਪਰ ਬੋਝ ਪਿਆ ਕਰਦੇ ਹਨ। ਤੁਸੀਂ ਸਵਾਦ ਦਾ ਖਯਾਲ ਛਡ ਕੇ ਬਾਣੀ ਪੜ੍ਹੋ ਤੇ ਸਤਗੁਰ ਦੀ ਟੇਕ ਰਖੋ। ਆਪ ਹੀ ਤੁਹਾਡੀ ਅੰਦ੍ਰਲੀ ਪਵਿਤ੍ਰਤਾ ਦਾ ਅਸਰ ਪੈਕੇਂ, ਮਕਾਨ ਵਿਚ ਰਸਦਾਈ ਵਾਯੂ ਮੰਡਲ ਪੈਦਾ ਹੋ ਜਾਯਗਾ। ਅਪੰਨੇ ਮਨ ਨੂੰ ਸੰਸਾਰਕ ਅਸਰਾਂ ਦੇ ਅਗੇ ਝੁਕਾਨਾ ਨਹੀਂ ਚਾਹੀਦਾ, ਸਗੋਂ ਤਕੜਯਾਂ ਰਖਣਾ ਚਾਹੀਦਾ ਹੈ। ਸੁਰਤਿ ਨੂੰ ਮੈਲ ਤੋਂ ਖਾਲੀ ਕਰਨਾ ਤ਼ੇ ਸਤਗੁਰ ਦੀ ਟੇਕ ਤੇ ਮਜ਼ਬੂਤ ਕਰਨਾ ਇਹੀ ਅਸਲ ਸਿਖੀ ਹੈ, ਅਰ ਸੰਸਾਰ ਤੇ ਪਰਲੋਕ ਦਾ ਸੁਖ ਹੈ। ਸਿਖ ਇਕ ਜਬਰਦਸਤ ਤਾਕਤ, ਅਨੰਦ ਤੇ ਰਸ ਦਾ ਪੁੰਜ ਅਰ ਉਚੇਰੇ ਆਚਰਣ ਦਾ ਨਮੂਨਾ ਹੁੰਦਾ ਹੈ। ਘਬਰਾਉ ਨਹੀਂ। ਦਿਲ ਬਾਣੀ ਵਿਚ ਲਗ ਜਾਏਗਾ। ਹਥਾਂ ਨਾਲ ਸਤਗੁਰ ਜੀ ਦੀ ਸੇਵਾ ਜੋ ਚਾਹੋ ਕਰੋ, ਸੇਵਾ ਚੰਗੀ ਚੀਜ਼ ਹੈ।

ਸੰਸਾਰੀ ਜੀਵਾਂ ਨਾਲ ਤੁਸੀਂ ਕੇਂਦ੍ਰਹੀਨ ਜੀਵਨ ਬਸਰ ਨ ਕਰੋ, ਅਪਨੇ ਅੰਦਰ ਅਪਨੀ ਟੇਕ ਲਭ ਲਵੋ ਅਰ ਅੰਦਰ ਕਰਤਾ ਤੇ ਸਾਖੀ ਦਸ਼ਾ ਵਿਚ ਰਹਕੇ ਸੰਸਾਰ ਵਿਚ ਸੁਖੀ ਖੁਸ਼ੀ ਦਿਨ ਬੀਤਨ ਤੇ ਅਗੇ ਸੁਖ ਪ੍ਰਾਪਤ ਹੋਵੇ। ਸਿਖੀ ਕੋਈ ਹਨੇਰੇ ਦੀ ਸ਼ੈ ਨਹੀਂ, ਇਹ ਤਾਂ ਅਰੋਗ ਰਸਦਾਤੀ ਪਵਿਤ੍ਰਤਾ ਅਰ ਸਮਰਥ ਹੈ, ਜੋ ਇਹ 'ਲੋਕ ਸੁਖੀਏ ਪਰਲੋਕ ਸੁਹੇਲੇ॥ ਨਾਨਕ ਹਰਿ ਪ੍ਰਭਿ ਆਪਹਿ ਮੇਲੇ' ॥ (ਗਉੜੀ ਸੁਖਮਨੀ ਮ: ੫, ਪੰਨਾ: ੨੯੨) ਕਰਦੀ ਹੈ।

ਹਿਤਕਾਰੀ,
ਵੀਰ ਸਿੰਘ

– ੦ –

ੴ ਸ੍ਰੀ ਵਾਹਗੁਰੂ ਜੀ ਕੀ ਫਤਹ

੮-੬-੧੯੧੨

ਪਿਆਰੇ ਜੀਓ,

ਜੀਉਂਦੀ ਕਣੀ ਵਾਲਾ ਟ੍ਰੈਕਟ ਦੂਸਰੀ ਵਾਰ ਫੇਰ ਸੋਚ ਕੇ ਪੜ੍ਹਨਾ ਤਾਂ ਵਧੀਕ ਰਸ ਆਸੀ ਤੇ ਸਮਝ ਪੈਸੀ। ਦੁਨੀਆਂ ਦੇ ਕੰਮ ਦੁਨੀਆਂ ਦੇ ਲੋਕਾਂ ਤੋਂ ਚੰਗੇ ਕਰੀਦੇ ਹਨ ਤੇ ਫੇਰ ਸਾਂਈਂ ਸਿਮਰੀਦਾ ਹੈ। ਇਹੋ ਗੁਰੂ ਨਾਨਕ ਦੀ ਵਡਯਾਈ ਹੈ :-

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ॥*
*ਸੁਰਤਿ ਸਬਦਿ ਭਵ ਸਾਗਰ ਤਰੀਐ ਨਾਨਕ ਨਾਮੁ ਵਖਾਣੇ॥*

(ਰਾਮਕਲੀ ਮ:੧, ਸਿਧ ਗੋਸਟਿ, ਪੰਨਾ:੯੩੮)

ਜਿਸ ਤਰਾਂ ਜਲ ਵਿਚ ਕਮਲ ਨਿਰਲੇਪ ਹੈ, ਜਿਸ ਤਰਾਂ ਮੁਰਗਾਬੀ ਨਦੀ ਦੇ ਪਾਣੀ ਵਿਚ ਤੈਰਦੀ ਹੈ, ਪਰ ਭਿਜਦੀ ਨਹੀਂ, ਏਸ ਤਰਾਂ ਸਬਦ ਨੂੰ ਸੁਰਤਿ ਵਿਚ ਵਸਾ ਕੇ ਸੰਸਾਰ ਵਿਚ ਨਿਰਲੇਪ ਰਹਿ ਕੇ ਕੰਮਕਾਜ ਕਰਦੇ ਰਹੀਏ ਤੇ ਸਾਗਰ ਨੂੰ ਤਰ ਜਾਈਏ। ਇਹ ਗੁਰ ਨਾਨਕ ਦੇਵ ਜੀ ਦਾ ਮਾਰਗ ਹੈ।

ਹਿਤਕਾਰੀ,
ਵੀਰ ਸਿੰਘ

- ੦ -


www.sikhbookclub.com

**੧ੴ ਸ੍ਰੀ ਵਾਹਗੁਰੂ ਜੀ ਕੀ ਫਤਹ**

੨੨-੭-੧੯੧੨

ਪਿਆਰੇ ਜੀਓ,

ਤੁਸੀਂ ਸਤਗੁਰ ਦਾ ਆਸਰਾ ਲੈਕੇ ਬਾਣੀ ਪੜਦੇ ਰਿਹਾ ਕਰੋ। ਬਸ ਇਹੀ ਸਾਧਨ ਹੈ, ਜੇ ਕਰ ਤਬੀਅਤ ਸਿਮਰਨ ਵਿਚ ਨਹੀਂ ਲਗਦੀ ਤਾਂ ਕਿਸੇ ਵੇਲੇ ਚੰਗੇ ਫੁਲ ਮੰਗ਼ਵਾਕੇ ਉਨ੍ਹਾਂ ਨੂੰ ਧੋ ਕੇ ਬਾਣੀ ਪੜਦੇ ਵਾਹਗੁਰੂ ਜੀ ਕਾ ਧਯਾਨ ਧਰਕੇ ਸਿਹਰਾ ਅਪਨੇ ਹਥੀਂ ਪਰੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਰਦਾਸਾ ਸੋਧ ਕੇ ਪ੍ਰੇਮ ਨਾਲ ਚੜਾ ਦਿਓ, ਅਰ ਕੁਛ ਚਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਮਰੇ ਵਿਚ ਪਯਾਰ ਨਾਲ ਬੈਠੇ ਰਹੋ, ਸਤਗੁਰ ਜੀ ਦੀ ਕ੍ਰਿਪਾ ਨਾਲ ਬਾਣੀ ਨਾਮ ਵਿਚ ਫੇਰ ਰਸ ਪੈ ਜਾਸੀ ਤੇ ਸੁਖ ਹੋ ਜਾਸੀ।

ਹਿਤਕਾਰੀ,
ਵੀਰ ਸਿੰਘ

- o -


www.sikhbookclub.com

ੴ ਸ੍ਰੀ ਵਾਹਗੁਰੂ ਜੀ ਕੀ ਫਤਹ

ਮਰੀ
੮-੯-੧੯੧੨

ਪਿਆਰੇ ਜੀਓ,

ਮੈਂ ਆਪ ਨੂੰ ਹੋਰ ਕੇ ਲਿਖਾਂ। ਇਕੋ ਹੀ ਗਲ ਮੈਂ ਜਾਣਦਾ ਹਾਂ ਜੋ ਬਾਰ ਬਾਰ ਯਾਦ ਕਰਾਂਦਾ ਹਾਂ ਕਿ ਸੰਸਾਰ ਦੇ ਵਿਚ ਮਨੁੱਖ ਦੇਹੀ ਪਾ ਕੇ ਇਸ ਦੇਹੀ :-

੧. ਨੂੰ ਪਰਮ ਪਵਿਤ੍ਰ ਰਖੀਏ
੨. ਪ੍ਰਮੇਸਰ ਜੀ ਦੇ ਬਖਸ਼ੇ ਸਨਬੰਧੀਆਂ ਦੀ ਸੇਵਾ ਕਰੀਏ
੩. ਮਨ ਨੂੰ ਮਤ ਦੇ ਵਸ ਰਖੀਏ
੪. ਮਤ ਨੂੰ ਵਾਹਗੁਰੂ ਦੀ ਸਰਨ ਰਖੀਏ
੫. ਚਿਤ ਨੂੰ ਠੰਡਾ ਤੇ ਪ੍ਰਸੰਨ ਰਖ ਕੇ ਪ੍ਰਮੇਸਰ ਦਾ ਸਿਮ੍ਰਨ ਕਰੀਏ ਤੇ ਕਦੇ ਉਦਾਸ, ਕਾਹਲੇ, ਛਿਥੇ, ਗੁਸੇ ਤੇ ਤੰਗ ਨਾ ਹੋਈਏ। ਖਿੜੇ ਰਹੀਏ ਤੇ ਸਾਂਈ ਸਿਮਰੀਏ।

ਹਿਤਕਾਰੀ,
ਵੀਰ ਸਿੰਘ

- o -

 www.sikhbookclub.com

# ਪਰਿਚਾਯਕ ਟਿੱਪਣੀ

ਇਸ ਪੱਤਰ ਵਿਚ ਭਾਈ ਵੀਰ ਸਿੰਘ ਜੀ ਨੇ ਪਾਠ ਕਰਨ ਦੀ ਵਿਧੀ ਦਾ ਪ੍ਰਵਚਨ ਪ੍ਰਸਤੁਤ ਕੀਤਾ ਹੈ। ਬਾਣੀ ਦੇ ਪਾਠ ਵਿਚ ਬੁਨਿਆਦੀ ਧਾਰਨਾ ਤੇ ਸੰਦਰਭ ਬ੍ਰਹਮ ਦਾ ਹੈ, ਜਿਸ ਨੂੰ ਸਿਖ ਸੰਸਥਾ ਸਤਿਗੁਰੂ ਜਾਂ ਵਾਹਿਗੁਰੂ ਦੇ ਰੂਪ ਵਿਚ ਵੀ ਚਿਤਵਦੀ ਹੈ। ਦਾਰਸ਼ਨਿਕ ਪ੍ਰਕਿਰਿਆ ਦੇ ਮੁਤਾਬਕ ਚਲਣ ਨਾਲ ਗਿਆਨੀ ਮਨ ਇਸ ਸਿੱਟੇ ਉਤੇ ਪੁੱਜਦਾ ਹੈ ਕਿ ਬ੍ਰਹਮ ਆਪਣੇ ਸ਼ੁਧ ਰੂਪ ਵਿਚ ਸਰਬ ਸੰਸਾਰੀ ਪ੍ਰਪੰਚ ਤੋਂ ਗੈਰਹਾਜ਼ਰ ਹੈ।ਪਾਠ ਮਾਨਵ-ਵਿਅਕਤੀ ਨੂੰ ਇਕ ਪਾਸੇ ਸੰਸਾਰੀ ਪ੍ਰਪੰਚ ਨੂੰ ਉਲੰਘਣ ਦੀ ਦ੍ਰਿਸ਼ਟੀ ਦੇਂਦਾ ਹੈ ਤੇ ਦੂਜੇ ਪਾਸੇ ਆਪਣੀ ਸੁਰਤਿ, ਨਿਰਗੁਣ ਬ੍ਰਹਮ ਤਥਾ ਗੈਰਹਾਜ਼ਰ ਸਾਰਥਕਤਾ ਨਾਲ ਜੋੜਦਾ ਹੈ। ਭਾਈ ਸਾਹਿਬ ਪਾਠ ਨੂੰ ਇਸੇ ਸੰਚਾਰ-ਪ੍ਰਕਿਰਿਆ ਦੇ ਅੰਤਰਗਤ ਰੱਖ ਕੇ ਵੇਖਦੇ ਹਨ ਅਤੇ ਪਾਠ ਕਰਨ ਵਾਲੇ ਨੂੰ ਤੰਬੀਹ ਕਰਦੇ ਹਨ ਕਿ ਪਾਠ ਇਸ ਤਰ੍ਹਾਂ ਕੀਤਾ ਜਾਏ ਕਿ ਪ੍ਰਪੰਚ ਤੋਂ ਫਾਰਗ ਹੋਣ ਦੇ ਨਾਲ-ਨਾਲ ਪ੍ਰਬੰਧ, ਜਿਸ ਨੂੰ ਧਰਮ ਦੀ ਜ਼ੁਬਾਨ ਵਿਚ ਬ੍ਰਹਮ ਕਿਹਾ ਗਿਆ ਹੈ, ਨਾਲ ਵੀ ਰਾਬਤਾ ਕਾਇਮ ਹੋਵੇ। ਅਸਲ ਗੱਲ ਪ੍ਰਪੰਚ ਨੂੰ ਭੁਲਾਉਣ ਦੀ ਨਹੀਂ, ਸਗੋਂ ਪ੍ਰਬੰਧ ਤਥਾ ਬ੍ਰਹਮ ਨੂੰ ਜਾਣਨ ਦੀ ਹੈ। ਪ੍ਰਬੰਧ ਨੂੰ ਜਾਣ ਲੈਣ ਨਾਲ ਪ੍ਰਪੰਚ ਆਪੇ ਹੀ ਮਾਨਵ-ਵਿਅਕਤੀ ਦੇ ਅਧਿਕਾਰ ਵਿਚ ਆ ਜਾਂਦਾ ਹੈ।

ਪਾਠ ਦੀ ਉਪਰੋਕਤ ਵਿਧੀ ਦੁਆਰਾ ਇਸੇ ਤਰ੍ਹਾਂ ਦੀ ਇਕਾਗਰਤਾ ਕਾਇਮ ਹੁੰਦੀ ਹੈ।ਭਾਈ ਵੀਰ ਸਿੰਘ ਅਜਿਹੀ ਇਕਸੁਰਤਾ ਨੂੰ ਹੀ ਹਜ਼ੂਰੀ ਦਾ ਸੰਕਲਪ ਕਹਿੰਦੇ ਹਨ। ਇਸ ਚਿੱਠੀ ਨੂੰ ਇਸੇ ਦਸ਼ਾ ਵਿਚ ਪੜ੍ਹਨਾ ਹੀ ਉਚਿਤ ਹੈ:

 www.sikhbookclub.com

**੧ਓ ਵਾਹਗੁਰੂ ਜੀ ਕੀ ਫਤਹ**

੨੨-੮-੧੯੧੨

ਪਵਿਤ੍ਰਾਤਮਾ ਜੀਓ,

ਵਾਹਗੁਰੂ ਨੂੰ ਹਾਜਰਾ ਹਜ਼ੂਰ ਜਾਣੀਏ। ਟੁਰਦੇ ਫਿਰਦੇ ਖਯਾਲ ਰਖੀਏ ਕਿ ਓਹ ਅਸਾਂ ਦੇ ਨਾਲ ਹੈ। ਨਿਤਨੇਮ ਦੀ ਬਾਣੀ ਪੜੀਏ, ਪਾਠ ਐਉਂ ਕਰੀਏ ਕਿ ਗੁਰੂ ਸੁਣਦਾ ਹੈ ਤੇ ਅਸੀਂ ਸੁਣਾ ਰਹੇ ਹਾਂ। ਵਿਹਲਾ ਵਕਤ ਸੰਕਲਪ ਵਿਕਲਪਾਂ ਵਿਚ ਨਾ ਰੋਹੜੀਏ। ਸਾਂਈ ਨੂੰ ਐਉਂ ਕਰਕੇ ਸਿਮਰਦੇ ਰਹੀਏ : 'ਹੇ ਗੁਰ ਨਾਨਕ ! ਤੂੰ ਧੰਨਯ ਹੈਂ' ਯਾ 'ਹੇ ਵਾਹਗੁਰੂ ਜੀ ! ਅਸੀਂ ਤੇਰੇ ਹਾਂ', ਯਾ ਜਪੁ ਸਾਹਿਬ ਜੀ ਦੀ ਪਹਿਲੀ ਪਉੜੀ ਪੜਦੇ ਰਹੀਏ। ਜਿਨਾਂ ਬਣ ਪਵੇ ਵਿਹਲਾ ਸਮਾਂ ਨ ਜਾਵੇ ਅਤੇ ਵਾਹਗੁਰੂ ਨੂੰ ਹਜ਼ੂਰ ਜਾਣੀਏ। ਹਜ਼ੂਰੀ ਵਿਚ ਵਸੀਏ। ਇਸ ਪਰ ਲਗ ਪਵੀਏ ਤਦ ਟੁਰ ਪਿਆਂ ਗੁਰੂ ਮਿਹਰ ਕਰਦਾ ਹੈ, ਅਰ ਓਹ ਮਿਹਰ ਪਾਲਦੀ ਹੈ।

ਧੰਨ ਗੁਰ ਨਾਨਕ ਦੇਵ।

ਹਿਤਕਾਰੀ,

ਵੀਰ ਸਿੰਘ

- o -

ਨੋਟ : ਸੰਸਾਰ - ਦ੍ਰਿਸ਼ਟੀ ਤੋਂ ਬ੍ਰਹਮ ਗ਼ੈਰਹਾਜ਼ਰੀ ਨੂੰ ਭਾਈ ਸਾਹਿਬ ਭਾਈ ਵੀਰ ਸਿੰਘ ਗਿਆਨ-ਦ੍ਰਿਸ਼ਟੀ ਤੋਂ ਬ੍ਰਹਮ ਹਜ਼ੂਰੀ ਵਿਚ ਬਦਲਣ ਦੇ ਬਹੁਤ ਇਛਾਵਾਨ ਹਨ। ਸੰਬੰਧਿਤ ਚਿੱਠੀ ਤੋਂ ਇਲਾਵਾ ਕਈ ਹੋਰ ਚਿੱਠੀਆਂ ਵਿਚ ਵੀ ਅਜਿਹੀ ਗ਼ੈਰਹਾਜ਼ਰੀ ਤੇ ਹਜ਼ੂਰੀ ਦੀ ਗੱਲ ਪਾਠ ਤੇ ਪਾਠ ਕਰਨ ਦੀ ਪ੍ਰਕ੍ਰਿਆ ਦੇ ਪ੍ਰਸੰਗ ਵਿਚ ਸਮਝਾਈ ਗਈ ਹੈ। ਪਾਠ ਸ਼ਬਦ-ਪਰਕ ਹੁੰਦਾ ਹੈ। ਇਸ ਵਿਸ਼ੇਸ਼ਤਾ ਕਾਰਨ ਇਹ ਪਾਰਦਰਸ਼ੀ ਵੀ ਹੁੰਦਾ ਹੈ ਤੇ ਅਪਾਰਦਰਸ਼ੀ ਵੀ। ਸੰਸਾਰਕ ਹਾਜ਼ਰੀ ਵਾਲਾ ਪਾਠ ਪਾਰਦਰਸ਼ੀ ਹੁੰਦਾ ਹੈ। ਬ੍ਰਹਮ ਗ਼ੈਰਹਾਜ਼ਰੀ ਵਾਲਾ ਪਾਠ ਅਪਾਰਦਰਸ਼ੀ ਹੁੰਦਾ ਹੈ। ਪਰ ਹਜ਼ੂਰੀ ਜਿਸ ਵਿਚ ਹਾਜ਼ਰ / ਗੈਰਹਾਜ਼ਰ ਇਕ ਵੇਲੇ ਸ਼ਾਮਲ ਹੁੰਦੇ ਹਨ, ਬ੍ਰਹਮਾਰਥੀ ਸਾਰਥਕਤਾ ਨੂੰ ਨਿਸ਼ਚਿਤ ਤੇ ਸੂਰਤ ਕਰਨ ਵਾਲਾ ਪਾਠ ਹੁੰਦਾ ਹੈ। ਇਸੇ ਗੱਲ ਨੂੰ ਸਮਝਾਉਣ ਲਈ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀਆਂ ਕਈ ਹੋਰ ਚਿੱਠੀਆਂ ਵੀ ਹਨ। ਇਨ੍ਹਾਂ ਨੂੰ ਵੀ ਇਸੇ ਦਸ਼ਾ ਵਿਚ ਪੜ੍ਹਨਾ ਹੀ ਉਚਿਤ ਹੈ।



www.sikhbookclub.com

**੧ੴ ਵਾਹਗੁਰੂ ਜੀ ਕੀ ਫਤਹ**

ਅੰਮ੍ਰਿਤਸਰ : ੬-੯-੧੯੧੨

ਪਿਆਰੇ ਜੀਓ,

ਸਵਪਨ ਦਰਸ਼ਨ ਜਦੋਂ ਸ੍ਰੀ ਵਾਹਗੁਰੂ ਜੀ ਬਖਸ਼ਨ ਸ਼ੁਕਰ ਕਰਨਾ ਚਾਹੀਦਾ ਹੈ। ਓਸ ਪਯਾਰੇ ਦੀ ਦਾਤ ਹੁੰਦੀ ਹੈ। ਇਹ ਇਕ ਅਮੋਲਕ ਖੇਡ ਹੁੰਦੀ ਹੈ ਜੋ ਯਾਦ ਨੂੰ ਧਕਾ ਦੇ ਕੇ ਅਗੇ ਕਰਦੀ ਹੈ। ਸੋ ਜੋ ਮਿਲੇ ਪਚਾਣਾ ਚਾਹੀਦਾ ਹੈ ਤੇ ਪਚਾਣ ਦਾ ਚੂਰਨ ਸ਼ੁਕਰ ਹੈ। ਦਰਸ਼ਨ ਅਠ ਪਹਰ ਹਨ। ਜੇ ਸੁਰਤਿ ਸੁਖੀ ਹੈ ਤਾਂ ਇਹ ਮਹਾਰਾਜ ਜੀ ਦੀ ਹੈ (Subjective)। ਦਰਸ਼ਨ ਹੋ ਰਹੇ ਹਨ। ਅਰਥਾਤ ਸਾਡੇ ਸਵਾਮੀ ਜੀ ਸਾਡੇ ਆਤਮਾ ਵਿਚ ਆ ਕੇ ਆਤਮਾ ਨਾਲ ਐਸੇ ਤਰ੍ਹਾਂ ਮਿਲ ਰਹੇ ਹਨ ਜਿਸ ਤਰ੍ਹਾਂ ਕਤਣ ਵਾਲੀ ਮਾਈ ਚਰਖੇ ਨੂੰ ਜਦ ਕਤਦੀ ਹੈ ਤਾਂ ਚਰਖੇ ਨਾਲ ਮਿਲ ਜਾਂਦੀ ਹੈ। ਅਸੀਂ ਜਾਣਦੇ ਹਾਂ ਸਾਡੀ ਸੁਰਤਿ ਚੜ੍ਹ ਰਹੀ ਹੈ ਤੇ ਅਸਲ ਵਿਚ ਸਵਾਮੀ ਜੀ, ਸਾਡੇ ਪ੍ਰੀਤਮ ਜੀ ਸੁਰਤਿ ਦੇ ਵਿਚ ਕਰਤਾਰ ਹੋ ਕੇ (ਫਾਇਲ ਹੋ ਕੇ) ਮਿਲੇ ਹੁੰਦੇ ਹਨ। ਇਸ ਨੂੰ ਸਾਖੀ ਮੇਲ ਯਾ ਦਰਿਸ਼ਟੀ ਮੇਲ ਕਹੀਦਾ ਹੈ। ਅੰਗ੍ਰੇਜ਼ੀ ਵਿਚ ਇਸ ਨੂੰ Subjective Union ਆਖਦੇ ਹਨ। Objective ਮੇਲ ਓਹ ਹੈ ਕਿ ਪ੍ਰੀਤਮ ਜੀ ਸਾਡੇ ਸਾਹਮਣੇ ਆ ਕੇ ਸਾਡੇ ਵਰਗੀ ਸੂਰਤ ਧਾਰ ਕੇ ਖਲੋ ਜਾਣ। ਖਾਣ ਪੀਣ, ਸੇਵਾ ਕਰਾਣ, ਥਾਪੜੇ ਦੇਣ ਤੇ ਅਸੀਂ ਖੀਵੇ ਪਏ ਹੋਈਏ। ਇਹ ਦ੍ਰਿਸ਼ਟਮਾਨ ਦਰਸ਼ਨ ਹਨ। ਇਹ ਪ੍ਰਣਾਮੀ ਹੁੰਦੇ ਹਨ ਅਰ ਉਪਰਲੇ ਤੋਂ ਨੀਵ੍ਹੇਂ ਹੁੰਦੇ ਹਨ ਕਿਉਂਕਿ ਅਸੀਂ ਮਫਊਲ (ਕਰਮ, Objective) ਅਰਥਾਤ ਦ੍ਰਿਸ਼ਟਮਾਨ ਜਗਤ ਵਿਚ ਵਸਦੇ ਹਾਂ। ਸੋ ਇਹ ਦਰਸ਼ਨ ਸਾਨੂੰ ਭਾਸ੍ਦੇ ਤੇ ਚੰਗੇ ਲਗਦੇ ਹਨ ਤੇ ਉਪਰ ਕਹੇ ਦਰਸ਼ਨ ਨਾਲ ਸਾਨੂੰ ਸੁਰਤਿ ਸੁਖੀ ਲਗਦੀ ਹੈ। ਦਰਸ਼ਨ ਨਹੀਂ ਭਾਸਦੇ। ਇਹ ਜਰਾ ਕੁ ਬਰੀਕ ਵਿਸ਼ਾ ਹੈ। ਇਹ ਸਾਰਾ


www.sikhbookclub.com

ਖੇਲ ਸਾਡੇ ਮਾਲਕ ਦੇ ਹਥ ਹੈ, ਦਾਤਾਂ ਤੇ ਸਾਹਬ ਦੇ ਹੱਥ ਹਨ, ਜਦੋਂ ਚਾਹੇ ਦੇਂਦਾ ਹੈ। ਸ਼ੁਕਰ ਕਰੀਏ। ਉਸ ਦੀ ਦਾਤ ਦੇ ਸਦਾ ਉਡੀਕਵਾਨ ਰਹੀਏ। ਜਦੋਂ ਬਖ਼ਸ਼ੇ ਸ਼ੁਕਰ ਕਰੀਏ। ਦਾਤਾ ਦੇ ਦੁਆਰੇ ਦੀ ਉਡੀਕ ਸੁਖਾਂ ਦਾ ਸ਼੍ਰੋਮਣੀ ਸੁਖ ਹੈ। ਗੁਰੂ ਨਾਨਕ ਦੇਵ ਆਪ ਸਭ ਤ਼ੇ ਮਿਹਰ ਕਰੇ। ਧੰਨ ਗੁਰਦੇਵ ਨਿੰਦਕਾ ਦਾ ਦਾਰੂ ਏਹ ਹੈ। ਫਰੀਦਾ ਇਹੁ ਤਨੁ ਭਉਕਣਾ ਨਿਤ ਨਿਤ ਦੁਖੀਐ ਕਉਣੁ॥ਕੰਨੀ ਬੁਜੇ ਦੇ ਰਹਾਂ ਕਿਤੀ ਵਗੈ ਪਉਣੁ॥ (ਸਲੋਕ ਫਰੀਦ ਜੀ, ਪੰਨਾ : ੧੩੮੨) ਤੇ ਹੁਕਮ ਕਰੋ ਅਰ ਸਾਂਈ ਨਾਲ ਨਿਮਰਤਾ ਤੇ ਪਯਾਰ ਦੇ ਆਸਰੇ ਉਚੇ ਰਹੋ। ਹੰਕਾਰ ਨਹੀਂ ਪਰ ਅੰਤਰ ਆਤਮੇਂ ਚੜ੍ਹਦੀ ਕਲਾ ਵਿਚ ਰਹੋ।

ਹਿਤਕਾਰੀ
ਵੀਰ ਸਿੰਘ

- o -

 www.sikhbookclub.com

**੧ਓ ਵਾਹਗੁਰੂ ਜੀ ਕੀ ਫਤਹ**

੬-੭-੧੯੧੨

ਪਿਆਰੇ ਜੀਓ,

ਸਾਡੇ ਮਨ ਵਿਚ ਜਿਨੇ ਵਧੀਕ ਖਯਾਲ ਪੈਦਾ ਹੋਣਗੇ, ਉਨੀ ਵਧੀਕ ਸਾਡੇ ਅੰਦਰ ਸਾਂਈਂ ਨਾਲੋਂ ਵਿਥ ਪਵੇਗੀ।

ਬਾਣੀ ਦਾ ਪਾਠ ਤੇ ਨਾਮ ਦਾ ਸਿਮਰਨ ਇਸ ਲਈ ਕਰੀਦਾ ਹੈ ਕਿ ਮਨ ਵਿਚ ਵਾਹਗੁਰੂ ਜੀ ਦਾ ਵਾਸ ਹੋ ਜਾਵੇ ਤੇ ਹੋਰ ਤ੍ਰੰਗ ਘਟ ਜਾਣ ਤੇ ਫੁਰਨੇ ਹਟ ਜਾਣ।

ਮਨ ਭਾਗਾ ਤੇ ਬਾਣੀ ਤੋਂ ਬੇ-ਸੁਆਦ ਤਦ ਹੁੰਦਾ ਹੈ, ਜਦੋਂ ਮਨ ਵਿਚ ਪਯਾਰੇ ਜੀ ਤੋਂ ਬਿਨਾ ਕਿਸੇ ਗਲ ਦਾ ਭੈ, ਤੌਖਲਾ, ਭਰਮ ਯਾ ਕਿਸੇ ਨਾਮ-ਹੀਨ ਮਿਤ੍ਰ ਪਯਾਰੇ ਦਾ ਪਯਾਰ ਵਾੜ ਲਾਈਦਾ ਹੈ। ਜੇ ਏਸ ਤੋਂ ਬਚਿਆ ਰਹੇ ਤਦ ਫੇਰ ਰਸ ਨਹੀਂ ਜਾਂਦਾ। ਸਤਿਸੰਗ ਤੇ ਪਯਾਰ ਨਾਲ ਰਸ ਬਣਿਆ ਰਹਿੰਦਾ ਹੈ।

ਗੁਰੂ ਨਾਨਕ ਦੇਵ ਬੜਾ ਦਿਆਲੂ ਦਾਤਾ ਹੈ, ਓਸ ਦੀ ਹਜ਼ੂਰੀ ਵਿਚ ਸਭ ਕੁਛ ਕਰਨਾ ਚਾਹੀਯੇ।

ਹਿਤਕਾਰੀ,
ਵੀਰ ਸਿੰਘ

- ੦ -

**੧ੴ ਵਾਹਗੁਰੂ ਜੀ ਕੀ ਫਤਹ**

੨੦-੧-੧੯੧੩

ਪਿਆਰੇ ਜੀਓ,

ਇਸ ਜੀਵ ਦੇ ਕੰਮ ਇਕੋ ਗਲ ਆਉਂਦੀ ਹੈ ਅਰ ਓਹ ਅਕਾਲ ਪੁਰਖ ਦੇ ਚਰਨਾਂ ਦਾ ਪ੍ਰੇਮ ਹੈ। ਪ੍ਰੇਮ ਸਿਮਰਨ ਤੇ ਓਸ ਦੇ ਧਯਾਨ ਨਾਲ ਲਗਦਾ ਹੈ, ਮਾਲਕ ਨੂੰ ਚੇਤੇ ਕਰਦੇ ਰਹੀਏ। ਇਹ ਸਿਮਰਨ ਹੈ। ਚਾਹੇ ਨਾਮ ਜਪ ਕੇ ਕਰੀਏ, ਚਾਹੇ ਬਾਣੀ ਪੜ ਕੇ ਕਰੀਏ, ਚਾਹੇ ਕੀਰਤਨ ਕਰਕੇ ਯਾ ਸੁਣ ਕੇ।

ਧਯਾਨ ਇਸ ਦਾ ਨਾਮ ਹੈ ਕਿ ਮਨ ਆਪਣੇ ਸੰਕਲਪਾਂ, ਵਿਕਲਪਾਂ, ਮਨੋਰਾਜਾਂ ਤੇ ਅਨਹੋਣੀਆਂ, ਉਧੇੜ ਬੁਨਾਂ ਵਿਚ ਖਚਤ ਨਾ ਹੋਵੇ। ਪਰ ਖਯਾਲ ਮੋੜ ਮੋੜ ਕੇ ਪਰਮੇਸ਼ਰ ਜੀ ਵੱਲ ਰਖੋ। ਜਦ ਪਕਦਾ ਪਕਦਾ ਸਾਵਧਾਨਤਾ ਨਾਲ ਪਯਾਰ ਨਿਰੰਤਰ ਓਸ ਪਾਸੇ ਵਲ ਰਹਿਣ ਲਗ ਜਾਂਦਾ ਹੈ, ਤਾਂ ਓਸ ਨੂੰ ਧਯਾਨ ਕਹੀਦਾ ਹੈ।

ਇਸ ਦੇ ਪਕਾਣ ਲਈ ਪਹਿਲੇ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਲ ਬੀ ਲਿਵ ਲਾਈਆਂ ਸ਼ੀਘਰ ਕਾਰਜ ਸੌਰਦਾ ਹੈ। ਬਾਕੀ ਕੰਮ ਫੇਰ ਸੁਰਤਿ ਨੂੰ ਅਲਿਪਤ ਰਖਣਾ ਹੈ। ਦੇਹ ਤਾਂ ਗ੍ਰਹਸਤ ਆਸ਼ਰਮ ਵਿਚ ਵਸੇ ਤੇ ਪਵਿਤ੍ਰ ਰਹਿ ਕੇ ਫ਼ਰਜ਼ ਨਿਬਾਹੇ, ਪਰ ਸੁਰਤਿ ਅਲਿਪਤ ਰਹੇ।

*ਸਾਚਿ ਨਾਮਿ ਮੇਰਾ ਮਨੁ ਲਾਗਾ॥*
*ਲੋਗਨ ਸਿਉ ਮੇਰਾ ਠਾਠਾ ਬਾਗਾ॥*

(ਆਸਾ ਮ:੧,ਪੰਨਾ : ੩੮੪)

ਇਹ ਕਾਰ ਹੈ, ਜਿੰਨੀ ਕਰੀ ਚਲੀਏ, ਉਨਾਂ ਸੁਖ ਹੈ। ਏਸ ਦੇ ਕਰਨਹਾਰੇ ਗੁਰੂ ਦੇ ਸਤਿਸੰਗੀ ਹਨ। ਅਰ ਬਖਸ਼ੇ ਜਾਂਦੇ ਹਨ। ਬਸ ਇਹੋ ਕੁਛ ਕਰੀ ਚਲੋ। ਸਤਿਗੁਰ ਸਿਰ ਤੇ ਹੈ। ਆਪਣਿਆਂ ਨੂੰ ਛੋੜਦਾ ਨਹੀਂ।


www.sikhbookclub.com

ਆਪਣੇ ਭਾਵੇਂ ਭਜੀ ਫਿਰਨ ਤੇ ਖੇਡਾਂ ਵਿਚ ਰੁੜਨ ਪਰ ਸਿਰ ਊਪਰਿ ਠਾਢਾ ਗੁਰੁ ਸੂਰਾ (ਗਉੜੀ ਸੁਖਮਨੀ ਮ:੫,ਪੰਨਾ:੨੯੩) ਪਿਛਾ ਨਹੀਂ ਛੋੜਦਾ, ਨਾਮ ਰੰਗ ਵਿਚ ਡੋਬਾ ਦੇ ਕੇ ਹੀ ਛੋੜਦਾ ਹੈ। ਅੰਮ੍ਰਿਤ ਛਕ ਕੇ ਮਨ ਵਿਚ ਧਾਰਿਆ ਕਿ ਸਾਡੇ ਤੇ ਕਲਗੀਆਂ ਵਾਲਾ ਬਾਪੂ ਖੜਾ ਹੈ ਅਰ ਪਯਾਰ ਕਰਦਾ ਹੈ ਤੇ ਨਾਮ ਜਪਾਂਵਦਾ ਹੈ, ਸਾਨੂੰ ਕੀ ਡਰ ਹੈ।

ਹਿਤਕਾਰੀ,
ਵੀਰ ਸਿੰਘ

- o -

 www.sikhbookclub.com

**ੴ ਵਾਹਗੁਰੂ ਜੀ ਕੀ ਫਤਹ**

੧੨-੪-੧੯੧੩

ਪਿਆਰੇ ਜੀਓ,

ਘਰ ਦੀਪ ਜਗੇ ਪਰ ਸਿਮਰਨ ਨੂੰ ਬਾਹਰ ਦੀ ਲੋ ਨਾ ਲਗੇ। ਕਰਤਵਯ ਹਰ ਪ੍ਰਾਣੀ ਦਾ ਇਹ ਹੈ ਕਿ ਓਹ ਅੰਤਰ ਆਤਮੇ ਪਰਮੇਸ਼ਰ ਦੇ ਪਯਾਰ ਦੀ ਜੋਤ ਜਗਦੀ ਰਖੇ ਤੇ ਸਰੀਰ ਸੰਸਾਰ ਦੇ ਕੰਮ ਕਰਦਾ ਰਹੇ। ਅੰਦਰ ਜੋ ਸਿਮਰਨ ਦਾ ਦੀਪ ਜਗੇ ਏਹ ਅੰਦਰ ਰਹੇ ਬਾਹਰ ਨ ਪ੍ਰਗਟੇ। ਕਿਉਂਕਿ ਵਕਤ ਤੋਂ ਪਹਲੋਂ ਵੀ ਫੇਰ ਹਉਮੈਂ ਪੈਂਦੀ ਹੈ। ਹੋਰ ਸਦਾ ਸੁਖੀ ਰਹੋ। ਤੇ ਸਦਾ ਸੁਖ ਅਕਾਲ ਪੁਰਖ ਦੀ ਹਜ਼ੂਰੀ ਵਿਚ ਵਸਯਾਂ ਮਿਲਦਾ ਹੈ। ਸੋ ਸਦਾ ਹਜ਼ੂਰੀ ਵਿਚ ਰਹੋ। ਹੋਰ ਸੁਖ ਤੇ ਅਸੀਸਾਂ।

ਹਿਤਕਾਰੀ,
ਵੀਰ ਸਿੰਘ

- ੦ -

 www.sikhbookclub.com

**੧ੴ ਵਾਹਗੁਰੂ ਜੀ ਕੀ ਫਤਹ**

੧੭-੪-੧੯੧੨

ਪਿਆਰੇ ਜੀਓ,

*ਸਤਿਗੁਰ ਬਚਨ ਤੁਮਾਰੇ॥ ਨਿਰਗੁਣ ਨਿਸਤਾਰੇ॥੧॥ਰਹਾਉ॥*
*ਮਹਾ ਬਿਖਾਦੀ ਦੁਸਟ ਅਪਵਾਦੀ ਤੇ ਪੁਨੀਤ ਸੰਗਾਰੇ॥੧॥*
*ਜਨਮ ਭਵੰਤੇ ਨਰਕ ਪੜੰਤੇ ਤਿਨ ਕੇ ਕੁਲ ਉਧਾਰੇ॥੨॥*
(ਆਸਾ ਮ:੫,ਪੰਨਾ:੪੦੬)

ਸੁਰਤਿ ਨੂੰ ਚੁਕ ਘਤ, ਉਚੇ ਥਾਂ ਸੋਚ ਨੂੰ ਰਖ, ਹੇ ਗੁਰੂ ਨਾਨਕ। ਤੂੰ ਸਮਰਥ ਹੈਂ !!! ਤੂੰ ਧੰਨਯ ਹੈ, ਆਪਣਾ ਸਿਦਕ ਦੇਹਿ।ਮੇਰੀ ਸੋਚ ਪੋਚ ਹੈ। ਤੇਰੀ ਮਿਹਰ ਕਾਂਗਾਂ ਭਰੇ ਦਰਯਾ ਦਾ ਪਰਵਾਹ ਹੈ। ਹੇ ਸਤਿਗੁਰੂ! ਮੈਨੂੰ ਉਚਿਆਂ ਕਰ, ਮੈਨੂੰ ਆਪਣੇ ਚਰਣ ਦੇਹ, ਜੋ ਮੈਂ ਤੇਰੀ ਸਾਰ ਪਛਾਣਾ।

ਹੇ ਪਿਆਰੇ ਗੁਰੂ ਨਾਨਕ ! ਤੂੰ ਧੰਨਯ ਹੈ, ਤੂੰ ਜੀਉਂਦਾ ਤੇ ਜਾਗਦਾ ਸਤਿਗੁਰ ਦੇਉ ਹੈ। ਤੇਰੇ ਕਰਨੇ ਤੇ ਕਹਿਣੇ ਕਲਿਯਾਣ ਰੂਪ ਹਨ। ਸੁਖ ਰੂਪ ਹਨ। ਬਲ ਦੇਹ ਜੋ ਮੇਰਾ ਮਨ ਤੇਰੇ ਵਸ ਪਵੇ, ਬਲ ਦੇਹ ਜੋ ਮੇਰੀ ਮਤ ਦੇ ਹੇਠ ਲੱਗੇ, ਬਲ ਦੇਹ ਜੋ ਤੇਰੇ ਅਮਿਤ ਬਲ ਵਿਚ ਮੇਰੀ ਸੋਚ ਕੰਮ ਨ ਕਰੇ। ਮਦਦ ਦੇਹ ਤੇਰੀ ਉਚੀ ਮਤ ਮੇਰੀ ਅਗਵਾਨੀ ਕਰੇ। ਹੇ ਗੁਰੂ ਨਾਨਕ ਮੈਨੂੰ ਅਪਨਾ ਲੈ।

ਹੇ ਪਿਆਰੇ ਸਤਿਗੁਰੂ ਨਾਨਕ ! ਮੈਨੂੰ ਮਿਹਰ ਵਿਚ ਲੈ ਲੈ। ਮੈਂ ਨਾ ਹੋਵਾਂ, ਪਰ ਤੂੰ ਹੋਵੇ। ਸਿਦਕ ਦੀ ਡੋਰ ਉਚੀ ਰਹੇ, ਤਕਲੇ ਦੀ ਤਾਰ ਸਿਧੀ ਰਹੇ।

ਧੰਨ ਸਮਰਥ ਸਤਿਗੁਰੂ ਹੈ ਜਿਸਦੇ 'ਸਚੇ ਤੇਰੇ ਕਰਣੇ ਸਰਬ ਬੀਚਾਰ'।(ਆਸਾ ਕੀ ਵਾਰ, ਸਲੋਕ ਮ:੧,ਪੰਨਾ:੪੬੩)

ਸਤਿਗੁਰ ਬਲੀ ਹੈ(ਚਾਹੇ ਤਾਂ ਕੌਡੇ ਰਾਕਸ਼ ਨੂੰ ਤਾਰ ਲਵੇ। ਚਾਹੇ ਤਾਂ ਸ਼ਿਵਨਾਭ ਰਾਜੇ ਨੂੰ ਤਾਰ ਲਵੇ। ਸਜਣ ਠਗ ਦੀ ਖੋਟੀ ਮਤ ਮਾਰ ਕੇ ਆਪਣੀ ਸੁਮਤ ਦੇ ਦੇਵੇ) ਸਾਡੇ ਦਿਲਾਂ ਦਾ ਪਾਲਕ ਹੋਵੇ ਆਪ।

ਸਤਿਗੁਰ ਦੀ ਫਕੀਰੀ ਬਲਵਾਨ ਫਕੀਰੀ ਹੈ। ਇਹ ਅਕਲਾਂ, ਸੋਚਾਂ, ਬਨਾਵਟਾਂ ਦੀ ਕੋਈ ਇਮਾਰਤ ਨਹੀਂ। ਇਹ ਉਚਾ ਘਰ ਹੈ। ਸਤਿਗੁਰ ਨਾਨਕ ਸਭ ਤੋਂ ਉਚਾ ਹੈ।

ਹੇ ਗੁਰ ਨਾਨਕ ! ਤੂੰ ਕਰ ਜੋ ਤੇਰੀ ਰਜ਼ਾ ਹੈ।

ਹੇ ਗੁਰ ਨਾਨਕ ! ਤੇਰੀ ਕਰਨੀ ਸਭ ਪਰਵਾਨ ਹੈ।

ਹੇ ਗੁਰ ਨਾਨਕ ! ਤੂੰ ਧੰਨਯ ਹੈ, ਮੇਰੀ ਮਤ ਨੂੰ ਉਜਲ ਤੇ ਉਚਿਆਂ ਕਰ - - ਸਿਦਕ ਵਿਚ ਰੰਗ। ਤੇਰੀ ਰਜ਼ਾ ਹੋਵੇ ਤੇ ਮੇਰੀ ਖੁਸ਼ੀ ਉਸ ਵਿਚ ਹੋਵੇ। ਸੰਸੇ ਤੇ ਸੋਚ ਦੇ ਡੇਰੇ ਮੇਰੇ ਘਰਾਂ ਤੋਂ ਦੂਰ ਕਰ ਦੇਹ।

ਮੇਰੇ ਅੰਦਰ ਤੇਰੀ ਹਜ਼ੂਰੀ, ਤੇਰੀ ਯਾਦ, ਤੇਰੀ ਮਿਹਰ, ਤੇਰਾ ਬਲ, ਤੇਰਾ ਸਿਦਕ, ਤੇਰਾ ਪ੍ਰੇਮ, ਤੇਰਾ ਧਯਾਨ ਤੇ ਤੇਰਾ ਰੰਗ ਹੋਵੇ।

ਖੁਸ਼ੀ, ਸੁਖ, ਨਾਮ ਇਹੀ ਜੀਵਨ ਹੈ। ਨਾਮ ਤੋਂ ਖੁਸ਼ੀ ਤੇ ਸੁਖ ਉਪਜਦੇ ਹਨ। ਜਿਨਾਂ ਨੂੰ ਨਹੀਂ ਵਿਸਰਦਾ, ਓਹ ਸੁਖੀ ਹਨ।

ਆਤਮ ਰਸ ਦਾ ਹੁਲਾਰਾ ਦੇਣ ਵਾਲਾ ਇਸੇ ਵਾਸਤੇ ਦਰਸ਼ਨ ਮਾਤ੍ਰ ਦੇ ਝਲਕੇ ਨਾਲ ਸਵਾਦ ਦੇਣ ਹਾਰਾ ਸੀ ਕਿ ਉਸਨੂੰ ਕਿਸੇ ਨੇ ਆਪਨੇ ਰੰਗ ਵਿਚ ਰੰਗ ਕੇ ਘਲਿਆ ਸੀ ਅਰ ਉਸਦੇ ਸਿਰ ਉਤੇ ਓਸ ਵੇਲੇ ਕਿਸੇ ਦਾ ਹਥ ਸੀ।

ਤੁਸਾਂ ਨੂੰ ਓਹ ਚੰਗਾ ਲਗ ਗਿਆ, ਚਾਹੀਦਾ ਸੀ ਓਹ ਚੰਗਯਾਈ ਗੁਰੂ ਨਾਨਕ ਵਲ ਲੈ ਜਾਂਦੀ ਕਿ ਓਹ ਕੇਡਾ ਚੰਗਾ ਹੈ ਜਿਸ ਦੇ ਦੂਤ ਵਿਚ ਐਨਾ ਅਸਰ ਹੈ। ਦੂਤ ਚੰਗਾ ਲਗ ਗਿਆ। ਅੰਦਰ ਧਯਾਨ ਦੀ ਤਾਰ ਵਿਚ ਫਰਕ ਪੈ ਗਯਾ। ਓਹ ਮਾੜਾ ਨਹੀਂ, ਚੰਗਾ ਸੀ, ਪਰ ਵਧੀਕ ਚੰਗਾ ਘਲਣ ਵਾਲੇ ਦੇ 'ਵਰ' ਕਰਕੇ ਸੀ। ਓਹ ਚੰਗਯਾਈ ਪਰਦਾਨ ਕਰਨ ਵਾਸਤੇ ਆਇਆ ਸੀ। ਚੰਗਯਾਈ, ਰਸ, ਸ਼ਾਂਤੀ, ਸ਼ੁਕਰ ਲੈਣਾ ਸੀ। ਸੂਰਤ ਨਹੀਂ ਲੈਣੀ ਸੀ। ਸੂਰਤ ਆਪਣੇ ਧਯਾਨ ਵਿਚ ਕਾਇਮ ਕਰੋ, ਕਾਇਮ ਕਰਦੇ ਸਾਰ ਰਸ ਝਲਕਾ ਮਾਰੇਗਾ।


www.sikhbookclub.com

ਧਯਾਨ ਦੀ ਖੇਡ ਬੜੀ ਕਠਨ ਹੈ, ਜਿਸ ਦਰਜੇ ਤੇ ਧਯਾਨ ਨੇ ਚੰਗਾ ਲਗਣਾ ਹੈ, ਓਸ ਦਰਜੇ ਦੀ ਚੰਗਯਾਈ ਕਿਸੇ ਦੀ ਨਹੀਂ ਸਮਝਣੀ। ਓਹ ਤਾਰ ਸਭ ਤੋਂ ਉਚੀ ਰਖਣੀ। ਇਹ ਬਰੀਕ ਜਿਹੀ ਗਲ, ਡੂੰਘੀ ਅੰਦਰ ਸੋਚ ਦੇਣ ਨਾਲ ਸਮਝ ਪੈਂਦੀ ਹੈ। ਅਰ ਪਰਤਖ ਵੇਖੋ, ਅੰਦਰ ਪਯਾਰ, ਰਸ ਤੇ ਸ਼ੁਕਰ ਦਾ ਹੁਲਾਰਾ ਖਾ ਕੇ ਨਾਮ ਨੂੰ ਪਕੜ ਕੇ ਧਯਾਨ ਵਿਚ ਹੁਣੇ ਹੀ ਡੂੰਘਾ ਜ਼ੋਰ ਦਿਓ। ਹੁਣੇ ਪੜਦੇ ਪੜਦੇ ਤਬੀਅਤ ਸਾਫ ਹੋ ਜਾਏਗੀ। ਪਯਾਰਾ ਸਤਿਗੁਰ ਹੈ, ਪਯਾਰਾ ਸਤਿਗੁਰ ਦਾ ਸਨੇਹਾ ਹੈ। ਸੁਰਤਿ ਵਿਚ ਧਯਾਨ ਵਾਲੇ ਟਿਕਾਣੇ ਵਿਚ ਕੇਵਲ ਸਤਿਗੁਰੂ ਚੰਗਾ ਲਗੇ ਤਾਂ ਤਾਰ ਸਾਫ਼ ਰਹੀ, ਨਹੀਂ ਤਾਂ ਤਕਲੇ ਵਿਚ ਵਲ ਪੈਂਦਾ ਹੈ ਤੇ ਰਸ ਭਜ ਜਾਂਦਾ ਹੈ। ਇਹ ਗਤਕੇਬਾਜ਼ੀ ਦੀ ਖੇਡ ਹੈ। ਧਯਾਨ ਦੀ ਤਾਰ ਗਤਕੇਬਾਜ਼ੀ ਦੀ ਉਕ ਕੇ ਹੋਰਥੇ ਪਈ ਨਹੀਂ ਤੇ ਗਤਕਾ ਵਜਿਆ ਨਹੀਂ। ਆਪਣੇ ਧਯਾਨ ਨੂੰ ਤਿਆਰ ਕਰਨਾ ਚਾਹੀਦਾ ਹੈ। ਸਭ ਤੋਂ ਚੰਗਾ ਆਪਣਾ ਧਯਾਨ ਹੈ।

ਹਿਤਕਾਰੀ,
ਵੀਰ ਸਿੰਘ

– o –

 www.sikhbookclub.com

**੧ਓ ਵਾਹਗੁਰੂ ਜੀ ਕੀ ਫਤਹ**

ਪਿਆਰੇ ਜੀਓ,

ਏਹ ਮੇਲੇ ਜਿਸ ਪ੍ਰਯੋਜਨ ਲਈ ਚਾਹੀਦੇ ਹਨ ਕਿ ਸੁਰਤਿ ਪੱਕੇ ਤੇ ਉਚੀਂ ਹੋਵੇ, ਨਾਮ ਦੀ ਰੰਗਣ ਵਧੇ- - ਸੋ ਗੁਰੂ ਕ੍ਰਿਪਾ ਨਾਲ ਪ੍ਰਾਪਤ ਹੈ ਅਰ ਜੇ ਬਿਨਾਂ ਮਿਲੇ ਕਾਰਜ ਸੌਰਦਾ ਜਾਵੇ ਤਦ ਨਾ ਮਿਲਨ ਦਾ ਕੋਈ ਖਯਾਲ ਨਹੀਂ ਕਰਨਾ ਚਾਹੀਦਾ - - ਅਸਲ ਦਰਸ਼ਨ ਤਾਂ ਵਾਹਗੁਰੂ ਗੁਰੂ ਨਾਨਕ ਦੇਵ ਜੀ ਦੇ ਹਨ - - ਪਰ ਏਸੇ ਤਰ੍ਹਾਂ ਦੇ ਹਨ :-

*ਕਬ ਦੇਖਉ ਪ੍ਰਭੁ ਆਪਨਾ ਆਤਮ ਕੈ ਰੰਗਿ॥*
*ਜਾਗਨ ਤੇ ਸੁਪਨਾ ਭਲਾ ਬਸੀਐ ਪ੍ਰਭ ਸੰਗਿ॥*
(ਬਿਲਾਵਲ ਮ:੫,ਪੰਨਾ:੮੧੬)

ਆਤਮ ਰੰਗ ਵਿਚ ਰੰਗ, ਸਤਿਗੁਰੂ ਦਾ ਦਰਸ਼ਨ, ਸੁਰਤਿ ਦੇ ਟਿਕਾਓ ਵਿਚ ਜੋ ਝਲਕਾ ਦੇਂਦਾ ਹੈ ਅਰ ਜੋ ਸੂਰਤ ਬੀ ਨ ਧਾਰੇ - ਕੇਵਲ ਰਸ ਰੂਪ ਹੋਵੇ, ਓਹ ਸਭ ਤੋਂ ਚੰਗਾ ਹੈ - - ਕਈ ਵੇਰ ਡਿਠਾ ਹੈ ਕਿ ਜੇ ਵਾਹਗੁਰੂ ਜੀ ਦੀ ਮਰਜ਼ੀ ਨਾਂਹ ਹੋਵੇ ਤੇ ਹਠ ਕਰ ਮਿਲੀਏ ਤਾਂ ਫਲ ਸੁਖ ਨਹੀਂ ਨਿਕਲਦਾ - -ਸਗੋਂ ਸੁਰਤਿ ਵਿਚ ਕੁਛ ਦੁਖ ਜਿਹਾ ਪੈ ਜਾਂਦਾ ਹੈ। ਏਸ ਕਰਕੇ 'ਜੋ ਕਛੁ ਕਰੈ ਸੋਈ ਸੁਖੁ ਮਾਨੁ॥ ਭੂਲਾ ਕਾਹੇ ਫਿਰਹਿ ਅਜਾਨ॥' (ਗਉੜੀ ਸੁਖਮਨੀ ਮ:੫,ਪੰਨਾ:੨੮੩) ਓਸ ਮਾਲਕ ਦੇ ਹੁਕਮ ਵਿਚ ਰਸ ਹੈ - -ਮਤਲਬ ਤਾਂ ਸਾਰੇ ਤਰਦਦਾਂ, ਸਾਧਨਾਂ, ਦ੍ਰਸਨਾਂ, ਸਤਿਸੰਗ ਦਾ ਨਾਮ ਨਿਵਾਸ ਹੈ। ਸੋ ਜੋ ਗੁਰੂ ਬਖਸ਼ੇ ਖੁਸ਼ ਤੇ ਰਸੀਏ ਹੋਣਾ ਚਾਹੀਏ - - ਨਾਮ ਦੇ ਰੰਗ ਵਿਚ ਰਸ ਮਾਣੋ, ਆਤਮ ਮੇਲੇ ਸਦਾ ਪ੍ਰਾਪਤ ਕਰੋ - - ਜਦ ਸੁਰਤਿ ਚੰਗੀ ਹੈ ਤਾਂ ਸਾਰੇ ਫਲ ਪਾ ਲਏ।

ਹਿਤਕਾਰੀ,
ਵੀਰ ਸਿੰਘ

- ੦ -


www.sikhbookclub.com

**੧ੴ ਵਾਹਗੁਰੂ ਜੀ ਕੀ ਫਤਹ**

੨੯-੬-੧੯੧੩

ਪਿਆਰੇ ਜੀਓ,

ਕ੍ਰਿਪਾ ਤਾਂ ਸਦੀਵ ਹੈ, ਗੁਰੂ ਸਦਾ ਹੀ ਕ੍ਰਿਪਾ ਰੂਪ ਹੈ, ਓਸ ਦੀ ਮਿਹਰ ਦਾ ਮੀਂਹ ਵਸਦਾ ਹੈ - - ਤਾਰਨ ਹਾਰ ਸੰਦੇਸੇ ਆਉਂਦੇ ਹਨ, ਪਰ ਸਾਡੇ ਅੰਦਰ ਸਰੀਰ ਦਾ ਪਯਾਰ, ਸਰੀਰ ਦੇ ਪਯਾਰਿਆਂ ਦਾ ਪਯਾਰ ਤੇ ਸਰੀਰ ਨੂੰ ਪਯਾਰੀਆਂ (ਨਾ ਰਹਿਣ ਵਾਲੀਆਂ) ਵਸਤਾਂ ਦਾ ਪਯਾਰ ਵਸਦਾ ਹੈ।

ਐਉਂ ਗੁਰੂ ਪਯਾਰ ਦੀਆਂ ਆਈਆਂ ਲਹਿਰਾਂ ਤੋਂ ਕਈ ਵੇਰ ਪੂਰਾ ਲਾਭ ਨਹੀਂ ਉਠਾ ਸਕਦਾ, ਸੋ ਗੁਰੂ ਚਰਨਾਂ ਵਿਚ ਨਿੱਤ ਤਿਆਰ ਰਹੀਏ।

*ਮੈ ਜੁਗਿ ਜੁਗਿ ਦਯੈ ਸੇਵੜੀ॥ ਗੁਰਿ ਕਟੀ ਮਿਹਡੀ ਜੇਵੜੀ॥*

(ਸਿਰੀਰਾਗੁ ਮ:੫,ਪੰਨਾ:੭੪)

ਗੁਰੂ ਆਪਣੇ ਨਾਮ ਪ੍ਰੀਤ ਦੀ ਤਾਰ ਵਿਚ ਪ੍ਰੋਵੇ ਤੇ ਨਾਮ ਬਖਸ਼ੇ।
ਕ੍ਰਿਪਾ ਤਾਂ ਸਦੀਵ ਹੈ।
ਗੁਰੂ ਸਦਾ ਹੀ ਕ੍ਰਿਪਾ ਰੂਪ ਹੈ।
ਓਸਦੀ ਮਿਹਰ ਦਾ ਮੀਂਹ ਵਸਦਾ ਹੈ।
ਤਾਰਨਹਾਰ ਸ਼ੰਦੇਸੇ ਆਉਂਦੇ ਹਨ।

ਹਿਤਕਾਰੀ,
ਵੀਰ ਸਿੰਘ

- o -



www.sikhbookclub.com

**੧ੴ ਵਾਹਗੁਰੂ ਜੀ ਕੀ ਫਤਹ**

ਪਿਆਰੇ ਜੀਓ,

ਕਰਨੇ ਵਾਲੀ ਕਾਰ ਬੁਲਬੁਲ ਵਾਲੀਆਂ ਕੂਕਾਂ ਨਹੀਂ – –ਪਰ ਪਰਵਾਨੇ ਵਾਲੇ ਦਰਸ਼ਨ ਤੇ ਸੜ ਮਰਨਾ ਹੈ। ਇਕ ਸਿਮਰਨ ਦੀ ਦਾਤ ਮਿਲੀ, ਅੰਦਰ ਪਈ ਤੇ ਫੇਰ ਚੁੱਪ ਚੁਪਾਤੇ ਏਸ ਕਾਰ ਵਿਚ ਪਏ ਜਨਮ ਬੀਤਨ। ਸਿਮਰਨ ਖੇਡ ਨਹੀਂ ਹੈ। ਇਹ ਬੜੀ ਅਮੋਲਕ ਦਾਤ ਹੈ – – ਏਹ ਦਿਨਾਂ ਦੀ ਖੇਡ ਨਹੀਂ। ਨਿਰੇ ਦਰਸ਼ਨਾਂ ਵਿਚ ਕੀ ਹੈ ?

*'ਡਿਠੈ ਮੁਕਤਿ ਨ ਹੋਵਈ*
*ਜਿਚਰੁ ਸਬਦਿ ਨ ਕਰੇ ਵੀਚਾਰੁ'॥*
(ਵਡਹੰਸ ਕੀ ਵਾਰ, ਮ:੪,ਸਲੋਕ ਮ:੩,ਪੰਨਾ:੫੯੪)

ਲੋਕਾਂ ਦੇ ਅਸਰਾਂ, ਭੈ, ਭਰਮ, ਮੋਹ ਤੋਂ ਮਨ ਅਲਿਪਤ ਰਹੇ – – ਕਿਸੇ ਦਬਾ ਹੇਠ ਸੁਰਤਿ ਨ ਆਵੇ, ਤਦ ਸਿਮਰਨ ਦੀ ਵੇਲ ਵਧਦੀ ਹੈ – – ਦੱਬੀ ਖੇਤੀ ਕਦ ਵਧਦੀ ਹੈ – – ਏਸ ਵਿਚ ਸਤ ਸੰਗ ਦਾ ਕਿਹਾ ਦੋਸ? ਜੇ ਬੇੜੀ ਵੱਟਿਆਂ ਨਾਲ ਭਰਦੇ ਰਹੋ ਤਾਂ ਮਲਾਹਾਂ ਦਾ ਕੀ ਦੋਸ਼? ਓਹ ਕੀ ਕਰਨ। ਅਸੀ ਆਪੂੰ ਸੁਰਤ ਪਰ ਬੋਝ ਪਾਂਦੇ ਹਾਂ – –ਇਕ ਮਿੰਟ ਲਈ ਪਰਵਾਹ ਨਹੀਂ ਕਰਦੇ ਕਿ ਲੋਕਾਂ ਨਾਲ 'ਠਾਠਾ ਬਾਗਾ ਕਰਨਾ ਹੈ' – – ਜੋ ਸਤਿਗੁਰ ਦਾ ਹੁਕਮ ਹੈ :

*ਸਾਚਿ ਨਾਮਿ ਮੇਰਾ ਮਨੁ ਲਾਗਾ॥*
*ਲੋਗਨ ਸਿਉ ਮੇਰਾ ਠਾਠਾ ਬਾਗਾ॥*
(ਆਸਾ ਮ:੧, ਪੰਨਾ:੩੮੪)

ਚਿਤ ਦੇ ਅੰਦਰ ਕੋਈ ਦਬਾ ਨਾ ਪਵੇ ਤਦ ਸਿਮਰਨ ਦਾ ਪੈਦਾ ਕੀਤਾ ਖੇੜਾ ਕਾਇਮ ਰਹਵੇ - -ਨਾਮ ਦਾ ਵਣਜ ਮਖੌਲ ਨਹੀਂ ਸਿਰ ਧੜ ਦੀਆਂ ਬਾਜ਼ੀਆਂ ਹਨ; ਦੁਨੀਆਂ ਕਦ ਚੰਗਾ ਆਖਦੀ ਹੈ - -ਦੁਨੀਆਂ ਦੁਖੀ ਹੈ, ਕਰਮਾਂ ਦੀ ਪੀੜ ਵਿਚ ਪੀੜਤ ਹੈ - -ਸਾਂਈ ਦੇ ਮੇਲੀ ਫਕੀਰ ਮੂੰਹੋਂ ਬਕਦੇ ਨਹੀਂ, ਕੁਸਕਦੇ ਨਹੀਂ- -ਪਰ ਅੰਦਰ ਸਾਰੇ ਜਹਾਨ ਨੂੰ ਦੁਖੀ ਦੇਖਕੇ, ਨਰਕ ਵਿਚ ਤੜਫਦਾ ਤਕਕੇ, ਅਪਨੇ ਉਚੇਰੇ ਅਲਿਪਤ ਰਸ ਵਿਚ ਵਸਦੇ ਹਨ:

*ਡਰੇ ਨਹੀਂ ਕਿ ਮਰੇ ਨਹੀਂ,*
*ਮੋਹ ਕੀਤਾ ਨਹੀਂ ਤੇ ਠੱਗੇ ਨਹੀਂ,*
*ਖਿਚ ਖਾਧੀ ਨਹੀਂ ਕਿ ਸੁਰਤਿ ਗਵਾਚੀ ਨਹੀਂ।*

ਇਨ੍ਹਾਂ ਭੁਲਾਂ ਤੇ ਪਹਿਰਾ ਦਿਆ ਕਰੋ। ਜੇ ਏਹ ਭੁਲਾਂ ਨਾ ਕਰੋ ਤਾਂ ਇਕ ਵੇਰ ਦੀ ਰੌ ਆਈ ਨੂੰ ਬੰਦ ਕਰਨ ਵਾਲਾ ਕੌਣ ਜੰਮਿਆ ਹੈ?

*ਸਬਾਹੀ ਸਲਾਹ ਜਿਨੀ ਧਿਆਇਆ ਇਕ ਮਨਿ॥*
*ਸੇਈ ਪੂਰੇ ਸਾਹ ਵਖਤੈ ਉਪਰਿ ਲੜਿ ਮੁਏ॥*
(ਮਾਝ ਕੀ ਵਾਰ, ਸਲੋਕ ਮ:੧,ਪੰਨਾ:੧੪੫)

ਹਿਤਕਾਰੀ,
ਵੀਰ ਸਿੰਘ

- o -

**੧ੴ ਵਾਹਗੁਰੂ ਜੀ ਕੀ ਫਤਹ**

੧੦-੮-੧੯੧੨

ਪਿਆਰੇ ਜੀਓ,

*ਸਿਰ ਊਪਰਿ ਠਾਢਾ ਗੁਰੁ ਸੂਰਾ॥*
(ਗਉੜੀ ਸੁਖਮਨੀ ਮ:੫,ਪੰਨਾ:੨੯੩)

ਤਥਾ :- ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥(ਆਸਾ ਮ:੫,ਪੰਨਾ:੩੯੪) - -ਸਦਾ ਅੰਗ ਸੰਗ ਤੇ ਸਿਰ ਪਰ ਖੜੇ ਸੂਰਮੇ ਸਤਿਗੁਰੂ ਜੀ ਦੀ ਹਜ਼ੂਰੀ ਪਕਾਉਣੀ।

ਬਾਣੀ ਪਯਾਰ ਨਾਲ ਪੜੀਦੀ ਹੈ, ਅਰ ਏਹ ਖਯਾਲ ਕਰਕੇ ਪੜੀਦੀ ਹੈ ਕਿ ਸਤਿਗੁਰੂ ਸੁਣ ਰਹੇ ਹਨ, ਓਹ ਮੇਰੇ ਕੋਲ ਹਨ, ਅਰ ਪਯਾਰ ਨਾਲ ਸੁਣ ਰਹੇ ਹਨ। ਰਾਣਾ ਸੂਰਤ ਸਿੰਘ ਵਿਚ ਏਸ ਦਾ ਕਾਰਨ ਦਸਿਆ ਹੈ ਕਿ 'ਸਰਮ ਖੰਡ' ਵਿਚ ਗਈ ਸੁਰਤਿ ਆਪ ਰੂਪ ਘੜ ਲੈਂਦੀ ਹੈ, ਯਥਾ :- 'ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ'॥ ਤੇ ਏਹ ਅਸਲ ਦਰਸ਼ਨ ਨਹੀਂ ਹੁੰਦੇ।

*'ਫੁਰਨਾ ਤੇਰਾ ਆਪ ਏਸੇ ਥਾਉਂ ਤੇ*
*ਰਚ ਪਯਾਰੇ ਦਾ ਰੂਪ ਤੈਨੂੰ ਦਸਸੀ...*
*ਪਰ ਵਸਦਾ ਨਹਿ ਓਹ ਪਯਾਰੀ ਏਸ ਥਾਂ*
*ਤੂੰ ਘੜ ਸਕਸੇਂ ਆਪ ਜੋ ਕੁਝ ਚਾਹਿ ਤੂੰ...*

ਪੂਰੇ ਵਿਸਥਾਰ ਲਈ ਦੇਖੋ ਕਾਂਡ ੫, ਉਡਾਰੀ, ਰਾਣਾ ਸੂਰਤ ਸਿੰਘ ਵਿਚ। ਇਹ ਹਜ਼ੂਰੀ ਦਾ ਖਯਾਲ ਪਕ ਜਾਵੇ ਤਦ ਇਹ ਜੀਉ ਮੋਇਆ ਜੀਉ ਉਠਦਾ ਹੈ। ਸਤਿਗੁਰੂ ਦੇ ਚੇਹਰੇ ਦਾ ਖਯਾਲ ਅਜੇ ਨਹੀਂ ਕਰਨਾ, ਪਹਿਲਾਂ ਵਹਿਮ ਬਨੀਦਾ ਹੈ ਕਿ ਸਤਿਗੁਰੂ ਜੀ ਹਨ ਤੇ ਸੁਣ ਰਹੇ ਹਨ

 www.sikhbookclub.com

ਤੇ ਜੇ ਮਨ ਭਜੇ ਤਾਂ ਮਨ ਨੂੰ ਰੋਕਣਾ ਕਿ ਉਸਤਾਦ ਜੀ ਸਬਕ ਸੁਣ ਰਹੇ ਹਨ। ਜੇ ਤੂੰ ਨਠਾ ਭਜਾ ਤਾਂ ਸਬਕ ਵਲ ਨਾਂਹ ਸੁਣਾਇਆ ਜਾਸੀ, ਇਸ ਕਰਕੇ ਮਨ ਜੋੜ ਕੇ ਸਬਕ ਸੁਣਾ, ਇਹ ਖਯਾਲ ਕਰ ਲਿਆ ਕਿ ਸਤਿਗੁਰੂ ਜੀ ਦਾਤਾ ਜੀ ਸੁਣ ਰਹੇ ਹਨ। ਗਲ ਕੀ ਸਤਿਗੁਰੂ ਦਾ ਖਯਾਲ ਹਜ਼ੂਰੀ ਦਾ ਖਯਾਲ ਪਾਠ ਵੇਲੇ ਹੋਵੇ, ਸਹਿਜੇ ਸਹਿਜੇ ਇਹ ਖਯਾਲ ਪਕੇਗਾ, ਅਰ ਸਤਿਗੁਰੂ ਜੀ ਅਪਨੀ ਕਿਸੇ ਸੂਰਤ ਦਾ ਮਲੋ ਮਲੀ ਝਲਕਾ ਮਾਰਿਆ ਕਰਨਗੇ, ਪਰ ਛੇਤੀ ਨਾਂਹ ਕਰਨੀ, ਮਨ ਨੂੰ ਘੁਟਣਾ ਨਹੀਂ, ਸੂਰਤ ਦੇਖਣ ਦਾ, ਕਿ ਸੂਰਤ ਦਿਸ ਪਵੇ, ਖਯਾਲ ਨਹੀਂ ਕਰਨਾ, ਕੇਵਲ ਇਹ ਖਯਾਲ ਕਰਨਾ ਕਿ ਹਨ ਪਰ ਅਜੇ ਦੀਹਦੇ ਨਹੀਂ।

ਹਿਤਕਾਰੀ,
ਵੀਰ ਸਿੰਘ

- o -



www.sikhbookclub.com

**੧ੴ ਵਾਹਗੁਰੂ ਜੀ ਕੀ ਫਤਹ**

ਪਿਆਰੇ ਜੀਓ,

*ਮਾਣਸ ਜਨਮੁ ਵਡਪੁੰਨੇ ਪਾਇਆ ਦੇਹੰ ਸੁ ਕੰਚਨ ਚੰਗੜੀਆ॥*
*ਗੁਰਮੁਖਿ ਰੰਗੁ ਚਲੂਲਾ ਪਾਵੈ ਹਰਿ ਹਰਿ ਹਰਿ ਨਵਰੰਗੜੀਆ॥*
*ਏਹ ਦੇਹ ਸੁ ਬਾਂਕੀ ਜਿਤੁ ਹਰਿ ਜਾਪੀ ਹਰਿ ਹਰਿ ਨਾਮਿ ਸੁਹਾਵੀਆ॥*
(ਵਡਹੰਸ ਮ:੪, ਪੰਨਾ:੫੭੫)

ਮਨ ਦੀ ਟੇਕ ਸਤਿਗੁਰ ਤੇ ਅਰ ਹਜ਼ੂਰੀ ਵਿਚ ਵਸਣਾ - -ਇਹ ਅੰਤਰਗਤ ਦਸ਼ਾ ਰਖੀਦੀ ਹੈ।

ਬਾਹਰ ਸਰੀਰ ਅਮੋਲਕ ਦਾਤ ਹੈ - -ਜਨਮਾਂ ਦੇ ਤਰਸੇਵੇਂ ਬਾਅਦ ਲਭਦਾ ਹੈ। ਦੇਵਤੇ ਏਸ ਨੂੰ ਤਰਸਦੇ ਹਨ। ਏਸ ਨੂੰ ਅਤਿ ਪਵਿਤ੍ਰ ਰਖੀਏ - - ਅਤਿ ਨਿਰਮਲ ਰਖੀਏ। ਵਿਕਾਰਾਂ ਤੇ ਪਾਪਾਂ ਤੋਂ ਸੁਥਰਾ ਸਰੀਰ ਮਨ ਨੂੰ ਸੁਚਿਆਂ ਕਰਦਾ ਹੈ। ਜਿਸਦੇ ਸਰੀਰ ਤੇ ਮਨ ਸੁਚੇ ਹਨ - - ਓਸ ਦੀ ਮਤ ਉਚੀ ਹੋ ਜਾਂਦੀ ਹੈ। ਉਚੀ ਮਤ ਵਾਲਾ ਜਦ ਸਾਂਈ ਨੂੰ ਸਿਮਰਦਾ ਹੈ, ਤਦ ਓਸ ਦੀ ਮਤ ਦਾ ਰਾਖਾ ਵਾਹਗੁਰੂ ਹੋ ਜਾਂਦਾ ਹੈ। ਫੇਰ ਰਸ ਤੇ ਅਨੰਦ ਦੇ ਸੋਮੇ ਏਸ ਦੀ ਆਤਮਾ ਵਿਚੋਂ ਪਏ ਫੁਟਦੇ ਹਨ।

ਹਿਤਕਾਰੀ,
ਵੀਰ ਸਿੰਘ

- ੦ -


www.sikhbookclub.com

# ਪਰਿਚਾਯਕ ਟਿੱਪਣੀ

ਇਸ ਪੱਤਰ ਰਾਹੀਂ ਭਾਈ ਵੀਰ ਸਿੰਘ ਸਰੀਰ, ਮਨ ਤੇ ਬੁੱਧੀ ਦੇ ਆਪਸੀ ਸੰਬੰਧਾਂ ਤੇ ਨਿਖੇੜਿਆਂ ਦੀ ਪਛਾਣ ਗੁਰਮਤਿ ਮਰਯਾਦਾ ਤੇ ਅੰਤਰਗਤ ਕਰਨ ਦਾ ਪ੍ਰਵਚਨ ਪ੍ਰਸਤੁਤ ਕਰਦੇ ਹਨ। ਉਨ੍ਹਾਂ ਦੀ ਧਾਰਨਾ ਹੈ ਕਿ ਸਰੀਰ ਆਪਣੀ ਸਾਰੀ ਸ਼ਕਤੀ ਮਨ ਤੋਂ ਪ੍ਰਾਪਤ ਕਰਦਾ ਹੈ। ਇਸ ਗੱਲ ਨੂੰ ਜੀਵ-ਵਿਗਿਆਨੀ ਤੇ ਸਮਾਜ-ਵਿਗਿਆਨੀ ਇਸ ਤਰ੍ਹਾਂ ਪੇਸ਼ ਕਰਦੇ ਹਨ ਕਿ ਹਰ ਸਰੀਰ ਦੇ ਅੰਦਰ ਜੈਵਿਕਤਾ ਸਹਿਜੇ ਹੀ ਕਾਰਜਸ਼ੀਲ ਹੁੰਦੀ ਹੈ। ਇਸ ਜੈਵਿਕਤਾ ਦੇ ਆਧਾਰ ਉਤੇ ਹੀ ਜੀਵ ਆਪਣੇ ਤਤਕਾਲੀ ਵਾਤਾਵਰਨ ਨਾਲ ਆਪਣੀ ਉਪਜੀਵਕਾ ਨਾਲ ਸੰਬੰਧ ਸਥਾਪਿਤ ਕਰਨ ਲਈ ਯੋਗ ਹੁੰਦੇ ਹਨ, ਪਰ ਇਹ ਸਾਰੀ ਪ੍ਰਕਿਰਿਆ ਪ੍ਰਦੱਤ ਹੈ, ਤੇ ਪ੍ਰਕਿਰਤੀ ਦੀ ਦਾਤ ਹੈ। ਵਿਦਵਾਨਾਂ ਨੇ ਇਸੇ ਨੂੰ ਆਧਾਰ ਬਣਾ ਕੇ ਮਨੁੱਖ ਦੀ ਮਤ ਤੇ ਬੁਧਿ ਘੜਨ ਦੇ ਸਿਧਾਂਤ ਪੇਸ਼ ਕੀਤੇ ਹਨ। ਜਗਤ ਪ੍ਰਸਿਧ ਜਰਮਨ ਦਾਰਸ਼ਨਿਕ ਕਾਂਤ ਮਾਨਵੀ ਬੁਧੀ ਨੂੰ ਸਮਝਾਣ ਲਈ ਇਹ ਕਹਿੰਦਾ ਹੈ ਕਿ ਮਨੁੱਖ ਅੰਤਰ-ਅਨੁਭਵ ਤੇ ਸੰਕਲਪਾਂ ਨਾਲ ਆਪਣਾ ਬੌਧਿਕ ਕਾਰਜ ਕਰਦਾ ਹੈ। ਅੰਤਰ-ਅਨੁਭਵ ਰਾਹੀਂ ਜਦੋਂ ਬੁਧੀ ਪ੍ਰਗਟ ਹੁੰਦੀ ਹੈ ਤਾਂ ਵਿਸ਼ੁਧ ਵਿਚਾਰ ਦਾ ਰੂਪ ਧਾਰਨ ਕਰਦੀ ਹੈ, ਪਰੰਤੂ ਇਥੇ ਇਹ ਯਾਦ ਰਖਣਾ ਚਾਹੀਦਾ ਹੈ ਕਿ ਇਹ ਦੋਵੇਂ ਵਿਧੀਆਂ ਉਸ ਯੋਗਿਤਾ ਉਪਰ ਨਿਰਭਰ ਕਰਦੀਆਂ ਹਨ, ਜਿਸ ਨੇ ਮਨ ਵਿਚੋਂ ਉਠਣ ਵਾਲੀਆਂ ਅਨਿਕ ਤਰੰਗਾਂ ਨੂੰ ਆਪਣੇ ਅੰਕਸ਼ ਦੇ ਅਧੀਨ ਕਰ ਲਿਆ ਹੁੰਦਾ ਹੈ। ਇਹ ਅੰਕਸ਼ਸ਼ੀਲ ਨਿਯੰਤ੍ਰਣ ਪ੍ਰਦੱਤ ਨੂੰ ਰੂਪਾਂਤ੍ਰਣ ਕਰਕੇ ਪ੍ਰਾਪਤ ਕੀਤੀ ਤੇ ਕਮਾਈ ਹੋਈ ਮਾਨਸਿਕਤਾ ਹੈ। ਇਸੇ ਨੂੰ ਭਾਈ ਵੀਰ ਸਿੰਘ ਜੀ ਨੇ ਬੁੱਧੀ ਕਿਹਾ ਹੈ ਅਤੇ ਇਸੇ ਦੁਆਰਾ ਸਰੀਰ ਤੇ ਮਨ ਦੀਆਂ ਸਾਰੀਆਂ ਸ਼ਕਤੀਆਂ ਨੂੰ ਇਕਸੁਰ ਕਰਕੇ ਸਿਮਰਨ ਤੇ ਅਨੰਦ ਵਿਚ ਟਿਕਾਣ ਵਾਲੀ ਸੁਰਤਿ ਦਾ ਜ਼ਿਕਰ ਕੀਤਾ ਹੈ। ਸੁਰਤਿ ਭਾਈ ਵੀਰ ਸਿੰਘ ਜੀ ਅਨੁਸਾਰ ਸਰੀਰ, ਮਨ ਤੇ ਬੁੱਧੀ ਦੀ ਪ੍ਰਕਿਰਿਆ ਦੇ ਉਸ ਸਮੁੱਚੇ ਸੰਤੁਲਨ ਨੂੰ ਕਿਹਾ ਜਾਏਗਾ ਜਿਹੜਾ ਮਨੁੱਖ ਨੂੰ ਸਦਾ ਖੇੜੇ ਤੇ ਚੜ੍ਹਦੀ ਕਲਾ ਵਿਚ ਰਖੇਗਾ।

ੴ ਵਾਹਗੁਰੂ ਜੀ ਕੀ ਫਤਹ

ਮਰੀ: ੪-੯-੧੯੧੨

ਪਵਿਤ੍ਰਾਤਮਾ ਜੀਓ,

ਸਰੀਰ ਅਪਨੇ ਵਾਹਗੁਰੂ ਦੇ ਬਖਸ਼ੇ ਸੰਨਬੰਧੀਆਂ ਦੀ ਸੇਵਾ ਤੇ ਪਰਉਪਕਾਰ ਵਾਸਤੇ ਮਿਲਿਆ ਹੈ। ਮਨ ਸਰੀਰ ਦੇ ਟੋਰਨ ਵਾਲੀ ਤਾਕਤ ਹੈ। ਤੇ ਬੁੱਧੀ ਮਨ ਦੇ ਉਤੇ ਕੁੰਡਾ ਹੈ। ਇਸਦੇ ਉਤੇ ਸੁਰਤਿ ਦਾ ਅਸਲੀ ਟਿਕਾਣਾ ਹੈ। ਸੋ ਸੁਰਤਿ ਸਾਂਈ ਦੇ ਸਿਮ੍ਰਨ ਵਿਚ ਸਦਾ ਅਨੰਦ ਰਹਨੇ ਲਈ ਮਿਲੀ ਹੈ। ਸਦਾ ਅਨੰਦ ਰਹਣਾ ਅਰ ਅਨੰਦ ਦੀ ਟੇਕ ਸਿਮ੍ਰਨ ਵਿਚ ਰਖਣੀ ਇਹ ਮਨੁੱਖਾ ਜਨਮ ਦਾ ਲਾਹਾ ਹੈ। ਜਿਸਦੀ ਸੁਰਤਿ ਐਉਂ ਰਹੇ ਓਸ ਸੰਸਾਰ ਵਿਚ ਬੀ ਸੁਖੀ ਰਹੰਦਾ ਹੈ, ਹਰ ਵੇਲੇ ਉਸਦਾ ਪ੍ਰਸੰਨ ਚਿਹਰਾ ਪ੍ਰਵਾਰ ਤੇ ਸਜਨਾਂ ਨੂੰ ਸੁਖਦਾਈ ਲਗਦਾ ਹੈ। ਉਸਦਾ ਮਿਠਾ ਬੋਲਣਾ ਤੇ ਪਯਾਰ ਕਰਨਾ ਸਭ ਨੂੰ ਸੁਖ ਦੇਂਦਾ ਹੈ। ਸਿਖੀ ਦਾ ਜੀਵਨ ਏਹ ਹੈ।

ਹਿਤਕਾਰੀ,
ਵੀਰ ਸਿੰਘ

- o -

ਨੋਟ : ਇਸੇ ਪ੍ਰਸੰਗ ਉਹਨਾਂ ਬਹੁਤ ਸਾਰੀਆਂ ਚਿੱਠੀਆਂ ਨੂੰ ਵਾਚਿਆ ਜਾ ਸਕਦਾ ਹੈ ਜਿਨ੍ਹਾਂ ਵਿਚ ਹਜ਼ੂਰੀ ਦੀ ਭਾਈ ਸਾਹਿਬ ਨੇ ਬਾਰ ਬਾਰ ਵਿਆਖਿਆ ਕੀਤੀ ਹੈ। ਹੇਠਾਂ ਇਸ ਤਰ੍ਹਾਂ ਦੀਆਂ ਚਿੱਠੀਆਂ ਪੇਸ਼ ਹਨ :


www.sikhbookclub.com

**੧ੴ ਵਾਹਗੁਰੂ ਜੀ ਕੀ ਫਤਹ**

੩੧-੧-੧੯੧੨

ਪਿਆਰੇ ਜੀਓ,

ਆਪ ਦਾ ਪਤ੍ਰ ਪਹੁੰਚਾ। ਵਾਹਗੁਰੂ ਦੀ ਅਤਯੰਤ ਕ੍ਰਿਪਾ ਹੈ ਕਿ ਆਪ ਅਰੋਗ੍ਯ ਹੋ ਗਏ ਹੋ। ਆਪ ਨੂੰ ਏਹ ਦਾਨ ਸਤਗੁਰ ਨੇ ਏਸ ਲਈ ਦਿਤਾ ਹੈ ਕਿ ਮਨ ਨੂੰ ਅਰੋਗ ਕਰੋ। ਹੁਨ ਆਪ ਦਾ ਮਨ ਸੰਸਾਰਕ ਵਡਯਾਈਆਂ ਤੇ ਪਦਾਰਥਕ ਉਚਯਾਈਆਂ ਅਰ ਸੋਸ਼ਲ ਚੁਹਲ ਮੋਹਲਾਂ ਦਾ ਸ਼ਿਕਾਰ ਹੋ ਕੇ 'ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉਂ' (ਸਿਰੀ ਰਾਗ ਮ:੧,ਪੰਨਾ:੧੪) ਵਾਲੇ ਭੁਲੇਵੇ ਵਿਚ ਨਹੀਂ ਪੈਣਾ ਚਾਹੀਦਾ। ਮਨ ਦਾ ਰਾਜ ਅਸਲ ਰਾਜ ਹੈ। ਸਰੀਰ ਦਾ ਰਾਜ ਕੰਮਜ਼ੋਰ ਹੈ। ਜੇ ਮਨ ਪ੍ਰਤਾਪਹੀਨ ਹੋਵੇ ਤਾਂ ਏਸ ਲਈ ਸੁਆਸ ਸੰਭਾਲੋ। ਅਪਨੇ ਰਾਜ਼ੀ ਹੋ ਜਾਣ ਦਾ ਕਾਰਨ ਸਮਝੋ ਕਿ ਸਤਗੁਰ ਨੇ ਅਪਨੇ ਸਿਮ੍ਰਨ ਅਰ ਆਤਮ ਮੰਡਲ ਵਿਚ ਵਾਸਾ ਦੇਣ ਦੀ ਮਿਹਨਤ ਕਰਨੇ ਲਈ ਅਰੋਗਤਾ ਬਖਸ਼ੀ ਹੈ। ਸਤਗੁਰ ਦੀ ਹਜ਼ੂਰੀ ਵਿਚ ਬਾਣੀ ਪੜ੍ਹਿਆ ਕਰੋ। ਦਿਨ ਰਾਤ ਹਜ਼ੂਰੀ ਵਿਚ ਰਿਹਾ ਕਰੋ, ਸੌਣਾ, ਜਾਗਣਾ, ਖਾਣਾ ਪੀਣਾ ਹਜ਼ੂਰੀ ਵਿਚ ਕਰਯਾ ਕਰੋ। ਹਜ਼ੂਰੀ ਤੋਂ ਗਾਫਲ ਜੋ ਦਮ ਜਾਂਦਾ ਹੈ, ਸਭ ਅਕਾਰਥ ਜਾਂਦਾ ਹੈ। ਏਸ ਨੂੰ ਸੰਭਾਲੋ। ਏਹ ਪਕੀ ਹੋਈ ਗੱਲ ਨਾਲ ਜਾਏਗੀ। ਹਜ਼ੂਰੀ ਪਕਾਉ ਤਾਂ ਜੋ ਜੀਉਂਦੇ ਹੀ ਵਾਹਗੁਰੂ ਦੀ ਹਜ਼ੂਰੀ ਵਿਚ ਵਾਸ ਪਾ ਲਵੋ। ਜੋ ਜੀਉਂਦੇ ਜੀ ਹਜ਼ੂਰ ਨਹੀਂ ਹੋਏ ਮਰ ਕੇ ਸਾਂਈ ਤੋਂ ਦੂਰ ਹੀ ਵਾਸ ਪਾਂਦੇ ਹਨ।

ਹਿਤਕਾਰੀ,
ਵੀਰ ਸਿੰਘ

- o -

**੧ਓ ਵਾਹਗੁਰੂ ਜੀ ਕੀ ਫਤਹ**

ਐਬਟਾਬਾਦ : ੬-੫-੧੯੧੨

ਪਿਆਰੇ ਜੀਓ,

ਵਾਹਗੁਰੂ ਦੀ ਯਾਦ ਸਭ ਤੋਂ ਉਤਮ ਹੈ। ਜੋ ਸਮਾਂ ਯਾਦ ਵਿਚ ਲੰਘੇ, ਓਹ ਜੀਵਨ ਹੈ। ਜੋ ਭੁਲ ਵਿਚ ਲੰਘੇ, ਓਹ ਮੌਤ ਹੈ।

*'ਸੋ ਜੀਵਿਆ ਜਿਸੁ ਮਨਿ ਵਸਿਆ ਸੋਇ*
*ਨਾਨਕ ਅਵਰੁ ਨ ਜੀਵੈ ਕੋਇ'*

(ਮਾਝ ਵਾਰ੧,ਪੰਨਾ:੧੪੨)

ਗੁਰੂ ਨਾਨਕ ਦੇਵ ਗੁਰੂ ਹੈ ਸਾਡਾ। ਸਦਾ ਮਾਨ ਰਖਦਾ ਹੈ, ਪਯਾਰ ਕਰਦਾ ਹੈ। ਜੇ ਗੁਰੂ ਨਾਨਕ ਨੂੰ ਵੰਝਲੀ ਵਜਾਂਦੇ ਦੇਖੋ ਤਾਂ ਧੰਨਯ ਗੁਰੂ ਨਾਨਕ ਹੈ। ਵੰਝਲੀ ਦਾ ਕੇ ਹੈ ਓਹ ਤਾਂ ਕੌਡੀ ਦੀ ਬਾਂਸ ਦੀ ਟੋਰੀ ਹੈ। ਸੋ ਵੰਝਲੀ ਨੇ ਕੀ ਮੰਨਣਾ ਹੈ ਤੇ ਕੀ ਨਾ ਮੰਨਣਾ ਹੈ। ਜਦ ਗੁਰੂ ਜੀ ਆਪ ਮੰਨ ਰਹੇ ਹੋਣ ਤਾਂ ਸਦਾ ਅਨੰਦ ਹੈ। ਇਕੋ ਗਲ ਠੀਕ ਹੈ:

'ਆਖਾ ਜੀਵਾ ਵਿਸਰੈ ਮਰਿ ਜਾਉ' (ਆਸਾ ਮ:੧,ਪੰਨਾ:੯)। ਸਾਂਈ ਦੇ ਚਰਨਾਂ ਨੂੰ ਪਯਾਰ ਕਰੋ ਤੇ ਸਾਂਈ ਦੀ ਯਾਦ ਪਕਾਓ, ਤੇ ਖੁਸ਼ੀ ਰਹੋ:

*ਸਾਂਈ ਨਾਲ ਲਾਵੀਂ ਨੇਹੁੰ।*
*ਹਸ ਕੇ ਗੁਜ਼ਾਰੀ ਦੇਹੁੰ॥*

ਹਿਤਕਾਰੀ,
ਵੀਰ ਸਿੰਘ

- o -

 www.sikhbookclub.com

**੧ੴ ਵਾਹਗੁਰੂ ਜੀ ਕੀ ਫਤਹ**

੧੪-੭-੧੯੧੧

ਪਿਆਰੇ ਜੀਓ,

ਗਯਾਨ ਕਿਸੇ ਸ਼ੈ ਦਾ ਜਾਣ ਲੈਣਾ ਹੈ ਤੇ ਏਹ ਜਾਣ ਲੈਣਾ ਸਮਝ, ਦਲੀਲ ਤੇ ਤਰਕ ਨਾਲ ਹੁੰਦਾ ਹੈ। ਏਸ ਤਰੀਕੇ ਨਾਲ ਜਾਣ ਕੇ ਜਾਣਨ ਵਾਲਾ ਬੁਧੀ ਦੇ ਮੰਡਲ ਵਿਚ ਰਹਿੰਦਾ ਹੈ - - ਏਕਾਗਰ ਨਹੀਂ ਹੁੰਦਾ, ਮਨ ਆਪਨਾ ਕੰਮ ਕਰਦਾ ਰਹਿੰਦਾ ਹੈ ਅਰ ਏਸ ਤਰ੍ਹਾਂ ਓਹ ਆਪਨੇ ਅਸਲੇ ਨੂੰ ਨਹੀਂ ਪਹੁੰਚਦਾ। ਅਸਲੇ ਤੇ ਜੋ ਪਸਾਰਾ ਹੋ ਰਿਹਾ ਹੈ ਅਰ ਜੋ ਮਾਯਾ ਰੂਪ ਹੈ, ਓਸ ਵਿਚ ਹੀ ਰੈਹ ਜਾਂਦਾ ਹੈ। ਭਗਤੀ ਅਤੇ ਪ੍ਰੇਮ ਨਾਲ ਵਾਹਗੁਰੂ ਨੂੰ ਪਾ ਲਈਦਾ ਹੈ। ਵਾਹਗੁਰੂ ਨੂੰ ਪਯਾਰ ਕਰਨ ਨਾਲ ਏਹ ਦੁਨੀਆਂ ਦੇ ਕੰਮ ਕਰਨ ਵਾਲੀ ਸਮਝ ਤੇ ਤਰਕ ਤੇ ਮਨ ਦੇ ਹੋਰ ਫੁਰਨੇ ਰੁਕਦੇ ਹਨ ਅਰ ਬ੍ਰਿਤੀਆਂ ਠਲਾ ਖਾਂਦੀਆਂ ਹਨ। ਸਾਰਿਆਂ ਪਾਸਿਆਂ ਤੋਂ ਪ੍ਰਵਾਹ ਰੁਕ ਕੇ ਇਕ ਪਾਸੇ ਲਗਦਾ ਹੈ। ਜਿਓਂ-ਜਿਓਂ ਪ੍ਰੇਮ ਵਧਦਾ ਹੈ, ਤਿਓਂ-ਤਿਓਂ ਏਸ ਮਾਯਕ ਪਸਾਰੇ ਵਾਲੀ ਬੁਧਿ ਜੋ ਅਪਨਾ ਕੰਮ ਦੇਸ-ਕਾਲ ਤੇ ਨਮਿਤ ਦੇ ਖਯਾਲ ਬਿਨਾ ਕਰ ਹੀ ਨਹੀਂ ਸਕਦੀ, ਮਰਦੀ ਮਾਰਦੀ ਸਿਧੀ ਤਕ ਅਪੜਦੀ ਹੈ ਜਿਥੇ ਕੇ ਆਪਨਾ ਅਸਲਾ ਅਸਲੇ ਨੂੰ ਪਛਾਣਦਾ ਹੈ। ਤਦੋਂ ਇਕ ਗਯਾਨ ਪੈਦਾ ਹੁੰਦਾ ਹੈ, ਉਸਨੂੰ 'ਅਨਭਵ' ਆਖਦੇ ਹਨ। ਓਦੋਂ ਆਖਨਾ ਚਾਨਣਾ ਆਪਨੇ ਵਿਚ ਮਗਨ ਕਰਦਾ ਹੈ। ਪਿਆਰੇ ਜੀ ਤੇ ਪ੍ਰੀਤਮ ਜੀ ਮਗਨ ਹੋ ਜਾਂਦੇ ਹਨ। ਏਹ ਤਾਂ ਰਹੀਆਂ ਬੇਅੰਤ ਦੀਆਂ ਗਲਾਂ ਦੇ ਲੇਖੇ। ਸਾਨੂੰ ਲੇਖੇ ਨਾਲ ਕੀਹ ਕੰਮ। ਸਾਨੂੰ ਤਾਂ ਨਿਗਰ ਦੌਲਤ ਦੀ ਲੋੜ ਹੈ। ਸਾਨੂੰ ਬਹੁਤ ਗਯਾਨਾਂ ਦੀ ਲੋੜ ਨਹੀਂ ਹੈ। ਸਾਨੂੰ ਇਕ ਸ਼ੈ ਦੀ ਲੋੜ ਹੈ ਜੋ ਸਭ ਤੋਂ ਅਮੋਲਕ ਹੈ ਤੇ ਅਸਲੀ ਹੈ। ਅਰ ਸਾਡੇ ਗੌਂ ਦੀ ਹੈ। ਓਸ ਸ਼ੈ ਦਾ ਪਿਆਰਾ ਨਾਮ, ਓਸ ਵਸਤ ਦਾ ਹੁਬ ਭਰਿਆ ਤੇ ਉਤਮ ਨਾਮ ਹੈ 'ਨਾਨਕ ਪ੍ਰੇਮ'। ਏਸ ਪ੍ਰੇਮ ਨੇ ਜਿਸ ਹਿਰਦੇ ਵਿਚ

 www.sikhbookclub.com

ਇਕ ਰਤੀ ਭਰ ਨਿਵਾਸ ਕੀਤਾ ਹੈ ਓਹ ਹ੍ਰਿਦਾ ਧੰਨ ਹੈ। ਗੁਰੂ ਨਾਨਕ ਪਿਆਰਾ ਲਗੇ ਭਾਵੇ ਰਤਾ ਕੁ ਪਿਆਰਾ ਲਗੇ, ਪਰ ਲਗੇ ਪਿਆਰਾ ਅਰ ਦਿਨ ਰਾਤ ਮਾੜੀ ਮਾੜੀ ਧੁਖ ਪ੍ਰੀਤਮ ਜੀ ਦੇ ਪਿਆਰ ਦੀ ਉਠਦੀ ਰਹੇ। ਰਾਤ ਜਾਗ ਖੁਲੇ ਤਾਂ ਧੰਨ ਗੁਰ ਨਾਨਕ ਹ੍ਰਿਦੇ ਵਿਚ ਹੋ ਰਹੀ ਹੋਵੇ। ਟੁਰੇ ਫਿਰੇ, ਜਾਵੇ ਆਵੇ, ਕੰਮ ਕਾਜ ਵਿਚ ਪਿਆਰ ਦੀ ਧ੍ਰੂ ਵਲ ਜਾਵੇ।

ਧੰਨ ਓਹ ਸਰੀਰ ਤੇ ਧੰਨ ਓਹ ਮਨ ਹੈ, ਜਿਸਦੇ ਅੰਦਰ ਏਹ ਕਿਨਕਾ ਵਸਿਆ ਹੈ। ਜੇ ਮਹੀਨੇ ਵਿਚ ਇਕ ਛਿਨ ਐਸੀ ਆ ਜਾਵੇ ਕੇ ਮੂੰਹੋਂ ਕਹੇ 'ਧੰਨ ਗੁਰੂ ਨਾਨਕ ਦੇਵ' ਤੇ ਅੱਖਾਂ ਜਲ ਨਾਲ ਭਰ ਜਾਣ, ਸਰੀਰ ਤੇ ਲੂੰ ਕੰਡੇ ਹੋ ਜਾਣ ਤੇ ਕਲੇਜੇ ਵਿਚ ਪ੍ਰੀਤਮ ਗੁਰ ਨਾਨਕ ਜੀ ਦੇ ਮਿਲਨ ਦੀ ਖਿਚ ਤਣੁਕਾ ਦੇ ਜਾਵੇ ਤਾਂ ਜਨਮ ਸਫਲ ਹੈ। ਜਿਸਨੂੰ ਇਕ ਵੇਰ ਵੀ ਐਸਾ ਸਮਾਂ ਲੰਘ ਗਯਾ ਹੈ, ਓਸ ਦੇ ਅੰਦਰ ਪਿਆਰਾ ਜ਼ਰੂਰ ਵਸੇਗਾ। ਗੁਰੂ ਨਾਨਕ ਜੀਵਨ ਸ਼ਕਤੀ ਹੈ। ਗੁਰੂ ਨਾਨਕ ਜੀਉਂਦਾ ਜਾਗਦਾ ਪ੍ਰੀਤਮ ਹੈ। ਗੁਰੂ ਨਾਨਕ ਮਨੁੱਖ ਬਣ ਕੇ ਸੰਸਾਰ ਤਾਰਨ ਆਇਆ। ਓਹ ਹੁਨ ਬੀ ਅਪਨੇ ਪ੍ਰੇਮੀਆਂ ਦਾ ਪ੍ਰੀਤਮ ਓਸੇ ਤਰਾਂ ਹੈ। ਓਸ ਨਾਲ ਨੇਹੁੰ ਜਿਸ ਦਾ ਲਗ ਗਯਾ 'ਸੋ ਸੁਖੀਆ ਧੰਨੁ ਉਸੁ ਜਨਮਾ ਨਾਨਕ ਤਿਸੁ ਬਲਿਹਾਰੀ'॥੨॥(ਟੋਡੀ ਮ:੫,ਪੰਨਾ:੭੧੨) ਜੇ ਲੋੜ ਹੈ ਤਾਂ ਇਕ ਲੋੜ ਲੋੜੋ, ਤਾਂਘ ਹੈ ਤਾਂ ਇਕੋ ਤਾਂਘ ਤਾਂਘੋ ਅਰ ਓਹ ਕੀਹ? 'ਗੁਰ ਨਾਨਕ ਪ੍ਰੇਮ' ਦੀ ਰਿਸਮ ਵਸਾਓ। ਕਾਸ਼ ਓਹ ਘੜੀ ਆਵੇ ਤੇ ਆਈ ਹੋਈ ਫੇਰ ਨ ਖੁਸੇ ਕੇ ਪ੍ਰੀਤਮ ਜੀ ਦਾ ਪ੍ਰੇਮ ਸੁਤੇ ਹੋਏ ਸ਼ੇਰ ਵਾਂਙ ਜਾਗ ਪਵੇ ਅਰ ਪਿਆਰ ਦੀ ਐਸੀ ਕੰਧ ਬਨ ਜਾਵੇ ਕੇ ਪਏ ਖੀਵੇ ਹੋ ਕੇ ਗਾਵੀਏ:

*'ਮੂ ਲਾਲਨ ਸਿਉ ਪ੍ਰੀਤਿ ਬਨੀ॥ ਰਹਾਉ॥*
*ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ॥੧॥*
*ਦਿਨਸੁ ਰੈਨਿ ਮਨ ਮਾਹਿ ਬਸਤੁ ਹੈ ਤੂ ਕਰਿ ਕਿਰਪਾ ਪ੍ਰਭ ਅਪਨੀ॥*

(ਬਿਲਾਵਲ ਮ:੫,ਪੰਨਾ:੮੨੭)

ਪ੍ਰੀਤਮ ਜੀ ਨੂੰ ਪਿਆਰ ਕਰੋ, ਅੰਦ੍ਰ ਵਸਾਓ। ਜਾ ਤੂ ਅੰਦਰਿ ਤਾ ਸੁਖੇ ਤੂੰ ਨਿਮਾਣੀ ਮਾਣੀਆ॥(ਰਾਗੁ ਸੂਹੀ ਮ:੫,ਪੰਨਾ:੭੬੧) ਆਖੋ ਧੰਨ

ਗੁਰ ਨਾਨਕ ਦੇਵ। ਧੰਨ ਜਗਦਾਤਾ ਪ੍ਰੀਤਮ ਜੀ ਜੋ ਸਾਡੇ ਵਿਚ ਸਾਡੇ ਵਰਗਾ ਹੋ ਕੇ ਵਸਿਆ ਤੇ ਸਾਡੇ ਅੰਦਰ ਲੋ ਲਗਾ ਕੇ ਲੁਕ ਬੈਠਾ। ਪਰ ਹਾਂ ਜੋ ਲੋ ਲਗੇ ਵਾਲਿਆਂ ਤੋਂ ਦੇਹ ਛੋੜ ਕੇ ਬੀ ਨਹੀਂ ਲੁਕਿਆ, ਉਨਾਂ ਦੇ ਹਿਰਦੇ ਨੂੰ ਤਖਤ ਬਣਾ ਕੇ ਅਠ ਪਹਰ ਉਥੇ ਬਿਰਾਜਦਾ ਹੈ। ਧੰਨ ਹੈ ਐਸਾ ਪ੍ਰੀਤਮ। ਹੋਰ ਕੀ ਲੋੜ ਹੈ। ਜੋ ਦਿਸਦਾ ਹੈ, ਓਹ ਕਿਸ ਅਰਥ ਹੈ। ਜੋ ਨ ਦਿਸਣ ਵਾਲਾ ਅਮੋਲਕ ਪਦਾਰਥ ਹੈ, ਓਹ ਬੀ ਕਿਸ ਅਰਥ ਹੈ। ਸਭ ਤਰਵਰ ਦੀ ਛਾਯਾ ਹੈ। ਮੁਕਤ ਬੀ ਕੁਛ ਵਸਤੂ ਨਹੀਂ ਤੇ ਸੁਰਗ ਬੈਕੁੰਠ ਬੀ ਕਿਸੇ ਕੰਮ ਨਹੀਂ ਹੈ। ਪਾਪਾਂ ਤੋਂ ਛੁਟਣ ਦਾ ਸੰਕਲਪ ਤੇ ਉਚੇ ਹੋਣ ਦੀ ਇੱਛਾ ਬੀ ਮਾਯਾ ਦਾ ਜਾਲ ਹੈ। ਸਾਰਾ ਵਸਤੂ ਇਕ 'ਨਾਨਕ ਪ੍ਰੇਮ' ਹੈ। ਜੇ ਏਹ ਲਭ ਜਾਏ ਤਾਂ ਏਸੇ ਧੁੰਨ ਵਿਚ ਮਗਨ ਰਹੇ ਤੇ ਸਾਰੀ ਅਪਾਇਕੀ (ਮੈਂ ਮੇਰੀ) ਤੇ ਸੋਚਾਂ ਛਡ ਕੇ ਇਕੋ ਲਗਨ ਵਿਚ ਲਗ ਰਹੇ, ਆਓ ਪ੍ਰਾਥਨਾ ਕਰੀਏ : 'ਹੇ ਗੁਰ ਨਾਨਕ ਪ੍ਰੀਤਮ ਜੀ ਆਪਨਾ ਪਿਆਰ ਲਾ ਦਿਓ'।

ਹਿਤਕਾਰੀ,
ਵੀਰ ਸਿੰਘ

- o -


www.sikhbookclub.com

**੧ਓ ਵਾਹਗੁਰੂ ਜੀ ਕੀ ਫਤਹ**

ਪਿਆਰੇ ਜੀਓ,

ਜਦੋਂ ਬਾਣੀ ਤੇ ਨਾਮ ਲਿਵ ਪੈਦਾ ਕਰ ਦੇਂਦੇ ਹਨ, ਤਦ 'ਅਮਰ ਜੀਵਨ' ਦੇ ਮੰਡਲ ਵਿਚ ਆ ਜਾਈਦਾ ਹੈ। ਲਿਵ ਏਸ ਗਲ ਦਾ ਨਾਮ ਹੈ ਕੇ ਸਾਡਾ ਖਯਾਲ ਅਰਥਾਤ ਮਨ ਦੀ ਤਾਰ ਯਾ ਸੁਰਤਿ ਹਰ ਵੇਲੇ ਸਾਂਈ ਦੇ ਅਗੇ ਕਬੂਲ ਕਰਨ ਵਾਲੀ ਹੋ ਕੇ ਖੁਲੀ ਰਹੇ। ਸਾਡੇ ਮਨ ਦੇ ਬੂਹੇ ਵਾਹਗੁਰੂ ਜੀ ਦੇ ਉਨ੍ਹਾਂ ਆਤਮ ਹੁਲਾਰਿਆਂ ਦੇ ਅਗੇ, ਜੋ ਹਰ ਵੇਲੇ ਸਾਡੇ ਪਾਸ ਆ ਰਹੇ ਹਨ, ਖੁੱਲ੍ਹ ਜਾਣ ਅਰ ਦਮ ਬਦਮ ਸਾਡੇ ਵਿਚੋਂ ਆਤਮ ਸਤਾ ਪ੍ਰਵੇਸ਼ ਕਰਦੀ ਰਹੇ। ਆਤਮ ਮੰਡਲ ਦੀਆਂ ਤਾਕਤਾਂ ਦਾ ਆਵੇਸ਼ ਅਸਾਂ ਵਿਚ ਰਹੇ ਯਾ ਸੌਖਾ ਸਮਝਣਾ ਹੋਵੇ ਤਾਂ ਨਾਮ, ਧਯਾਨ, ਪ੍ਰੇਮ ਤਿੰਨੇ ਇਕ ਰੂਪ ਹੋ ਕੇ ਅੰਦ੍ਰ ਇਕ ਤਾਰ ਬਝ ਜਾਣ। ਮਨ ਦਾ ਪ੍ਰਵਾਹ ਜਦ ਸਾਂਈ ਨਾਲ ਐਓਂ ਜੁੜ ਜਾਂਦਾ ਹੈ ਤਾਂ ਜੀਓ ਪਈਦਾ ਹੈ। ਏਹ ਜੀਵਨ ਅਮਰ ਜੀਵਨ ਹੈ, ਫੇਰ ਅਠ ਪੈਹਰ ਏਸ ਰੰਗ ਵਿਚ ਰਹਣਾ ਕੇ ਮੇਰੇ ਅੰਦਰ ਮਾਲਕ ਵਸ ਰਿਹਾ ਹੈ ਅਰ ਮੇਰਾ ਮਨ ਇਕ ਜੋਤ ਹੋ ਰਿਹਾ ਹੈ, ਪਰ ਏਹ ਹੈ ਕਠਨ, ਸਮਾਂ ਲਗਦਾ ਹੈ, ਅਰ ਜਿਥੋਂ ਸ਼ੁਰੂ ਹੋਏ ਹੋ (ਨਾਮ ਤੋਂ) ਇਥੋਂ ਟੁਰੀਦਾ ਹੈ। ਨਾਮ ਦਾ ਦਿਨ ਰਾਤ ਅਭਯਾਸ ਕਰੀਦਾ ਹੈ। ਦਿਨ ਰਾਤ ਦਾ ਸਿਮ੍ਰਨ ਫੇਰ ਜੀਭ ਤੇ ਨਹੀਂ ਰੈਹ ਜਾਂਦਾ, ਆਤਮਾ ਵਿਚ, ਸੁਰਤਿ ਵਿਚ ਸਿੰਜਰਦਾ ਹੈ। ਐਸਾ ਬੈਠਦਾ ਹੈ ਕੇ ਸੁਰਤਿ ਵਿਚ ਸਿਮ੍ਰਨ ਬਝ ਜਾਂਦਾ ਹੈ, ਵਿਚ ਪ੍ਰੇਮ ਪੈਂਦਾ ਹੈ ਤੇ ਰਸ ਦੇ ਫੁਹਾਰੇ ਛੁਟਦੇ ਹਨ। ਏਹ ਤ੍ਰੀਕਾ 'ਅਮਰ ਜੀਵਨ' ਪ੍ਰਾਪਤੀ ਦਾ ਹੈ। ਨਾਮ ਦਾ ਸਬਕ ਪਕਾਣ ਵਾਸਤੇ ਖਿਚ ਦੀ ਲੋੜ ਹੈ। ਸੋ ਪ੍ਰਕਾਰ ਤੁਸਾਂ ਨੂੰ ਪਤਾ ਹੈ। ਏਹ ਵਸ ਦੀ ਖੇਡ ਨਹੀਂ, ਦਾਤ ਹੈ, ਖਿਚ ਦਾ ਪ੍ਰਯੋਜਨ ਸਬਕ ਪਕਾਣ ਤੋਂ ਹੈ। ਏਹ ਅੰਦਰ ਉਸਤਾਦ ਬੈਠਦਾ ਹੈ। ਨਾਮ ਦਾ ਦਾਤਾ ਵਾਹਗੁਰੂ ਹੈ, ਪ੍ਰਚਾਰਕ ਗੁਰ ਨਾਨਕ ਦੇਵ ਹਨ, ਪ੍ਰਾਪਤ ਸਤਸੰਗ ਵਿਚੋਂ ਹੁੰਦਾ ਹੈ ਤੇ


www.sikhbookclub.com

ਖਿਚ ਗੁਪਤ ਗੁਰੂ ਅੰਦਰ ਵਸਦੀ ਹੈ। ਜੋ ਏਸ ਨੂੰ ਪਕਾਂਦਾ ਹੈ ਤਾਂ ਵਿਘਨਾਂ ਤੋਂ ਬਚਾਣ ਲਈ ਸਤਸੰਗ ਦੀ ਮਦਦ ਹੁੰਦੀ ਹੈ। ਅਰ ਉਤੋਂ ਨਾਂਹ ਦਿਸਣ ਵਾਲੇ ਮੰਡਲ ਵਿਚੋਂ ਗੈਬ ਦੀ ਮਦਦ ਪਹੁੰਚਦੀ ਹੈ। ਜੋ ਸਤਸੰਗ ਦਾ ਹੀ ਦੂਸਰਾ ਦਰਜਾ ਹੈ ਤੇ ਉਚੇਰੀ ਪ੍ਰਾਪਤੀ ਹੈ। ਤੁਸਾਂ ਨੂੰ ਪਤਾ ਹੈ ਕਿ ਸਿਮ੍ਰਨ ਜਦ ਤਕ ਤ੍ਰਣੀ ਵਿਹੂਣਾ ਹੈ, ਜੀਵਨ ਪੈਦਾ ਨਹੀਂ ਕਰਦਾ। ਕਣੀ ਅਕਸਰ ਦਾਤ ਨਾਲ ਲਝਦੀ ਹੈ। ਜਦ ਕਣੀ ਲਝ ਪਈ, ਚਰਖਾ ਟੁਰ ਪਿਆ। ਫਿਰ ਸੁਰਤਿ ਸਦਾ ਉਚੀ ਤੇ ਲਿਵ ਵਿਚ ਰਖੀ, ਕਿਸੇ ਖਯਾਲ ਨੂੰ ਓਸ ਪਰ ਹਾਵੀ ਨਾ ਹੋਣ ਦਿਤਾ, ਲਿਵ ਟੁਰੀ ਰਹੇ ਤੇ ਜੋ ਕੁਛ ਆ ਬੈਠੇ ਓਸ ਪਰ 'ਹੋਊ ਪਰੇ' ਕੀਤੀ ਤੇ ਅੰਦਰੋਂ ਬਾਹਰ ਵਗਾਹ ਮਾਰੀ। ਵੈਰ, ਮੋਹ, ਦੱਬਾ ਖਾਣਾ, ਭ੍ਰਮ ਭੈ ਵਿਚ ਪੈ ਜਾਣਾ, ਈਰਖਾ ਕਰਨੀ, ਗਲ ਕੀਹ ਕਿਸੇ ਤਰ੍ਹਾਂ ਦੀ ਘ੍ਰਿਣਾ ਹੋਵੇ, ਲਿਵ ਨੂੰ ਮਾਰਦੀ ਹੈ। ਹਰ ਵੇਲੇ ਉਚੇ ਸੁਰਤੇ ਰਹੀਏ, ਹਰ ਵੇਲੇ ਸਿਮ੍ਰਨ ਵਿਚ ਵਸੀਏ, ਹਰ ਵੇਲੇ ਧਯਾਨੋਂ ਨ ਟੁਟੀਏ, ਹਰ ਵੇਲੇ ਦ੍ਰਿੜ ਬਣੀਏ ਕੇ ਦਾਤਾ ਜੀ ਲਿਵ ਵਿਚੋਂ ਰਸ, ਅਨੰਦ, ਪ੍ਰੇਮ, ਸਿਮ੍ਰਨ ਤੇ ਪਵਿਤ੍ਰਤਾ ਦੀ ਨਿਝਰਧਾਰ ਬਰਖਾ ਤੇ ਠੰਡੇ ਲੈਹਰੇ ਮੇਰੀ ਸੁਰਤਿ ਵਿਚ ਆ ਕੇ ਸੁਰਤਿ ਨੂੰ ਉਚਿਆਂ ਕਰ ਰਹੇ ਹਨ। ਏਹ ਸਬਕ ਭੁਲ ਭੁਲ ਜਾਈਦਾ ਹੈ। ਏਹੋ ਮੁੜ ਮੁੜ ਪਕਾਈਦਾ ਹੈ। ਹਰ ਠੋਕਰ ਓਸ ਨੂੰ ਹੋਸ਼ ਲਿਆਉਂਦੀ ਹੈ ਤੇ ਤਕੜਿਆਂ ਕਰਦੀ ਹੈ। ਹਰ ਦੁਖ ਏਸ ਨੂੰ ਪਹਿਲਾਂ ਨਾਲੋਂ ਉਚ ਸੁਰਤਾ ਕਰਦਾ ਹੈ। ਜੋ ਨਾਮ ਵਿਚ ਲਗ ਪਏ ਉਨ੍ਹਾਂ ਲਈ ਹਰ ਦੁਖ ਸੁਖ ਦੀ ਪਉੜੀ ਦਾ ਇਕ ਉਚੇਚਾ ਡੰਡਾ ਬਣ ਜਾਂਦਾ ਹੈ। ਪਰਤਖ ਦੇਖ ਲਵੋ ਕੇ ਏਸ ਦੁਖ ਦੇ ਮਗਰੋਂ ਸੁਰਤਿ ਕਿਸ ਤਰਾਂ ਸਾਫ ਤੇ ਉਚੇਰੀ ਹੋ ਗਈ ਹੈ।

ਜੇ ਅਸੀਂ ਸ਼ੁਕਰ ਵਿਚ ਰਹੀਏ ਸੁਰਤਿ ਵਿਚ ਸੋਚ ਨਾਂਹ ਪੈਣ ਦੇਈਏ ਤਾਂ ਕਰਮ ਬਲ ਨਹੀਂ ਪਾ ਸਕਦੇ। ਦੁਖ ਦੂਰੋਂ ਭਜ ਜਾਂਦੇ ਹਨ। ਏਹ ਫਕੀਰੀ ਨਹੀਂ ਸਚੀ ਪਾਤਸ਼ਾਹੀ ਹੈ। ਏਹ ਗੁਰ ਨਾਨਕ ਦੇ ਰਾਜ ਦਾ ਪ੍ਰਤਾਪ ਹੈ। ਇਸਦਾ ਫਲ ਲੋਕ ਪ੍ਰਲੋਕ ਦਾ ਸੁਖ ਅਤੇ ਤੇਜ ਪ੍ਰਤਾਪ ਹੈ, ਏਸ ਰੰਗ ਵਾਲਾ ਮਾਲਕ ਹੈ। ਸਰੀਰ ਦਾ ਮਾਲਕ ਹੈ। ਕੁਦਰਤ ਦਾ ਮਾਲਕ ਹੈ।


www.sikhbookclub.com

*ਫਰੀਦਾ ਜੇ ਤੂ ਮੇਰਾ ਹੋਇ ਰਹਿ*
*ਸਭੁ ਜਗੁ ਤੇਰਾ ਹੋਇ॥*
(ਸਲੋਕ ਸੇਖ ਫਰੀਦ, ਪੰਨਾ: ੧੩੮੨)

ਏਹ ਵਾਹਗੁਰੂ ਜੀ ਦਾ ਇਕ੍ਰਾਰ ਹੈ। ਉਚੇ ਰਹੋ। ਗੁਰੂ ਨਾਨਕ ਦਾ ਅਪਨਾ ਜੀਵਨ ਲੈਹਰਾ ਅਸਾਂ ਵਿਚ ਹਰ ਵੇਲੇ ਹੁਲਾਰੇ ਮਾਰਦਾ ਆਵੇ। ਸਾਡੇ ਮਨ ਦੇ ਦਰਵਾਜੇ ਹਰ ਵੇਲੇ ਓਸ ਲਈ ਖੁਲ੍ਹੇ ਰੈਹਣ ਤੇ ਸੰਸਾਰ ਦੀਆਂ ਸੋਚਾਂ ਤੋਂ ਸਖਣੇ ਰੈਹਣ। ਸਤਗੁਰ ਦਾ ਆਤਮ ਹੁਲਾਰਾ ਸਾਡੇ ਅੰਦਰ ਆਵੇ ਤੇ ਸੁਰਤਿ ਵਿਚ ਸਮਾਵੇ। ਪ੍ਰਾਰਥਨਾ ਕਰੋ ਹੇ ਨਾਨਕ ਪਿਤਾ.....ਮੁਰਦੇ ਜੀਵਾਨ ਵਾਲੇ, ਦਮ ਦੀ ਫੂਕ ਮਾਰ ਜੋ ਅਸੀਂ ਜੀਓ ਪਵੀਏ ਤੇ ਤੇਰੇ ਨਾਲ ਇਕ ਜੋਤ ਜੀਵੀਏ। ਹੇ ਗੁਰੂ ਨਾਨਕ ਪਿਤਾ ਅੰਦਰ ਆ ਵੱਸ ਤੇ ਫੇਰ ਨਿਕਲਨਾ ਭੁਲ ਜਾ - - ਤੂੰ ਜੀ ਮੇਰੇ ਵਿਚ ਐਸਾ ਵਸ ਕੇ ਫੇਰ ਨਾ ਨਸ। ਧੰਨ ਗੁਰ ਨਾਨਕ ਦੇਵ ਜੀ ਹਨ। ਸ਼ੁਕਰ ਕਰੋ ਅਰ ਸ਼ੁਕਰ ਦੇ ਭਾਵ ਨਾਲ ਆਤਮਾ ਸਤਗੁਰ ਨਾਨਕ ਦੇ ਸਨਮੁਖ ਰਖੋ। ਖੁਸ਼ੀ ਪਚਾਣ ਦਾ ਚੂਰਨ ਸ਼ੁਕਰ ਹੈ। ਪਚੀ ਹੋਈ ਸ਼ੈ ਫਿਰ ਅੰਦਰ ਦਿਨਾਂ ਤੱਕ ਨਸ਼ਾ ਰਖਦੀ ਹੈ। ਖੁਸ਼ੀ ਵੇਲੇ ਬੇਪਰਵਾਹੀ ਨਹੀਂ ਕਰਨੀ, ਰੇਤ ਥਲੇ ਵਾਂਙ ਖੁਸ਼ੀ ਨੂੰ ਜਰ ਜਾਣਾ, ਏਹ ਖੁਸ਼ੀ ਨਹੀਂ, 'ਹਰਿ ਰੰਗ' ਏਸ ਦਾ ਨਾਉਂ ਹੈ। ਸਭ ਆਖੋ 'ਧੰਨ ਗੁਰ ਨਾਨਕ ਦੇਵ'।

ਹਿਤਕਾਰੀ,
ਵੀਰ ਸਿੰਘ

- o -

 www.sikhbookclub.com

**੧ਓ ਵਾਹਗੁਰੂ ਜੀ ਕੀ ਫਤਹ**

੨੩-੮-੧੯੧੨

ਪਿਆਰੇ ਜੀਓ,

ਬਿਨਸਨਹਾਰ ਸ਼ੈਆਂ ਤੇ ਟੇਕ ਨਹੀਂ ਧਰੀਦੀ। ਟੇਕ ਸਦਾ ਸਿਮ੍ਰਨ, ਧਯਾਨ ਵਿਚ, ਖਿਚ ਲਿਵ ਪਰ ਧਰੀਦੀ ਹੈ। ਲਿਵ ਜੀਵਨ ਹੈ ਜਿਸ ਪਰ ਧਰੀ ਟੇਕ ਸਦਾ ਸੁਖ ਦੇਂਦੀ ਹੈ, ਅਰ ਲਿਵ ਵਾਲੇ ਓਸ ਸਚੇ ਦਾਤਾ ਦੇ ਅਪਨੇ ਮੰਡਲ ਵਿਚ ਸਵਪਨ ਦਰਸ਼ਨ ਅਰ ਸੁਰਤਿ ਦੇ ਉਚੇ ਹੋਣ ਦਾ ਲਾਭ ਲੈ ਲੈਂਦੇ ਹਨ। ਕਦੇ ਹਾਹੁਕਾ ਨਹੀਂ ਖਾਣਾ ਚਾਹੀਦਾ। ਸਦਾ ਸ਼ੁਕਰ ਕਰਨਾ ਚਾਹੀਦਾ ਹੈ। ਹਰ ਰੰਗ ਵਿਚ ਸ਼ੁਕਰ ਕਰਨਾ ਚਾਹੀਦਾ ਹੈ। ਬੇੜੇ ਚਾਹੜਨਹਾਰ ਗੁਰੂ ਜਾਣੇ। ਜਗਤ ਵਿਚ ਬੜੀਆਂ-ਬੜੀਆਂ ਚੰਗੀਆਂ ਰੂਹਾਂ ਵਸਦੀਆਂ ਹਨ। ਖਵਰੇ ਕਿਸਨੇ ਸਿਰੇ ਚੜ ਜਾਣਾ ਹੈ ਤੇ ਕਿਸ ਦੀ ਖਰੈਤ ਕਿਸੇ ਦੀ ਕਲਯਾਨ ਹੋਣੀ ਹੈ।

*ਜਿਸ ਵਾੜੀ ਦੇ ਫੁਲ ਸੁਹਾਵੇ, ਹਰ ਹਰ ਨਾਮ ਜਪੰਨ।*
*ਵਧੇ ਫੁਲੇ ਤੇ ਖਿੜੇ ਨਿਤ, ਅੰਮ੍ਰਿਤ ਪੁਸ਼ਪ ਲਗੰਨ।*

ਹਿਤਕਾਰੀ,
ਵੀਰ ਸਿੰਘ

- ੦ -

# ਪਰਿਚਾਯਕ ਟਿੱਪਣੀ

ਇਸ ਪੱਤਰ ਵਿਚ ਭਾਈ ਵੀਰ ਸਿੰਘ ਜੀ ਨੇ ਸਿੱਖ-ਸਭਿਆਚਾਰ ਦੇ ਮਹੱਤਵਸ਼ੀਲ ਸੰਕਲਪ ਨੂੰ ਜੀਵਨ ਵਰਤਾਰੇ ਦਾ ਸੰਗੀ ਬਣਾਣ ਵਾਲਾ ਪ੍ਰਵਚਨ ਪੇਸ਼ ਕੀਤਾ ਹੈ। ਬੁਨਿਆਦੀ ਸਮੱਸਿਆ ਇਕ ਵਿਸ਼ੇਸ਼ ਦ੍ਰਿਸ਼ਟੀ -ਬਿੰਦੂ ਤੋਂ ਸਿੱਖ ਦੇ ਨਿਤਾਪ੍ਰਤੀ ਵਰਤਾਰੇ ਨੂੰ ਪਰਿਭਾਸ਼ਿਤ ਕਰਨ ਨਾਲ ਜੁੜੀ ਹੋਈ ਹੈ ਅਤੇ ਇਸ ਸਾਰੇ ਵਰਤਾਰੇ ਵਿਚ ਨਾਮ ਦੇ ਸੰਕਲਪ ਦੀ ਪਰਵਿਸ਼ਟੀ ਨੂੰ ਲਿਆਂਦਾ ਗਿਆ ਹੈ; ਜਿਸ ਦਾ ਭਾਵ ਇਹ ਹੈ ਕਿ ਨਾਮ ਦਾ ਸਿੱਖ ਵਰਤਾਰੇ ਨਾਲ ਕੀ ਸੰਬੰਧ ਹੈ ਅਰਥਾਤ ਨਾਮ ਸਿੱਖ ਵਰਤਾਰੇ ਨੂੰ ਸੁਗਠਿਤ ਕਰਨ ਤੇ ਘੜਨ ਦਾ ਕਾਰਜ ਕਿਵੇਂ ਕਰਦਾ ਹੈ। ਗ੍ਰਿਹਸਤ ਦੀ ਚੇਤੰਨ ਗਤੀ ਤੋਂ ਲੈ ਕੇ, ਸੌਣ ਦੀ ਅਵਚੇਤਨੀ ਪ੍ਰਕਿਰਿਆ ਤੀਕ ਨਾਮ ਦੀ ਗੱਲ ਨੂੰ ਲਿਜਾਇਆ ਗਿਆ ਹੈ ਅਤੇ ਦੱਸਿਆ ਗਿਆ ਹੈ ਕਿ ਸਿੱਖ ਦਾ ਸਾਰਾ ਜੀਵਨ-ਵਰਤਾਰਾ ਹੀ ਨਾਮ ਦੁਆਰਾ ਸੁਗਠਵੇਂ ਚਰਿੱਤਰ ਦਾ ਰੂਪ ਧਾਰਦਾ ਹੈ। ਗ੍ਰਿਹਸਤ ਵਿਚ ਵੀ ਸਿੱਖ ਨਾਮ ਨੂੰ ਆਧਾਰ ਬਣਾਂਦਾ ਹੈ ਤੇ ਰਾਤੀ ਸੌਣ ਲਗਿਆਂ ਵੀ ਨਾਮ ਜਪਣ ਰਾਹੀਂ ਆਪਣੀ ਮਾਨਸਿਕ ਪ੍ਰਕਿਰਿਆ ਵਿਚ ਨਾਮ ਨੂੰ ਉਤਾਰ ਲੈਂਦਾ ਹੈ। ਨੀਂਦ ਵਿਚ ਉਤਰਿਆ ਨਾਮ ਸਿੱਖ ਨੂੰ ਉਚੇਰੀ ਤੇ ਸੁਖਦਾਇਕ ਜਾਗ ਵਿਚ ਜਗਾਂਦਾ ਹੈ।

ਭਾਈ ਵੀਰ ਸਿੰਘ ਜੀ ਦੀ ਇਸ ਸਾਰੀ ਪ੍ਰਕਿਰਿਆ ਨੂੰ ਧਿਆਨ ਨਾਲ ਵੇਖਿਆਂ ਇਹ ਗੱਲ ਸਮਝ ਆਏਗੀ ਕਿ ਇਸ ਵਿਚ ਜੈਵਿਕਤਾ ਨੂੰ ਨਾਮ ਦੁਆਰਾ ਰੂਪਾਂਤ੍ਰਿਣ ਦੇਣ ਦੀ ਪ੍ਰਕਿਰਿਆ ਹੈ ਅਤੇ ਇਹ ਪ੍ਰਕਿਰਿਆ ਸਿੱਖੀ ਦੀ ਪ੍ਰੰਪਰਾ ਮੁਤਾਬਿਕ ਹੈ। ਨਾਮ ਦੁਆਰਾ ਸਿੱਖੀ ਨੇ ਪੰਜਾਬ ਵਿਚ ਆਪਣੇ ਤਰੀਕੇ ਨਾਲ ਉਸ ਅਭਿਆਸ ਨੂੰ ਅਗਰਭੂਮਿਤ ਕੀਤਾ ਜਿਸ ਨੂੰ ਅਜੋਕੇ ਸਾਂਸਕ੍ਰਿਤਿਕ - ਵਿਗਿਆਨੀ ਤੇ ਭਾਸ਼ਾ - ਵਿਗਿਆਨੀ ਪ੍ਰਤੀਕ ਪਾਸਾਰ ਕਹਿੰਦੇ ਹਨ। ਮਾਨਵੀ ਜੈਵਿਕਤਾ, ਪ੍ਰਤੀਕ ਪਾਸਾਰ ਵਿਚ ਪ੍ਰਵੇਸ਼ ਕਰਕੇ ਹੀ, ਮਾਨਵੀ ਚਰਿੱਤ੍ਰ ਗ੍ਰਹਿਣ ਕਰਦੀ ਹੈ ਅਤੇ ਇਹ ਚਰਿੱਤ੍ਰ ਜਦੋਂ ਇਸ ਪ੍ਰਤੀਕੀ ਜਾਂ ਭਾਸ਼ਾਈ ਪਾਸਾਰ ਦੀ ਵਿਸ਼ੇਸ਼ਤਾ ਨੂੰ ਦ੍ਰਿੜ੍ਹ ਕਰਕੇ ਇਸ ਨੂੰ ਆਪਣੇ ਸਹਿਜ ਵਰਤਾਰੇ ਦਾ ਅੰਗ ਬਣਾ ਲੈਂਦਾ ਹੈ ਤਾਂ ਇਹ ਆਪਣੇ ਜਾਗਦੇ ਤੇ ਸੁਤੇ ਦੋਹਾਂ ਜਹਾਨਾਂ ਨੂੰ ਇਸ ਦੇ ਅੰਕੁਸ਼ ਦੇ ਅਧੀਨ ਕਰਦਾ ਹੈ। ਇਸ ਤਰ੍ਹਾਂ ਉਸ ਦੀ ਉਚੇਰੀ ਮਤ ਦਾ ਨਿਰਮਾਣ ਹੁੰਦਾ ਹੈ।

 www.sikhbookclub.com

**੧ਓ ਸ੍ਰੀ ਵਾਹਗੁਰੂ ਜੀ ਕੀ ਫਤਹ**

ਪਵਿਤ੍ਰਾਤਮਾ ਜੀਓ,

ਸਿਖ ਦਿਹਾੜੀ ਗ੍ਰਿਹਸਤੀ ਤੇ ਰਾਤ ਨੂੰ ਸਨਯਾਸੀ। ਰਾਤ ਨੂੰ ਜਦ ਸਾਰਾ ਪਰਵਾਰ ਸੌਂ ਜਾਵੇ ਤਾਂ ਆਪ ਬੈਠ ਜਾਵੇ ਤੇ ਕੀਰਤਨ ਸੋਹਲੇ ਦਾ ਪਾਠ ਕਰਕੇ ਨਾਮ ਸ਼ੁਰੂ ਕਰੇ ਤੇ ਕਰਦਾ ਕਰਦਾ ਊਂਘਾ ਆਵੇ ਤਾਂ ਸੌਂ ਜਾਵੇ ਤੇ ਜਦ ਜਾਗੇ, ਜੇ ਨਾਮ ਜਾਰੀ ਹੋਵੇ ਤਾਂ ਸਮਝੇ ਕਿ ਨੀਂਦ ਵਿਚ ਵੀ ਨਾਮ ਰਿਹਾ, ਜਾਗਣ ਵਿਚ ਸ਼ਾਂਤ-ਸੁਖ-ਬਾਣੀ ਯਾ ਨਾਮ ਹੋਵੇ ਤਾਂ ਸਮਝੇ ਕਿ ਨਾਮ ਜਾਰੀ ਰਿਹਾ ਹੈ।

ਹਿਤਕਾਰੀ,
ਵੀਰ ਸਿੰਘ

– o –

 www.sikhbookclub.com

# ਪਰਿਚਾਯਕ ਟਿੱਪਣੀ

ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਇਹ ਚਿੱਠੀ ਗੁਰਮਰਯਾਦਾ ਰਾਹੀਂ ਸੰਸਾਰਕ ਕਾਰ-ਵਿਹਾਰ ਨਾਲ ਨਜਿੱਠਣ ਅਤੇ ਜੰਜਾਲਗ੍ਰਸਤ ਅਡੰਬਰ ਵਿਚ ਇਕਾਗ੍ਰਤਾ ਸਹਿਤ ਵਿਚਰਨ ਦੀ ਜਾਚ ਦੱਸਣ ਵਾਲਾ ਪ੍ਰਵਚਨ ਹੈ। ਪਰ ਇਹ ਪ੍ਰਵਚਨ ਭਾਈ ਵੀਰ ਸਿੰਘ ਜੀ ਕਿਸੇ ਸੁਘੜ ਵਿਅਕਤੀ ਵੱਲੋਂ ਪੁੱਛੇ ਪ੍ਰਸ਼ਨ ਦੇ ਜਵਾਬ ਵਿਚ ਲਿਖ ਰਹੇ ਹਨ। ਇਸ ਲਈ ਭਾਈ ਵੀਰ ਸਿੰਘ ਜੀ ਆਪਣੇ ਇਸ ਸਾਰੇ ਪੱਤਰ ਵਿਚ ਪ੍ਰਤੀਉਤਰਸ਼ੀਲ ਹੋਣ ਦੀ ਚੇਤੰਨਤਾ ਵਿਚ ਸਾਵਧਾਨ ਰਹਿੰਦੇ ਹਨ। ਪ੍ਰਤੀਉਤਰਸ਼ੀਲ ਕੋਈ ਵਿਅਕਤੀ ਉਦੋਂ ਹੁੰਦਾ ਹੈ ਜਦੋਂ ਉਹ ਕਿਸੇ ਦੂਸਰੇ ਦੀ ਪੁੱਛ ਨੂੰ ਗੰਭੀਰਤਾ ਨਾਲ ਵਿਚਾਰਨ ਦਾ ਪ੍ਰਯਾਸ ਕਰਦਾ ਹੈ। ਭਾਈ ਵੀਰ ਸਿੰਘ ਜੀ ਇਸ ਸਾਰੇ ਪ੍ਰਵਚਨ ਵਿਚ ਇਸੇ ਪ੍ਰਯਾਸ-ਪ੍ਰਕਿਰਿਆ ਵਿਚ ਪਏ ਨਜ਼ਰ ਆਉਂਦੇ ਹਨ। ਬੁਨਿਆਦੀ ਮਸਲਾ ਜੰਜਾਲਗ੍ਰਸਤ ਜੀਵਨ ਤੇ ਇਸ ਨਾਲ ਮੁਕਾਬਲਾ ਕਰ ਸਕਣ ਵਾਲੀ ਇਕਾਗਰ ਦ੍ਰਿਸ਼ਟੀ ਦੇ ਆਪਸੀ ਸੰਬੰਧਾਂ ਦਾ ਹੈ। ਭਾਈ ਵੀਰ ਸਿੰਘ ਜੀ ਅਜਿਹੀ ਪ੍ਰਕਿਰਿਆ ਵਿਚ ਵਿਅਕਤੀ ਨੂੰ ਪ੍ਰਚੰਡ ਚੇਤੰਨਤਾ ਵਿਚ ਪ੍ਰਕਾਸ਼ਮਾਨ ਹੋਣ ਲਈ ਅਤੇ ਜੰਜਾਲਗ੍ਰਸਤ ਅਡੰਬਰ ਤੋਂ ਸਾਵਧਾਨ ਹੋਣ ਲਈ ਕਹਿੰਦੇ ਹਨ। ਅਸਲ ਵਿਚ ਗੁਰਬਾਣੀ ਦਾ ਸਭਿਆਚਾਰ ਹੀ ਐਸਾ ਹੈ ਜੋ ਪੰਜਾਬ ਨੂੰ ਮਾਨਵੀ ਜੈਵਿਕਤਾ ਦੇ ਵਿਹਾਰ ਨਾਲ ਨਜਿਠਣਾ ਸਿਖਾਂਦਾ ਹੈ। ਉਸੇ ਤੋਂ ਪ੍ਰੇਰਨਾ ਲੈਂਦਿਆਂ ਭਾਈ ਵੀਰ ਸਿੰਘ ਜੀ ਨੇ ਇਸ ਚਿੱਠੀ ਵਿਚ ਆਪਣਾ ਪ੍ਰਵਚਨ ਪੇਸ਼ ਕੀਤਾ ਹੈ। ਗੁਰਬਾਣੀ ਸਪੱਸ਼ਟ ਕਹਿੰਦੀ ਹੈ ਕਿ ਜੈਵਿਕਤਾ ਪ੍ਰਦੱਤ ਹੈ। ਇਸ ਪ੍ਰਦੱਤ ਜੈਵਿਕਤਾ ਵਿਚ ਮਨੋਬਿਰਤੀਆਂ ਅਨਿਕ ਪ੍ਰਕਾਰ ਦੀਆਂ ਤਰੰਗਾਂ ਵਿਚ ਇਕ ਤੂਫਾਨੀ ਵੇਗ ਧਾਰ ਕੇ ਪੈਦਾ ਹੁੰਦੀਆਂ ਹਨ। ਮਨੁੱਖ ਦੀ ਜੈਵਿਕਤਾ ਇਨ੍ਹਾਂ ਵਿਚ ਘਿਰਦੀ ਹੈ ਤੇ ਅਵੱਸ਼ ਘਿਰਦੀ ਹੈ। ਪਰੰਤੂ ਇਸ ਸਾਰੇ ਕੁਝ ਨਾਲ ਨਜਿਠਣ ਤੇ ਇਸ ਵਿਚ ਇਕਾਗਰ ਸੁਰਤਿ ਨਾਲ ਟਿਕੇ ਰਹਿਣ ਦੀ ਦ੍ਰਿਸ਼ਟੀ ਵੀ ਨਿਰਮਿਤ ਕੀਤੀ ਜਾਂਦੀ ਹੈ। ਇਸ ਦ੍ਰਿਸ਼ਟੀ ਦਾ ਨਿਰਮਾਣ ਗੁਰਬਾਣੀ ਵਿਚ ਥਾਂ ਪਰ ਥਾਂ ਦੱਸਿਆ ਗਿਆ ਹੈ। ਅੱਜ ਦੇ ਸਮਾਜ-ਵਿਗਿਆਨੀ ਤੇ ਸੰਸਕ੍ਰਿਤੀ ਵਿਗਿਆਨੀ ਜਦੋਂ ਮਾਨਵੀ ਸਥਲ ਉਤੇ ਜਾਤੀ ਵਿਹਾਰ ਤੇ ਮਾਨਵੀ ਵਿਹਾਰ ਨੂੰ ਇਕੱਠਿਆਂ ਵੇਖਦੇ ਹਨ ਤਾਂ ਉਹ ਇਹ ਗੱਲ ਸਮਝਾਂਦੇ ਹਨ ਕਿ ਜਾਤੀ ਵਿਹਾਰ ਦੀਆਂ ਸਾਰੀਆਂ ਜੈਵਿਕ ਪਰਵਿਤੀਆਂ ਸਮੇਤ ਮਨੁੱਖ ਆਪਣੇ ਸਾਰੇ ਵਰਤਾਰੇ


www.sikhbookclub.com

ਵਿਚ ਇਕ ਐਸਾ ਪ੍ਰਤੀਕ ਆਯਾਮ ਤਿਆਰ ਕਰ ਲੈਂਦਾ ਹੈ ਜਿਸ ਦੀ ਮਦਦ ਨਾਲ ਉਹ ਆਪਣੀ ਅਤਿਅੰਤ ਵਿਹਾਰਕ ਗੱਲ ਤੋਂ ਲੈ ਕੇ ਅਮੂਰਤ ਦ੍ਰਿਸ਼ਟੀ ਤੱਕ ਦੀ ਹਰ ਗੱਲ ਨੂੰ ਜਾਣ ਲੈਂਦਾ ਹੈ ਤੇ ਇਸ ਜਾਣਕਾਰੀ ਦੀ ਮਦਦ ਨਾਲ ਉਹ ਆਪਣੀਆਂ ਸਾਰੀਆਂ ਜੈਵਿਕ ਸ਼ਕਤੀਆਂ ਉਪਰ ਨਿਯੰਤ੍ਰਣ ਪ੍ਰਾਪਤ ਕਰਕੇ, ਇਨ੍ਹਾਂ ਨੂੰ ਮਾਨਵੀ ਵਿਕਾਸ ਦੇ ਸਭਿਆਚਾਰ-ਨਿਰਮਾਣ ਵਿਚ ਲਾਂਦਾ ਹੈ। ਇਹ ਹੀ ਮਨੁੱਖ ਦੀ ਸ਼ਾਂਤੀ ਤੇ ਇਕਾਗਰਤਾ ਹੈ। ਭਾਈ ਵੀਰ ਸਿੰਘ ਜੀ ਨੇ ਇਸ ਨੂੰ ਗੁਰਬਾਣੀ ਦੇ ਸੰਸਥਾਮੂਲਕ ਮੁਹਾਵਰੇ ਵਿਚ ਸਮਝਾਣ ਦਾ ਯਤਨ ਕੀਤਾ ਹੈ, ਪਰ ਇਸ ਪੱਤਰ ਨੂੰ ਪ੍ਰਵਚਨ ਵਾਂਗ ਪੜ੍ਹਨ ਤੋਂ ਜੋ ਧਾਰਨਾ ਸਾਹਮਣੇ ਆਉਂਦੀ ਹੈ, ਉਹ ਜੰਜਾਲਗ੍ਰਸਤ ਮਾਨਵਤਾ ਦੇ ਪ੍ਰਸੰਗ ਵਿਚ ਮਾਨਵੀ ਸਭਿਆਚਾਰ ਦੇ ਨਿਰਮਾਣ ਦੀ ਹੈ। ਇਸ ਚਿੱਠੀ ਨੂੰ ਇਸ ਦਿਸ਼ਾ ਵਿਚ ਪੜ੍ਹਨਾ ਹੀ ਗਿਆਨ-ਜਗਿਆਸਾ ਦੇ ਰਾਹ ਉਤੇ ਤੁਰਨਾ ਹੈ।



www.sikhbookclub.com

**੧ੴ ਸ੍ਰੀ ਵਾਹਗੁਰੂ ਜੀ ਕੀ ਫਤਹ**

ਅੰਮ੍ਰਿਤਸਰ: ੨੨-੫-੧੯੧੦

ਮੇਰੇ ਸਤਕਾਰ ਯੋਗ ਪਵਿਤ੍ਰਾਤਮਾ ਜੀਓ,

ਆਪ ਦਾ ਕ੍ਰਿਪਾ ਪਤ੍ਰ ਪਹੁੰਚਾ। ਆਪ ਦੇ ਖਯਾਲਾਂ ਦੀ ਪਵਿਤ੍ਰਤਾ ਦੇ ਉਚ ਭਾਵਾਂ ਦੀ ਪਾਵਨਤਾ ਇਕ ਬੜੀ ਤਸਲੀ ਦੇਣ ਵਾਲੀ ਗਲ ਹੈ ਕਿ ਇਸ ਪੰਜ ਪਾਣੀਆਂ ਦੀ ਧਰਤੀ ਵਿਚ ਐਸੀਆਂ ਅਛੀਆਂ ਰੂਹਾਂ ਬੀ ਵਾਹਗੁਰੂ ਜੀ ਨੇ ਭੇਜੀਆਂ ਹਨ ਜਿਨਾਂ ਦੇ ਸਵਛ ਹ੍ਰਿਦੇ ਇਸ ਨੂੰ ਜ਼ਰੂਰ ਉਨਤ ਕਰਨ ਵਿਚ ਸਹਾਯਕ ਹੋਣਗੇ।

ਜੋ ਗਲ ਆਪ ਨੇ ਪੁਛ ਭੇਜੀ ਹੈ ਓਹ ਇਕ ਡਾਢੀ ਉਚੇਰੀ ਤੇ ਗੰਭੀਰ ਬਾਤ ਹੈ ਜਿਸ ਦਾ ਪ੍ਰਸ਼ਨ ਕਿਸੇ ਪੂਰਨ ਪੁਰਖ ਪਾਸ ਹੁੰਦਾ ਤਾਂ ਬਹੁਤ ਲਾਭ ਦੇਂਦਾ, ਅਰ ਓਸ ਦਾ ਉਤਰ ਆਪ ਦੇ ਪਵਿਤ੍ਰ ਹਿਰਦੇ ਵਿਚ ਵਾਹਗੁਰੂ ਜੀ ਦੇ ਨਿਰਮਲ ਭੌ ਤੇ ਉਜਲ ਪ੍ਰੇਮ ਦੇ ਡੇਰੇ ਲਾ ਦੇਂਦਾ। ਮੈਂ ਜਦ ਅਪਨੀ ਅਯੋਗਤਾ ਵਲ ਤਕਦਾ ਹਾਂ ਤਾਂ ਉਤਰ ਲਿਖਨ ਨੂੰ ਚਿਤ ਨਹੀਂ ਕਰਦਾ ਅਰ ਇਸੇ ਕਰਕੇ ਮੈਂ ਕਲ ਜਵਾਬ ਨਹੀਂ ਭੇਜ ਸਕਿਆ, ਪਰ ਜਦ ਏਹ ਵਿਚਾਰਦਾ ਹਾਂ ਕਿ ਇਕ ਨਿਰਮਲ ਹਿਰਦੇ ਅਰ ਇਕ ਅਚਰਜ ਹਾਲਤਾਂ ਵਿਚ ਜੰਮੇ ਪਲੇ ਤੇ ਨਿਵਾਸ ਰਖਦੇ ਆਤਮਾ ਨੇ ਇਤਨੀ ਕ੍ਰਿਪਾ ਕੀਤੀ ਹੈ, ਤਾਂ ਅਗੋਂ ਉਤਰ ਨਾਂਹ ਦੇਣ ਦੀ ਬੇਅਦਬੀ ਮੁਆਫੀ ਦੇ ਯੋਗ ਨਹੀਂ ਸਮਝੀ ਜਾ ਸਕੇਗੀ, ਏਸ ਕਰਕੇ ਏਹ ਸੁਤੰਤ੍ਰਾ ਲੈ ਹੀ ਲੀਤੀ ਹੈ ਕਿ ਉਤਰ ਲਿਖ ਦਿਆਂ। ਮੈਨੂੰ ਪਤਾ ਨਹੀਂ ਕਿ ਮੈਂ ਕੁਛ ਸੇਵਾ ਕਰ ਸਕਾਂਗਾ ਯਾ ਨਹੀਂ, ਮੈਂ ਕੇਵਲ ਆਪ ਦੀ ਆਗਯਾ ਪਾਲਨ ਅਰਥ ਕੁਛ ਚੀਚ ਗਲੋਲੇ ਜਹੇ ਵਾਹ ਕੇ ਘਲਦਾ ਹਾਂ ਜੋ ਖਿਮਾ ਦ੍ਰਿਸ਼ਟੀ ਨਾਲ ਤਕਣੇ, ਜੇਕਰ ਸ੍ਰੀ ਜੀ ਦਾ ਕਾਰਜ ਸਾਰਨ ਦੇ ਯੋਗ ਨਾਂਹ ਪਾਏ ਜਾਣ ਤਾਂ।


www.sikhbookclub.com

ਆਪ ਨੇ ਪਹਲੀ ਗਲ ਏਹ ਲਿਖੀ ਕਿ 'ਮੇਰੇ ਮਨ ਨੂੰ ਕੁਛ ਸਿਖਯਾ ਦੇ ਕੇ ਏਸ ਸੰਸਾਰ ਦੇ ਧੰਦਿਆਂ ਵਿਚੋਂ ਕਢੋ ਜੀਂ। ਏਸ ਸੰਸਾਰ ਦੇ ਧੰਦੇ ਮਨ ਨੂੰ ਉਲਝਾਣ ਵਾਸਤੇ ਨਹੀਂ ਰਚੇ ਗਏ। ਇਨਾਂ ਦਾ ਗ਼ਲਤ ਵਰਤਾਉ ਸਾਨੂੰ ਫਸਾ ਕੇ ਦੁਖ ਦਿਆ ਕਰਦਾ ਹੈ। ਏਹ ਧੰਦੇ ਉਸਤਾਦ ਹਨ, ਪਰ ਸਾਡਾ ਪਰਮਾਰਥ ਸਿੱਧ ਕਰਨੇ ਲਈ ਪੌੜੀ ਦੇ ਡੰਡੇ ਹਨ। ਬੇਸ਼ਕ ਸਨਯਾਸ ਬਹੁਤ ਉਚਾ ਖਯਾਲ ਕੀਤਾ ਜਾਂਦਾ ਹੈ, ਪਰੰਤੂ ਗੁਰੂ ਜੀ ਫ਼ੁਰਮਾਂਦੇ ਹਨ:

*ਛੋਡਿ ਬਹੈ ਤਉ ਛੂਟੈ ਨਾਹੀ॥*
*ਜਉ ਸੰਚੈ ਤਉ ਭਉ ਮਨ ਮਾਹੀ॥*
*ਇਸ ਹੀ ਮਹਿ ਜਿਸ ਦੀ ਪਤਿ ਰਾਖੈ॥*
*ਤਿਸੁ ਸਾਧੂ ਚਉਰੁ ਢਾਲੀਐ॥੬॥*

(ਮਾਰੂ ਮ:੫,ਪੰਨਾ:੧੦੧੯॥)

ਜੇ ਕਦੇ ਸਤਗੁਰਾਂ ਦੀ ਸਿਖਯਾ ਉਤੇ ਟੁਰਿਆ ਜਾਵੇ ਤਾਂ ਧੰਧੇ ਉਨਤੀ ਦਾ ਕਾਰਨ ਬਨਦੇ ਹਨ। ਪਹਲਵਾਨ ਓਹ ਬਨਦੇ ਹਨ ਜੋ ਅਖਾੜਿਆਂ ਵਿਚ ਘੁਲਦੇ ਹਨ, ਸੂਰਮੇ ਓਹ ਦਲਾਂ ਦਾ ਮੂੰਹ ਮੋੜਦੇ ਹਨ ਜੋ ਰਣ ਮੈਦਾਨਾਂ ਵਿਚ ਜਾਕੇ ਜੂਝਦੇ ਹਨ। ਬਾਹਵਾਂ ਓਹ ਤਕੜੀਆਂ ਹੋਂਦੀਆਂ ਹਨ ਜੋ ਕੰਮ ਬਾਹਲਾ ਕਰਦੀਆਂ ਹਨ, ਇਸੀ ਤਰਾਂ ਆਤਮਾ ਓਹ ਮਜ਼ਬੂਤ ਹੁੰਦੀ ਹੈ, ਜੋ ਧੰਦਿਆਂ ਦੇ ਮੁਕਾਬਲੇ ਵਿਚ ਫਤਹ ਪਾਂਦੀ ਹੈ ਤੇ ਸਾਰੀਆਂ ਉਲਝਨਾਂ ਦੇ ਵਿਚ ਰਹੰਦੀ ਉਲਝਨਾ ਦੇ ਸਿਰ ਹੋ ਵਗਦੀ ਹੈ, ਜੈਸਾ ਕਿ ਸ੍ਰੀ ਗੁਰੂ ਆਗਯਾ ਕਰਦੇ ਹਨ

*'ਜੈਸੇ ਜਲ ਮਹਿ ਕਮਲੁ ਨਿਰਾਲਮੁ*
*ਮੁਰਗਾਈ ਨੈਸਾਣੇ॥*
*ਸੁਰਤਿ ਸਬਦਿ ਭਵ ਸਾਗਰੁ ਤਰੀਐ*
*ਨਾਨਕ ਨਾਮ ਵਖਾਣੇ॥*

– ਰਾਮਕਲੀ ਮ: ੧, ਪੰਨਾ:੯੩੮॥

ਮੁਰਗਾਈ ਪਾਣੀ ਦਾ ਤਿਆਗ ਨਹੀ ਕਰਦੀ ਪਰ ਪਾਣੀ ਦੇ ਵਿਚ ਵਸਦੀ ਡੁਬਦੀ ਨਹੀਂ ਹੈ। ਧੰਦਿਆਂ ਦੇ ਤਿਆਗ ਦਾ ਨਹੀਂ ਸਗੋਂ ਗ੍ਰਹਨ ਦਾ ਉਪਦੇਸ ਸਤਗੁਰੂ ਜੀ ਕਰਦੇ ਹਨ :


www.sikhbookclub.com

'ਪਹਿਰੇ ਪਟੰਬਰ, ਕਰਿ ਅਡੰਬਰ ਆਪਣਾ ਪਿੜੁ ਮਲੀਐ॥ (ਸੂਹੀ ਛੰਤ, ਮ:੧ ਪੰਨਾ ੭੬੬) ਪਰ ਸ਼ਰਤ ਏਹ ਹੈ ਕਿ ਆਪਨੇ ਪਿੜ ਤੋਂ ਬਾਹਰ ਨਾ ਨਿਕਲੋ। ਆਪ ਨੂੰ ਪਤਾ ਹੈ ਕਿ ਜਦ ਸਿਖ ਸਿਖ ਨੂੰ ਮਿਲਦਾ ਹੈ ਤਦ 'ਵਾਹਗੁਰੂ ਜੀ ਕਾ ਖਾਲਸਾ ਵਾਹਗੁਰੂ ਜੀ ਕੀ ਫਤਹ, ਬੁਲਾਂਦਾ ਹੈ। ਇਸੇ ਵਿਚ ਹੀ ਸਾਡੇ ਪ੍ਰਮਾਤਮਾ ਜੀ ਦਾ ਗੁੱਝਾ ਉਪਦੇਸ਼ ਹੈ।ਵਾਹਗੁਰੂ ਸਦਾ ਹੀ ਫਤਹ ਵਾਲਾ ਹੈ। ਕੋਈ ਸ਼ੈ ਨਹੀਂ ਹੈ ਜਿਸਦੇ ਅਗੇ ਓਹ ਹਾਰ ਖਾਏ। ਓਸ ਦੀ ਸਦਾ ਹੀ ਜੈ ਹੈ। ਹੁਣ ਆਪ ਵਿਚਾਰ ਸਕਦੇ ਹੋ ਕਿ ਜਿਸ ਵਸਤੂ ਦੇ ਨਿਕਟ ਵਰਤੀ ਹੋਵੀਏ, ਉਸਦੇ ਗੁਣ ਵਯਾਪਦੇ ਹਨ, ਅਗਨੀ ਦੇ ਨੇੜੇ ਗਿਆਂ ਸੇਕ ਲਗਦਾ ਹੈ। ਇਸੇ ਤਰਾਂ ਵਾਹਗੁਰੂ ਦੇ ਨੇੜੇ ਰਹਣ ਵਾਲੀਆਂ ਵਿਚ 'ਫਤਹ' ਦਾ ਗੁਣ ਵਿਸ਼ੇਸ਼ ਹੋਵੇਗਾ। ਇਸੇ ਕਰਕੇ ਸਤਗੁਰੂ ਜੀ ਨੇ ਖਾਲਸੇ ਨੂੰ 'ਵਾਹਗੁਰੂ ਜੀ ਕਾ ਖਾਲਸਾ' ਆਖ ਕੇ ਏਹ ਦਸਿਆ ਹੈ ਕਿ ਖਾਲਸਾ ਓਸ ਵਾਹਗੁਰੂ ਦਾ ਹੈ ਜਿਸ ਦੀ ਸਦਾ ਜੈ ਹੈ, ਤਾਂ ਤੇ ਖਾਲਸੇ ਦੀ ਭੀ ਸਦਾ ਜੈ ਹੈ। ਗੋਯਾ ਏਹ ਪਤਾ ਲਗਾ ਕਿ ਵਾਹਗੁਰੂ ਦੇ ਨਿਕਟ ਵਰਤੀ ਗੁਰਮੁਖ ਦਾ ਲਛਣ 'ਸਦਾ ਜੈਂ' ਹੈ। ਹੁਨ ਜੋ ਆਦਮੀ ਤਯਾਗੀ ਹੋ ਕੇ, ਧੰਦਿਆਂ ਤੋਂ ਨਸ ਕੇ ਕਿਸੇ ਖੂੰਜੇ ਲੁਕ ਬੈਠਾ ਹੈ ਓਸ ਨੇ ਜੈ ਕਿਸ ਤੇ ਪਾਣੀ ਹੈ। ਵਾਹਗੁਰੂ ਆਪ ਇਤਨਾ ਬੇਅੰਤ ਸੰਸਾਰ ਰਚ ਕੇ ਫੇਰ ਏਸ ਦੇ ਅਸਰ ਤੋਂ ਅਲੇਪ ਵਰਤਦਾ ਹੈ, ਇਹੋ ਓਸ ਦੀ 'ਜੈਂ' ਹੈ, ਇਸੀ ਤਰ੍ਹਾਂ ਜੋ ਵਾਹਗੁਰੂ ਦਾ ਪਿਆਰਾ ਧੰਦਿਆ ਦੇ ਵਿਚ ਬੈਠਾ ਅਲੇਪ ਹੈ ਉਸਦੀ ਫਤਹ ਹੈ।

ਸਾਯਦ ਆਪ ਵੀਚਾਰਦੇ ਹੋਵੋਗੇ ਕਿ ਫਤਹ ਦਾ ਮਨ ਦੀ ਸ਼ਾਂਤੀ ਨਾਲ ਕੀ ਸੰਬੰਧ ਹੈ, ਪਰ ਜਦ ਡੂੰਘੀ ਵੀਚਾਰ ਕਰੋਗੇ ਤਾਂ ਏਸ ਮਨ ਦਾ ਸੁਭਾਵ ਹੈ ਹੀ ਜੰਗ ਕਰਨਾ ਤੇ ਸਦਾ ਫਤਹ ਦੇ ਮਗਰ ਰੈਹਨਾ, ਚਾਹੇ ਮਨ ਗੁਰਮੁਖ ਹੈ, ਚਾਹੇ ਮਨ ਮੁਖ, ਚਾਹੇ ਬੇਮੁਖ, ਚਾਹੇ ਸੰਸਾਰ ਸਿਧ ਕਰ ਰਿਹਾ ਹੈ, ਚਾਹੇ ਪਾਪ ਸਿਧ ਕਰ ਰਿਹਾ ਹੈ, ਚਾਹੇ ਪਰਮਾਰਥ ਸਿਧ ਕਰ ਰਿਹਾ ਹੈ, ਏਸ ਦੀ ਕੋਸ਼ਿਸ਼ ਇਹੋ ਰਹੀ ਹੈ ਕਿ ਮੈਂ ਜਿਤ ਪਾਵਾਂ। ਜਦ ਜਿਸ ਗਲ ਲਈ ਏਹ ਮਿਹਨਤ ਕਰ ਰਿਹਾ ਹੁੰਦਾ ਹੈ, ਏਹ ਪ੍ਰਾਪਤ ਕਰ ਲੈਂਦਾ ਹੈ, ਤਦ ਏਹ ਭਾਵ ਕਿ ਮੈਂ ਜਿਤ ਪਾ ਲਈ ਹੈ, ਏਸ ਨੂੰ


www.sikhbookclub.com

ਖੁਸ਼ੀ ਦੇਂਦਾ ਹੈ। ਮਨ ਦਾ ਕਰਮ ਹੀ ਏਹੋ ਰਿਹਾ ਹੈ, ਜਦ ਇਕ ਸ਼ੈ ਤੇ ਫਤਹ ਪਾ ਲੈਂਦਾ ਹੈ, ਤਦ ਕੁਛ ਸਮੇਂ ਬਾਦ ਓਹ ਵਸਤੂ ਏਸ ਦੇ ਸੁਭਾਵ ਨਾਲ ਰਚ ਮਿਚ ਜਾਂਦੀ ਹੈ ਅਥਵਾ ਤਦਰੂਪ ਹੋ ਜਾਂਦੀ ਹੈ, ਨਾ ਟਿਕਨ ਵਾਲਾ ਮਨ ਫੇਰ ਕਿਸੇ ਹੋਰ ਮਿਹਨਤ ਵਿਚ ਲਗ ਪੈਂਦਾ ਹੈ, ਅਰ ਫੇਰ ਓਸ ਉਪਰ ਫਤਹ ਪਾਂਦਾ ਹੈ।

ਏਸ ਅਸੂਲ ਪਰ ਪਰਮਾਰਥ ਦਾ ਅਰੰਭ ਹੁੰਦਾ ਹੈ। ਮਨ ਵਿਚ ਪਾਪ ਦੀ ਰੁਚੀ ਪੈਦਾ ਹੁੰਦੀ ਹੈ, ਸਤਸੰਗ ਦੇ ਪ੍ਰਤਾਪ ਨਾਲ ਏਸ ਰੁਚੀ ਨੂੰ ਮਾਰਨ ਦਾ ਸੰਕਲਪ ਪੈਦਾ ਹੁੰਦਾ ਹੈ, ਜਦ ਕੋਸ਼ਸ਼ ਕਰਕੇ ਏਹ ਸੰਕਲਪ ਓਸ ਰੁਚੀ ਨੂੰ ਮਾਰ ਲੈਂਦਾ ਹੈ, ਤਾਂ ਖੁਸ਼ੀ ਹੁੰਦੀ ਹੈ, ਅਰ ਅਗੋਂ ਨੂੰ ਹੋਰ ਐਸੀ 'ਫਤਹ' ਪ੍ਰਾਪਤ ਕਰਨੇ ਦੀ ਤਾਕਤ ਮਨ ਵਿਚ ਵਧ ਜਾਂਦੀ ਹੈ। ਗ੍ਰਹਸਤ ਦੇ ਕੰਮ ਬਾਣੀ ਪੜ੍ਹਨੋ ਰੋਕਦੇ ਹਨ। ਜਦ ਗੁਰੂ ਜੀ ਦੇ ਦਸੇ ਤ੍ਰੀਕੇ ਨਾਲ ਮਨ ਧੰਦੇ ਕਰਦਾ ਬਾਣੀ ਪੜ੍ਹ ਲੈਂਦਾ ਹੈ, ਜੋ ਰੁਕਾਵਟਾਂ, ਜੋ ਠੋਕਰਾਂ ਪਰਮਾਰਥ ਤੋਂ ਮੋੜਦੀਆਂ ਹਨ ਇਨਾਂ ਅਗੇ ਝੁਕ ਜਾਣਾ ਤੇ ਢੈਂਹਦੀਆਂ ਕਲਾਂ ਵਿਚ ਪੈਣਾ ਪਾਪ ਹੈ, ਪਰ ਇਨਾਂ ਨਾਲ ਮੁਕਾਬਲਾ ਕਰਕੇ ਫਤਹ ਪਾਣੀ, ਏਹ ਮਨ ਨੂੰ ਖੁਸ਼ੀ, ਉਤਸ਼ਾਹ ਤੇ ਬਲ ਬਖਸ਼ਦਾ ਹੈ। ਏਸ ਤਰਾਂ ਪਾਪ ਜੀਵਨ ਤੇ ਫਤਹ ਪਾ ਕੇ ਰਾਮ ਰਾਜ ਵਿਚ ਪਹੁੰਚ ਜਾਈਦਾ ਹੈ।

ਸਾਯਦ ਆਪ ਵੀਚਾਰਦੇ ਹੋਵੋਗੇ ਕਿ ਤਿਯਾਗ ਦੀ ਕੋਈ ਲੋੜ ਨਹੀਂ ਹੈ। ਤਿਯਾਗ ਦੀ ਲੋੜ ਹੈ, ਪਰੰਤੂ ਤਿਯਾਗ ਦੇ ਖਯਾਲ ਨੇ ਸਾਡੇ ਦੇਸ ਨੂੰ ਬਹੁਤ ਤਬਾਹ ਕੀਤਾ ਹੈ। ਅਰਥਾਤ ਏਸ ਦਾ ਗਲਤ ਵਰਤਾਉ ਕੀਤਾ ਜਾਂਦਾ ਹੈ। ਜਿਸ ਤਰ੍ਹਾਂ ਬਿਮਾਰ ਦੇ ਸਰੀਰ ਵਿਚੋਂ ਹਕੀਮ ਓਸ ਮੈਲ ਦਾ ਤਿਯਾਗ ਕਰਾਂਦਾ ਹੈ ਕਿ ਜੋ ਲਹੂ ਦੇ ਕਿਣਕਿਆਂ ਨੂੰ ਚੰਬੜ ਰਹੀ ਹੋਵੇ, ਤੇ ਜੇ ਹਕੀਮ ਲਹੂ ਦਾ ਹੀ ਤਿਯਾਗ ਕਰਾ ਦੇਵੇ ਤਾਂ ਸਰੀਰ ਹੀ ਜਾਂਦਾ ਰਹਿੰਦਾ ਹੈ। ਇਸ ਤਰਾਂ ਜਨਮ ਜਨਮ ਦੇ ਕੁਕਰਮਾਂ ਤੇ ਮੰਦ ਵਾਸ਼ਨਾਂ ਕਰਕੇ ਜੋ ਮੈਲ ਸਾਡੇ ਆਤਮਾ ਨੂੰ ਘੇਰ ਰਹੀ ਹੈ, ਓਸ ਦਾ ਤਿਯਾਗ ਕਰਨਾ ਜ਼ਰੂਰੀ ਕੰਮ ਹੈ, ਪਰ ਓਸ ਮੈਲ ਦੇ ਤਿਯਾਗ ਵਿਚ ਆਤਮਾ ਨੂੰ ਦਗਧ ਕਰਨੇ ਦੀ ਕੋਸ਼ਸ਼ ਕੀਤੀ ਜਾਂਦੀ ਹੈ ਜੋ ਪਰਮਾਰਥ ਸਿਧ ਕਰਨੇ ਦੀ ਥਾਂ ਅਰਥ ਦਾ ਭੀ ਨਾਸ਼ ਕਰ ਦੇਂਦੀ ਹੈ।

ਆਪ ਨੇ ਵਕਤ ਦਸਨੇ ਵਾਲੀ ਘੜੀ ਵੇਖੀ ਹੋਨੀ ਹੈ। ਇਸ ਦੀ ਸਾਰੀ ਤਾਕਤ ਇਕ ਪੁਰਜੇ ਦੇ ਆਸਰੇ ਹੈ ਜਿਸ ਨੂੰ ਫਨਰ ਆਖਦੇ ਹਨ, ਪਰ ਏਹ ਫਨਰ ਆਪਨਾ ਕਾਰਜ ਏਕਾਗ੍ਰਤਾ ਵਿਚ ਕਰਦਾ ਹੈ, ਖਿੰਡਾਉ ਵਿਚ ਨਹੀਂ ਕਰ ਸਕਦਾ। ਜਦ ੨੪ ਘੰਟੇ ਬਾਦ ਘੜੀ ਨੂੰ ਕੂੰਜੀ ਲਾਈਦੀ ਹੈ, ਤਾਂ ਓਸ ਫਨਰ ਨੂੰ ਏਕਾਗ੍ਰ ਕਰ ਦੇਈਦਾ ਹੈ, ਹੁਨ ਜੇ ਏਸ ਪੁਰਜ਼ੇ ਵਿਚ ਮੈਲ ਹੋਵੇ ਤਾਂ ਏਸ ਨੂੰ ਕੁੰਜੀ ਲਾਈਏ ਤਾਂ ਏਹ ਟੁਟ ਜਾਂਦਾ ਹੈ। ਏਸ ਕਰਕੇ ਸਿਆਣੇ ਆਦਮੀ ਇਸ ਪੁਰਜ਼ੇ ਨੂੰ ਨਾਲੇ ਸਾਫ਼ ਰਖਦੇ ਹਨ, ਨਾਲੇ ਏਕਾਗ੍ਰ ਰਖਦੇ ਹਨ। ਤਿਵੇਂ ਹੀ ਸਾਡੀ ਆਤਮਾ ਦੀ ਅਸਲੀ ਤਾਕਤ ਇਸ ਦੀ ਸਫਾਈ ਤੇ ਏਕਾਗ੍ਰਤਾ ਵਿਚ ਹੈ, ਸੰਸਾਰ ਦੇ ਧੰਧੇ ਸਾਨੂੰ 'ਮੈਲਿਆਂ' ਤੇ 'ਖਿੰਡਆ' ਕਰ ਦੇਂਦੇ ਹਨ, ਅਸਾਂ ਉਨਾਂ ਦੇ ਮੁਕਾਬਲੇ ਤੇ ਇਸਨੂੰ ਕਠਿਆਂ ਕਰਨਾ ਹੈ ਤੇ ਕਠਿਆਂ (ਏਕਾਗ੍ਰ) ਰਖਨਾ ਹੈ ਅਤੇ ਏਸ ਨੂੰ ਸਾਫ ਰਖਨਾ ਹੈ। ਐਸਾ ਕਰਨੇ ਨਾਲ ਸੁਰਤਿ ਚੜ ਜਾਂਦੀ ਹੈ, ਚੜੀ ਹੋਈ ਸੁਰਤਿ ਵਾਲੇ ਗੁਰਮੁਖ ਦੀ ਠੀਕ ਭਵ ਸਾਗਰ ਉਤੇ ਓਹ ਅਵਸਥਾ ਹੁੰਦੀ ਹੈ ਜੋ ਮੁਰਗਾਬੀ ਦੀ ਪਾਣੀ ਦੇ ਉਤੇ ਹੁੰਦੀ ਹੈ।

ਏਸ ਕਾਰਜ ਲਈ ਸੰਸਾਰ ਯਾ ਧੰਦਿਆਂ ਦੇ ਤਿਯਾਗ ਦੀ ਲੋੜ ਨਹੀਂ ਹੈ, ਧੰਦੇ ਮਨ ਖਿਲਾਰਦੇ, ਧੰਦੇ ਕੁਵਾਸ਼ਨਾ ਦੇ ਕੇ ਮਨ ਮੈਲਿਆਂ ਕਰਦੇ ਹਨ। ਅਸਾਂ ਧੰਦੇ ਕਰਨੇ ਹਨ, ਪਰ ਖਿੰਡਨਾ ਨਹੀਂ, ਧੰਦੇ ਸਿਰੇ ਚਾੜਨੇ ਹਨ, ਪਰ ਕੁਵਾਸ਼ਨਾ ਵਿਚ ਪੈ ਕੇ ਮਲੀਨ ਨਹੀਂ ਹੋਨਾ। ਜੋ ਮੈਲ ਤੇ ਖਿੰਡਾਉ ਅਸੀਂ ਜਨਮਾਂ ਦੇ ਕੁਕਰਮਾਂ ਵਿਚ ਪੈ ਕੇ ਕਠੇ ਕਰ ਚੁਕੇ ਹਾਂ ਓਹ ਅਸਾਂ ਸਾਫ ਕਰਨੇ ਹਨ। ਏਹ ਸਾਡਾ ਪਹਲਾ ਕੰਮ ਹੈ ਤੇ ਇਸਨੂੰ ਪ੍ਰਾਪਤ ਕਰਕੇ ਉਪਰ ਕਹਿਆ ਕੰਮ ਸਾਡਾ ਦੂਜਾ ਫਰਜ਼ ਹੈ।

ਦੂਜੀ ਬਾਤ ਆਪ ਨੇ ਏਹ ਲਿਖੀ ਹੈ ਕਿ 'ਕੁਛ ਸ਼ਾਂਤੀ ਦੇਵੋ ਜੀ', ਏਹ ਫਿਕਰਾ 'ਸ਼ਾਂਤੀ ਮਿਲੇ' ਬੀ ਬਹੁਤ ਦੁਖਦਾਈ ਹੋ ਚੁਕਾ ਹੈ, ਅਕਸਰ ਲੋਕ ਸ਼ਾਂਤੀ ਦਾ ਅਰਥ ਜੜਤਾ ਸਮਝਦੇ ਹਨ। ਦੇਸ ਵਿਚ ਐਸੇ ਐਸੇ ਤ੍ਰੀਕੇ ਅਰ ਮਤ ਜਾਰੀ ਹੋ ਪਏ ਹਨ ਜੋ ਲੋਕਾਂ ਨੂੰ ਅਪਨੇ ਤ੍ਰੀਕਿਆਂ ਨਾਲ ਐਸੀ ਅਵਸਥਾ ਵਿਚ ਪਹੁੰਚਾ ਦੇਂਦੇ ਹਨ ਕਿ ਜਿਨਾਂ ਨਾਲ ਮਨ ਮਾਨੋਂ ਇਕ ਤਰਾਂ ਦੀ ਮੂਰਛਾ ਵਿਚ ਪੈ ਜਾਂਦਾ ਹੈ, ਅਰ ਜਦ ਓਸ ਬੇਸੁਧੀ ਜੇਹੀ



www.sikhbookclub.com

ਵਿਚੋਂ ਉਠਦਾ ਹੈ ਤਾਂ ਸਮਝਦਾ ਹੈ ਕਿ ਮੈਂ ਸਮਾਧੀ ਵਿਚ ਸੀ। ਕਿਉਂਕਿ ਕਰਨੀ ਦਾ ਬਾਜ਼ਾਰ ਮਧਮ ਹੈ ਤੇ ਕੈਹਨੀ ਦਾ ਮੀਨਾ ਬਾਜ਼ਾਰ ਬੜੀ ਰੌਣਕ ਵਿਚ ਹੈ, ਏਸ ਕਰਕੇ ਵੇਦਾਂਤ ਤੇ ਯੋਗ ਦੇ ਪੁਸਤਕ ਪੜ੍ਹ ਪੜ੍ਹ ਕੇ ਲੋਕੀ ਖਯਾਲ ਕਰ ਲੈਂਦੇ ਹਨ ਕਿ ਪੂਰਨ ਅਫੁਰ, ਅਡੋਲ ਤੇ ਬੇਸੁਧ ਜਦ ਮਨ ਹੋ ਜਾਏਗਾ ਤਦ ਨਿਰਗੁਨ ਪਰਮੇਸ਼ਰ ਵਿਚ ਲੀਨ ਹੋ ਜਾਏਗਾ, ਜਦ ਉਨਾਂ ਦੇ ਮਨ ਤੇ ਮੂਰਛਾ ਜਿਹਾ ਅਸਰ ਪੈਂਦਾ ਹੈ ਤਦ ਓਹ ਸੋਚਦੇ ਹਨ ਫੁਰਨਾ ਬੀ ਨਹੀਂ ਸੀ, ਹੋਸ਼ ਬੀ ਨਹੀਂ ਸੀ, ਏਹ ਸ਼ਾਂਤੀ ਦੀ ਅਵਸਥਾ ਸੀ। ਅਸਲ ਵਿਚ ਏਹ ਦਸਾ ਪਾਪ ਜੀਵਨ ਤੋਂ ਬੀ ਨੀਵੀਂ ਤੇ ਖਤਰਨਾਕ ਹੈ, ਮੇਰੇ ਦੇਖਨ ਵਿਚ ਕਈ ਸਜਨ ਆਏ ਹਨ ਜੋ ਯੋਗ ਆਦਿ ਚੀਜ਼ਾਂ ਦੀ ਲਾਲਸਾ ਵਿਚ ਐਸੀ ਮੂਰਛਿਤ ਅਵਸਥਾ ਨੂੰ ਪ੍ਰਾਪਤ ਹੋ ਕੇ ਦੁਖੀ ਹਨ। ਆਤਮਾ ਤਾਂ ਇਕ ਚੇਤੰਨ ਸ਼ਕਤੀ ਹੈ, ਜਿਸ ਵਿਚ ਜੜਤਾ ਨਹੀਂ ਹੈ, ਜੋ ਆਤਮਾ ਵਿਚ ਉਨਤ ਹੁੰਦਾ ਹੈ, ਓਹ ਚੇਤਨਾ, ਅਰੋਗਤਾ, ਤਨ, ਪ੍ਰਕਾਸ਼, ਬਲ ਵਿਚ ਉਨਤ ਹੁੰਦਾ ਹੈ। ਆਤਮਾ ਉਨਤ ਗੁਰਮੁਖ, ਪ੍ਰਸੰਨ, ਅਰੋਗ ਤੇ ਬਲੀ ਹੁੰਦਾ ਹੈ, ਓਹ ਸਾਖੀ ਅਵਸਥਾ ਵਿਚ ਖੇਡਦਾ ਹੈ, ਉਸਦਾ ਅਪਨਾ ਆਪ 'ਕਰਤਾ ਅਵਸਥਾ ਦੇ ਅਨਭਵ' ਵਿਚ ਰਹਿੰਦਾ ਹੈ, ਓਸ ਵਿਚ 'ਮੁਕੱਮਲ ਹੋਂਦ ਹੁੰਦੀ ਹੈ, ਓਹ 'ਅਨਹੋਂਦ' ਦਾ ਘਰ ਨਹੀਂ ਹੈ, ਓਹ 'ਧਨ ਸ਼ਕਤੀ' ਹੈ, 'ਰਿਣ ਸ਼ਕਤੀ' ਨਹੀਂ ਹੈ। ਪਛਮੀ ਦੇਸ਼ਾਂ ਦੇ ਕਈ ਲੋਕਾਂ ਨੇ ਸਾਡੇ ਦੇਸ਼ ਵਿਚ ਆ ਕੇ ਇਕ ਸਮਾਧੀ ਸਿਖਾਈ ਹੈ, ਜਿਸ ਨੂੰ ਓਹ ਮੇਸਮੇਰਿਜ਼ਮ ਅਤੇ ਸਪਿਰਚਲੂਇਜ਼ਮ ਕਰਕੇ ਸਦਦੇ ਹਨ ਏਸ ਵਿਚ ਇਕ ਆਦਮੀ ਦੂਜੇ ਨੂੰ ਬੇਸੁਧ ਕਰਕੇ ਉਸਦੀ ਬੇਸੁਧੀ ਵਿਚ ਉਸਨੂੰ ਇਕ ਪ੍ਰਕਾਰ ਦੀ ਦਿਬ ਦ੍ਰਿਸ਼ਟੀ ਦੇਂਦਾ ਹੈ। ਜਿਸ ਨਾਲ ਓਹ ਗੁਪਤ ਗਲਾਂ ਦਸਦਾ ਹੈ, ਪਰ ਏਸ ਦਾ ਫਲ ਇਹ ਹੁੰਦਾ ਹੈ ਕਿ ਸਮਾਧੀ ਲਗਾਉਣ ਵਾਲਾ ਪੁਰਖ 'ਕਰਤਾ ਅਵਸਥਾ' ਖੋ ਬੈਠਦਾ ਹੈ, ਓਸ ਵਿਚ ਦੂਜੇ ਦਾ 'ਕਰਮ' ਬਨਕੇ, ਅਪਨੇ ਮਨ ਦੀ ਨੀਮ ਹੋਸ਼ ਵਾਲੀ ਦਸ਼ਾ ਵਿਚ ਜਾਕੇ ਕੰਮ ਕਰਨ ਦਾ ਸੁਭਾਅ ਪੈ ਜਾਂਦਾ ਹੈ। ਗੋਯਾ ਓਹ ਗੁਰਮੁਖ ਦੇ ਠੀਕ ਉਲਟ ਸ਼ੈ ਬਨਦਾ ਹੈ। ਗੁਰਮੁਖ, ਅਰੋਗ, ਪ੍ਰਸੰਨ ਤੇ ਬਲੀ ਤਾਕਤ ਬਨਦਾ ਹੈ, ਓਹ ਦੂਸਰਿਆਂ

ਦੇ ਅਸਰ ਹੇਠ ਨਹੀਂ ਆ ਸਕਦਾ ਹੈ। ਓਹ ਆਪ ਅਸਰ ਪਾਨੇ ਵਾਲਾ, ਸਾਖੀ ਤੇ ਕਰਤਾ ਅਵਸਥਾ ਦਾ ਮਾਲਕ ਹੁੰਦਾ ਹੈ।

ਏਸ ਪ੍ਰਕਾਰ ਕਈ ਇਕ ਹੋਰ ਘਾਟੇਵੰਦੇ ਰਸਤੇ ਟੁਰੇ ਹੋਏ ਹਨ, ਜਿਨਾਂ ਨੂੰ ਸ਼ਾਂਤੀ ਕਿਹਾ ਜਾਂਦਾ ਹੈ। ਸ਼ਾਂਤੀ ਅਰ ਜੜਤਾ ਦੋ ਟਾਕਰੇ ਦੀਆਂ ਦਸ਼ਾ ਹਨ, ਪਰ ਹੁਨ ਆਮ ਲੋਕ ਇਨਾਂ ਵਿਚ ਤਮੀਜ਼ ਨਹੀਂ ਕਰਦੇ। ਸ਼ਾਂਤੀ ਵਿਚ 'ਸਰਬ ਅਨਾਤਮ' ਦਾ ਨਾਸ਼ ਹੋ ਜਾਂਦਾ ਹੈ ਅਥਵਾ ਘਬਰਾ, ਦੁਚਿਤੀ, ਵਿਖਯੇਪ, ਅਰ ਮਨ ਦੇ ਆਲਸ ਤੰਦ੍ਰਾ, ਤੇ ਲਯਤਾ ਸਾਰੇ ਦੂਰ ਹੋ ਕੇ ਆਤਮਾ ਸ਼ੁਧ ਹੋ ਕੇ ਅਪਨੇ ਸਹਜ ਸੁਭਾ ਵਿਚ ਇਕ ਬਲ ਯਾ ਸ਼ਕਤੀ, ਤੇਜ਼ ਯਾ ਗਿਆਨ ਅਨੰਦ ਯਾ ਪੂਰਨ ਰੰਗ (ਪ੍ਰੇਮ) ਵਿਚ ਦਮਕਾਂ ਮਾਰਦਾ ਹੈ। ਹੁਨ ਵੀਚਾਰਨ ਦੀ ਗਲ ਏਹ ਹੈ ਕਿ ਉਪਰ ਕਹੀਆਂ ਗਲਾਂ ਜੋ ਆਪ ਨੇ ਲਿਖੀਆਂ ਹਨ ਕਿਕੂੰ ਪ੍ਰਾਪਤ ਹੋਨ, ਅਰ ਕੀਕੂੰ ਘਾਟੇ ਤੋਂ ਸਾਡਾ ਵਾਧਾ ਰੈਹ ਕੇ ਅਸੀਂ ਸਿਧੇ ਰਸਤੇ ਟੁਰਦੇ ਆਪਨੇ ਪਿਆਰੇ ਮਾਲਕ ਦੇ ਚਰਨਾਂ ਕਮਲਾਂ ਦੇ ਭੌਰੇ ਬਨ ਜਾਈਏ।

ਏਸ ਵੇਲੇ ਇਕ ਤ੍ਰੀਕਾ ਫਿਲਾਸਫੀ (ਬ੍ਰਹਮ ਵਿਦਯਾ) ਦੇ ਪੜਨੇ ਦਾ ਬਹੁਤ ਜਾਰੀ ਹੈ। ਪ੍ਰੰਤੂ ਇਸਦੇ ਸਿਟੇ ਵਿਚ ਅਕਲ ਉਜਲ ਹੋ ਜਾਂਦੀ ਹੈ। 'ਅਨਭਵ' ਦੇ ਦਰਵਾਜ਼ੇ ਉਸੀ ਤਰ੍ਹਾਂ ਬੰਦ ਰਹਿੰਦੇ ਹਨ। ਅਸੀਂ ਜੋ ਗ੍ਰੰਥ ਪੁਸਤਕ ਪੜ ਜਾਂਦੇ ਹਾਂ, ਸਾਂਗੋਂ ਪਾਂਗ ਸਾਰੇ ਪਰਮਾਰਥ ਦੇ ਜਾਣੂ ਹੋ ਕੇ ਫੇਰ ਚਾਹੁੰਦੇ ਹਾਂ ਕਿ ਇਕੇ ਹੀ ਛਾਲ ਵਿਚ ਸਾਰਾ ਪ੍ਰਕਾਸ਼ ਹੋ ਜਾਵੇ, ਪਰ ਏਹ ਕਠਨ ਹੈ। ਵਿਦਯਾ ਸਾਡੇ ਆਦਰਸ਼ ਨੂੰ ਉਚਾ ਕਰ ਦੇਂਦੀ ਹੈ ਅਰ ਸਾਡੇ ਲਈ ਪਰਮਾਰਥ ਦਾ ਨਿਸ਼ਾਨਾ ਬੰਨ੍ਹ ਦੇਂਦੀ ਹੈ, ਪਰ ਟੁਰਨਾ ਪੈਰਾਂ ਦਾ ਕੰਮ ਹੈ, ਅਖਾਂ ਦਾ ਕੰਮ ਨਹੀਂ, ਅਖਾਂ ਰਹਨੁਮਾਈ ਕਰਦੀਆਂ ਤੇ ਮੰਜ਼ਲ ਦਾ ਨਿਸ਼ਾਨਾ ਬੰਨ੍ਹਦੀਆਂ ਹਨ।

ਜਿਸ ਨੂੰ 'ਅਨੁਭਵ' ਦਾ ਪ੍ਰੇਮ ਹੈ, ਉਸਨੂੰ ਅਪਨੀ ਵਿਦਯਾ ਦਾ ਮਾਣ ਛਡਨਾ ਪੈਂਦਾ ਹੈ। ਵਿਦਯਾ ਨਹੀਂ, ਸਗੋਂ ਵਿਦਯਾ ਦਾ ਮਾਣ। ਉਸਨੂੰ ਅਪਨੇ ਕੁਲ, ਧਨ ਤੇ ਪ੍ਰਤਾਪ ਦਾ ਮਾਣ ਛਡਣਾ ਚਾਹੀਦਾ ਹੈ, ਓਹ ਇਕ ਬਾਲਕ ਦੀ ਨਿਆਈ, 'ਅਨੁਭਵ' ਦੀ ਪਾਠਸ਼ਾਲਾ ਦਾ ਊੜਾ ਐੜਾ ਸ਼ੁਰੂ ਕਰਦਾ ਹੈ, ਓਹ ਕਰਨੀ ਦੀ ਪਹਲੀ ਜਮਾਤ ਵਿਚ ਬੈਠਦਾ ਹੈ। ਐਉਂ ਤੇ ਠੀਕ


www.sikhbookclub.com

ਐਉਂ ਜੋ ਆਪਨੇ ਏਸ ਸਫਰ ਦਾ ਨੇਕ ਮੁਢ ਕਰਦਾ ਹੈ ਓਹ ਦਰੁਸਤੀ ਦੀ ਮੰਜ਼ਲ ਤੇ ਅਪੜਦਾ ਹੈ।

ਹਾਦੀ ਬਿਨਾਂ ਰਾਹ ਦਾ ਤੈ ਹੋਣਾ ਕਠਨ ਹੈ, ਸਾਡੇ ਹਾਦੀ ਸ੍ਰੀ ਗੁਰੂ ਨਾਨਕ ਦੇਵ ਜੀ ਹਨ। ਆਪ ਕਹਵੋਗੇ ਓਹ ਤਾਂ ਹੁਨ ਵਯਕਤੀ ਸਾਂ ਸਰੀਰ ਵਿਚ ਨਹੀਂ ਹਨ, ਪਰ ਏਹ ਖਯਾਲ ਕਰਕੇ ਉਨ੍ਹਾਂ ਦੇ ਪਿਆਰ ਤੇ ਸਹੈਤਾ ਤੋਂ ਵਿਰਵੇ ਰਹ ਜਾਣਾ ਠੀਕ ਨਹੀਂ ਹੈ। ਤੁਸੀਂ ਏਹ ਆਦਤ ਪਕਾਉ ਕਿ ਸ੍ਰੀ ਗੁਰੂ ਜੀ ਮੇਰੇ ਅੰਗ ਸੰਗ ਹਨ। ਏਹ ਗਲ ਚੇਤੇ ਵਿਚ ਆ ਜਾਵੇ, ਸਾਨੂੰ ਕਿਸੇ ਵੇਲੇ ਨਾ ਭੁਲੇ। ਪਹਲੇ ਏਹ ਔਖਾ ਹੈ, ਪਰ ਸ਼ੁਰੂ ਕਰਨ ਵਾਲੇ ਦਿਨ ਵਿਚ ਕਈ ਵੇਰ ਤੁਹਾਨੂੰ ਚੇਤਾ ਆ ਜਾਯਾ ਕਰੇਗਾ ਕਿ ਗੁਰੂ ਨਾਨਕ ਦੇਵ ਜੀ ਹਨ ਅਰ ਮੇਰੇ ਨਾਲ ਹਨ। ਏਹ ਸਾਂਝ ਸੁਰਤਿ ਵਿਚ ਪੈ ਜਾਨ ਨਾਲ 'ਪ੍ਰੇਮ ਦੀ ਖਿਚ' ਦਾ ਖਜਾਨਾ ਜੋ ਅੰਦਰ ਮਾਯਾ ਵੈਰਨ ਦੇ ਵਸ ਵਿਚ ਆਇਆ ਹੋਇਆ ਹੈ, ਸਾਡੇ ਵਸ ਵਿਚ ਆਉਣ ਲਗ ਜਾਵੇਗਾ। ਜਿਉਂ ਜਿਉਂ ਏਹ ਯਾਦ ਖਿਚ ਦੀ ਸ਼ਕਲ ਅਖਤਯਾਰ ਕਰੇਗੀ ਤਯੋਂ ਤਯੋਂ ਸਤਗੁਰ ਦੀ ਸਹਾਯਤਾ ਸਾਡੀ ਮਦਦਗਾਰ ਬਣੇਗੀ। 'ਸਿਰ ਊਪਰਿ ਠਾਢਾ ਗੁਰੁ ਸੂਰਾ ਨਾਨਕ ਤਾਕੇ ਕਾਰਜ ਪੂਰਾ' (ਗਉੜੀ ਸੁਖਮਨੀ ਮ:੫,ਪੰਨਾ: ੨੯੩) ਗੁਰਵਾਕ ਹੈ।

ਕੁਛ ਸਰੀਰਕ ਪਰਬੰਧ ਜ਼ਰੂਰੀ ਹਨ ਜੋ ਮੈਨੂੰ ਆਸ਼ਾ ਹੈ ਕਿ ਆਪ ਜਾਣਦੇ ਹੋਵੋਗੇ, ਪ੍ਰੰਤੂ ਮੈਂ ਲਿਖ ਦੇਂਦਾ ਹਾਂ ਜੋ ਚੇਤੇ ਰਹਨ :

੧. ਰਾਤ ਦਾ ਅੰਨ ਜਰਾ ਸਵਖਤੇ ਛਕ ਲੈਣਾ ਚਾਹੀਦਾ ਹੈ ਤਾਂ ਜੋ ਪ੍ਰਸਾਦਿ ਛਕਨ ਤੋਂ ਦੋ ਕੁ ਘੰਟੇ ਬਾਦ ਸੁਤਾ ਜਾਵੇ।

੨. ਏਹ ਪ੍ਰਸਾਦਿ ਬਹੁਤ ਪੇਟ ਭਰ ਕੇ ਖਾਣਾ ਅਛਾ ਨਹੀ, ਥੋੜੀ ਜਿਹੀ ਭੁਖ ਬਾਕੀ ਹੋਵੇ ਤਾਂ ਬਸ ਕਰ ਦਿਤੀ, ਫਾਕੇ ਕਰਨ ਦਾ ਯਾ ਆਪਨੂੰ ਥੋੜਾ ਖਾਕੇ ਕਮਜ਼ੋਰ ਕਰਨੇ ਦਾ ਮਤਲਬ ਨਹੀਂ ਹੈ, ਪ੍ਰੰਤੂ ਤੂੜ ਕੇ ਨਾ ਖਾਨ ਦਾ ਤਾਤਪਰਜ ਹੈ।

੩. ਸੌਣਾ ਦਸ ਵਜੇ ਤੋਂ ਪਹਲੇ ਚੰਗਾ ਹੈ।

੪. ੪ ਵਜੇ ਤੜਕੇ ਦੇ ਲਗਪਗ ਉਠਣਾ ਤੇ ਇਸਨਾਨ ਆਦਿਕ ਕਰਕੇ ਏਕਾਂਤ ਬੈਠ ਜਾਣਾ ਚਾਹੀਦਾ ਹੈ।

੫. ਕੇਸੀ ਇਸ਼ਨਾਨ, ਸਰੀਰ ਦਾ ਇਸ਼ਨਾਨ, ਕਪੜਿਆਂ ਦਾ ਪਹਨੜਾ ਏਹ ਸਦਾ ਸਵੱਛ ਰਖਣਾ ਲਾਭਦਾਇਕ ਹੈ।

੬. ਘਰ ਦੇ ਕੰਮਾਂ ਵਿਚ ਆਲਸ ਕਰਨਾ ਤੇ ਬੈਠ ਮਲ ਬਨ ਜਾਣਾ ਪਰਮਾਰਥ ਲਈ ਸਰੀਰ ਨੂੰ ਕਮਜ਼ੋਰ ਕਰਦਾ ਹੈ। ਇਸ ਤਰ੍ਹਾਂ ਦੇ ਆਮ ਖਯਾਲ ਸਰੀਰਕ ਸੁਧਤਾ (ਇਸ਼ਨਾਨ) ਦੇ ਰਖ ਰਖਕੇ ਫੇਰ ਆਤਮ ਦੇ ਇਸ਼ਨਾਨ ਦੇ ਸਾਧਨ ਵਿਚ ਲਗਾਣਾ ਜੋ ਐਸ ਤਰ੍ਹਾਂ ਨਾਲ ਕੁਛ ਹੋ ਸਕਦਾ ਹੈ।

ਸਵੇਰੇ ੪ ਵਜੇ ਏਕਾਂਤ ਬੈਠ ਕੇ ਸ੍ਰੀ ਗੁਰੂ ਜੀ ਨੂੰ ਆਪਣੇ ਅੰਗ ਸੰਗ ਬਿਰਾਜਮਾਨ ਖਯਾਲ ਕਰਕੇ, ਜਪੁ ਸਾਹਬ ਦੇ ਪਾਠ ਕਰੋ ਅਰ ਐਸ ਤਰਾਂ ਕਰੋ ਕਿ ਸ੍ਰੀ ਗੁਰੂ ਜੀ ਆਪ ਸ੍ਰਵਣ ਕਰ ਰਹੇ ਹਨ। ਐਸਾ ਕਰਨੇ ਨਾਲ ਗੁਰੂ ਜੀ ਦੇ ਚਰਨਾਂ ਵਿਚ ਧਯਾਨ ਟਿਕਣਾ ਸ਼ੁਰੂ ਹੋ ਜਾਏਗਾ, ਪ੍ਰੇਮ ਜਾਗਣਾ ਸ਼ੁਰੂ ਹੋ ਜਾਏਗਾ ਅਤੇ ਇਸ ਧਯਾਨ ਤੇ ਖਿਚ ਦਾ ਕਾਰਣ ਮਨ ਵਿਚ ਜੋ ਵਿਖੇਪ ਦਾ ਔਗੁਣ ਹੈ, ਜਿਸਨੂੰ ਸੰਕਲਪਾਂ, ਵਿਕਲਪਾਂ ਦਾ ਫੁਰਨਾ ਆਖਦੇ ਹਨ, ਦੂਰ ਹੋਣ ਲਗ ਜਾਏਗਾ, ਸਫਾਈ ਤੇ ਏਕਾਗ੍ਰਤਾ ਆਉਣੀ ਸ਼ੁਰੂ ਹੋ ਜਾਏਗੀ। ਹੋ ਸਕਦਾ ਹੈ ਕਿ ਕਦੇ-ਕਦੇ ਐਸ ਤਰਾਂ ਪਾਠ ਕਰਦਿਆਂ ਤੁਹਾਨੂੰ ਨੀਂਦ ਸਤਾਵੇ ਯਾ ਇਕ ਨੀਮ ਨੀਂਦ੍ਰ ਦੀ ਅਵਸਥਾ ਪੈਦਾ ਹੋ ਜਾਵੇ, ਤਦ ਇਸ ਧਯਾਨ ਨਾਲ ਦੂਰ ਰਹੇਗੀ, ਭਲਾ ਜੇ ਓਹ ਦੂਰ ਨਾ ਰਹੇ, ਤਦ ਉਠ ਕੇ ਸਹਜੇ ਸਹਜੇ ਟਹਲਣ ਲਗ ਗਏ ਅਰ ਉਸੀ ਤਰਾਂ ਪਾਠ ਤੇ ਧਯਾਨ ਵਿਚ ਲਗੇ ਰਹੇ, ਥੋੜੀ ਦੇਰ ਬਾਦ ਫੇਰ ਬੈਠ ਗਏ। ਮਤਲਬ ਇਹ ਹੈ ਕਿ ਪਾਠ ਵੇਲੇ ਜੋ ਨੀਂਦ ਤੇ ਆਲਸ ਜਿਹਾ, ਇਕ ਤਰਾਂ ਦੀ ਰੀਮਤਾ ਜੇਹੀ ਪੈਦਾ ਕਰਦਾ ਹੈ ਓਸ ਵਿਚ ਕਦੇ ਅਪਨੇ ਆਪ ਨੂੰ ਨਹੀਂ ਪੈਣ ਦੇਣਾ। ਸਾਵਧਾਨ ਰੈਹਣਾ। ਜੈਸੇ ਗੁਰੂ ਜੀ ਦਾ ਵਾਕ ਹੈ :

*'ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥*
*ਸਾਵਧਾਨ ਏਕਾਗਰ ਚੀਤ'*

(ਗਉੜੀ ਸੁਖਮਨੀ ਮ:੫,ਪੰਨਾ:੨੯੫)

ਜਦ ਏਹ ਕੁਛ ਕਰ ਲਵੋ ਤਦ ਫੇਰ ਅਪਨੇ ਕੰਮ ਕਾਜ ਵਿਚ ਲਗ ਪਵੋ, ਪਰ ਜਪੁ ਸਾਹਬ ਦੇ ਪਾਠ ੧੧ ਤੋਂ ਘਟ ਨਹੀਂ ਕਰਨੇ। ਹੋਰ ਬਾਣੀਆਂ


www.sikhbookclub.com

ਸਾਰਾ ਦਿਨ ਟੁਰਦੇ ਫਿਰਦੇ ਕਰਦੇ ਰਹੇ। ਜੇਕਰ ਕੰਮ ਧੰਦੇ ਐਸੇ ਹੋਣ ਕਿ ਸਵੇਰ ਦਾ ਵਕਤ ਘਟ ਮਿਲੇ ਤਦ ਸਵੇਰੇ ੪ ਪਾਠ ਕਰਨੇ ਤੇ ਬਾਕੀ ਦੇ ਸਾਰਾ ਦਿਨ ਫਿਰਦੇ ਟੁਰਦੇ ਕੰਮ ਕਾਜ ਵਿਚ ਲਗੇ ਕਰਦੇ ਰਹੇ।

ਏਹ ਆਤਮ ਇਸਨਾਨ ਤਦ ਛੇਤੀ ਲਾਭ ਦੇਵੇਗਾ ਜੇ ਮਨ ਦੇ ਇਸਨਾਨ ਦਾ ਨਾਲ ਜਤਨ ਰਖੋਗੇ। ਓਹ ਇਹ ਹੈ ਕਿ ਨਿੰਦਯਾ ਕਲਹ ਬਖੀਲੀ ਦੇ ਵਿਚ ਦਖਲ ਨਹੀਂ ਦੇਣਾ, ਝੂਠ, ਧ੍ਰੋਹ ਤੋਂ ਬਚਣਾ, ਕ੍ਰੋਧ, ਲੋਭ ਆਦਿਕ ਸ਼ਤਰੂਆਂ ਤੋਂ ਬਚੇ ਰਹਿਣ ਦੀ ਬੇਨਤੀ ਕਰਦੇ ਰਹਿਣਾ। ਅਸਲ ਵਿਚ ਤ੍ਰੈ ਕੰਮ ਤੁਸਾਂ ਕਰਨੇ ਹਨ :

**ਬਾਣੀ :-**

ਜਿਸ ਪ੍ਰਕਾਰ ਉਪਰ ਕਿਹਾ ਹੈ, ਇਸ ਦੇ ਮੁਤਅਲਕ ਹੋਰ ਕੁਛ ਕੈਹਨਾ ਹੈ ਜੋ ਅੰਤ੍ਰੀਵਮੁਖ ਹੋਰ ਕਰਦਾ ਹੈ, ਪਰ ਓਹ ਫੇਰ ਕਿਸੇ ਵੇਲੇ। ਜੋ ਲਿਖਯਾ ਹੈ ਇਹ ਪਹਿਲਾ ਸਬਕ ਹੈ, ਇਸ ਦੇ ਪਕ ਜਾਣ ਤੇ ਹੋਰ ਅਧਕਾਰ ਪੈਦਾ ਹੋਏਗਾ।

**ਬੇਨਤੀ :-**

ਪਿਛਲੇ ਪਾਪਾਂ ਦੀ ਖਿਮਾ ਲਈ, ਰੋਕਦਿਆਂ ਹੋੜਦਿਆ ਹੋ ਜਾਂਦੀਆਂ ਭੁਲਾਂ ਦੀ ਖਿਮਾ ਲਈ ਅਤੇ ਮਨ ਦੇ ਮਾੜੇ ਸੰਕਲਪਾਂ ਦੇ ਦੂਰ ਕਰਨੇ ਨਮਿਤ ਸ੍ਰੀ ਗੁਰੂ ਦੇ ਚਰਨਾਂ ਵਿਚ ਆਪਣੇ ਮਨ ਦੀ ਚੁਪ ਅਵਾਜ਼ ਨਾਲ ਬੇਨਤੀ ਕਰਦੇ ਰਹਣਾ ਚਾਹੀਦਾ ਹੈ, ਫੇਰ ਗੁਰੂ ਜੀ ਸਹਾਇਤਾ ਕਰਦੇ ਰਹਿੰਦੇ ਹਨ।

*ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ*
*ਸੁਖ ਸਹਜ ਸੇਤੀ ਘਰਿ ਜਾਤੇ॥੩॥*

(ਬਸੰਤ ਮ: ੫, ਪੰਨਾ: ੧੧੮੫)

**ਸ਼ੁਕਰ :-**

ਤੀਸ੍ਰਾ ਕੰਮ ਸ਼ੁਕਰ ਹੈ। ਜਿਸ ਹਾਲ ਤੇ ਜਿਸ ਸੁਖ ਦੁਖ ਦੀ ਦਸ਼ਾ ਵਿਚ ਪਿਆਰਾ ਵਾਹਗੁਰੂ ਰਖੇ ਓਸ ਵਿਚ ਕੁੜਨਾ, ਯਾ ਬਫਾ ਕੇ ਆਕੜਨਾ ਨਹੀਂ ਚਾਹੀਦਾ, ਹਰ ਵੇਲੇ ਹਰ ਹਾਲ ਵਿਚ ਮਨ ਦੇ ਅੰਦਰੋਂ ਸ਼ੁਕਰ ਦੀ

ਅਵਾਜ਼ ਨਿਕਲੇ ਤੇ ਸ਼ੁਕਰ ਦਾ ਭਾਵ ਹਿਰਦੇ ਵਿਚ ਭਰਿਆ ਰਹੇ। ਜੇ ਆਪ ਦਾ ਚਿਤ ਉਪਰ ਲਿਖੇ ਅਨੁਸਾਰ 'ਅਨੁਭਵ' ਦੇ ਮਦਰਸੇ ਪੜਨ ਦਾ ਕਰ ਆਵੇ ਤਦ ਖਾਲਸਾ ਟ੍ਰੈਕਟ ਸੁਸੈਟੀ ਦਾ 'ਟ੍ਰੈਕਟ ਭਾਈ ਸਾਂਈ ਦਾਸ ਜੀ ਦਾ ਜੀਵਨ' ਸਤੇ ਭਾਗ ਮੰਗਵਾਕੇ ਮੁਤਾਲਯਾ ਕਰਨਾ। ਹੋਰ ਕੁਛ ਪੁਛਣਾ ਹੋਵੇ ਤਦ ਦਾਸ ਹਾਜ਼ਰ ਹੈ, ਜਿਥੋਂ ਤਕ ਸਮਰਥਾ ਹੈ, ਵੈਸੇ ਮੈਂ ਇਸ ਯੋਗ ਨਹੀਂ ਪ੍ਰੰਤੂ ਗੁਰਮੁਖਾਂ ਤੋਂ ਸੁਣੇ ਬਚਨ ਅਰਜ਼ ਕਰ ਦਿਤੇ ਹਨ। ਮੇਰਾ ਪਤਾ ਸੁਸਾਇਟੀ ਦੀ ਮਾਰਫਤ ਠੀਕ ਨਹੀਂ ਹੈ, ਖਤ ਦੋ ਇਕ ਦਿਨ ਪਛੜ ਜਾਂਦਾ ਹੈ। 'ਵਜੀਰ ਹਿੰਦ ਪ੍ਰੈਸ, ਅੰਮ੍ਰਿਤਸਰ' ਦੇ ਪਤੇ ਤੇ ਖਤ ਸਿਧਾ ਤੇ ਵਕਤ ਤੇ ਆਉਂਦਾ ਹੈ।

ਵਾਹਗੁਰੂ ਆਪ ਦੇ ਪਵਿਤ੍ਰ ਆਤਮਾ ਨੂੰ ਅਪਨੇ ਚਰਨਾਂ ਦੀ ਪ੍ਰੀਤੀ ਵਿਚ ਲਗਾਵੇ।

ਆਪ ਦਾ ਹਿਤਕਾਰੀ,
ਵੀਰ ਸਿੰਘ

– o –

# ਪਰਿਚਾਯਕ ਟਿੱਪਣੀ

ਇਸ ਪੱਤਰ ਵਿਚ ਭਾਈ ਵੀਰ ਸਿੰਘ ਜੀ ਨਾਮ ਦੀ ਸਿਖਿਆ ਤੇ ਅਭਿਆਸ ਰਾਹੀਂ ਜੀਵ ਨੂੰ ਉਸ ਉਚੇਰੀ ਮਤ ਦੇ ਸਿਰਜਣ ਦਾ ਸੰਦੇਸ਼ ਦਿੰਦੇ ਹਨ; ਜਿਸ ਰਾਹੀਂ ਜੀਵ ਸਿਮਰਨ ਦੀ ਪ੍ਰਕਿਰਿਆ ਵਿਚ ਪੈ ਜਾਂਦਾ ਹੈ ਅਤੇ ਇਹ ਸਿਮਰਨ ਦੀ ਪ੍ਰਕਿਰਿਆ ਮਨੁੱਖ ਨੂੰ ਆਪਣੇ ਅੰਦਰ ਨਾਮ-ਅਭਿਆਸ ਨਾਲ ਪੈਦਾ ਕੀਤੀ ਉਚੇਰੀ ਮਤ ਸਦਕਾ ਪਰਮਾਰਥਕ ਇਕਾਗਰਤਾ ਵਿਚ ਪੁਚਾ ਦੇਂਦੀ ਹੈ। ਇਹ ਅਸਲ ਵਿਚ ਤਾਂ ਰੂਪਾਂਤ੍ਰਿਤ ਵਿਅਕਤਿੱਤਵ ਦੀ ਪ੍ਰਾਪਤੀ ਹੈ, ਜੋ ਨਾਮ-ਅਭਿਆਸ ਦੀ ਮਦਦ ਨਾਲ ਪ੍ਰਦੱਤ ਜੈਵਿਕਤਾ ਤੋਂ ਤੁਰ ਕੇ ਅਤਿਅੰਤ ਸੁਗਠਵੀਂ ਨਜ਼ਰ ਵਾਲੀ ਤੇ ਆਦਰਸ਼ੀ ਚਰਿੱਤਰ ਵਾਲੀ ਅਵਸਥਾ ਉਤੇ ਪੁੱਜ ਜਾਂਦਾ ਹੈ। ਭਾਈ ਵੀਰ ਸਿੰਘ ਜੀ ਆਪਣੀ ਅਜਿਹੀ ਗੱਲ ਨੂੰ ਸਿੱਖ-ਸੰਸਥਾ ਦੇ ਸਾਮੂਹਕ ਮੁਹਾਵਰੇ ਵਿਚ ਕਹਿੰਦੇ ਹਨ ਅਤੇ ਥਾਂ-ਪਰ-ਥਾਂ ਆਪਣੀ ਗੱਲ ਦੇ ਸਮਰਥਨ ਵਿਚ ਗੁਰਬਾਣੀ ਦੇ ਹਵਾਲੇ ਦੇਂਦੇ ਹਨ। ਪਰ ਅਜਿਹੀ ਵਿਸ਼ਿਸ਼ਟ ਸਾਮੱਗਰੀ ਨੂੰ ਜੇਕਰ ਅਸੀਂ ਸੰਸਕ੍ਰਿਤੀ-ਨਿਰਮਾਣ ਦੇ ਅਮੂਰਤ ਮੁਹਾਵਰੇ ਵਿਚ ਤਬਦੀਲ ਕਰਕੇ ਵੇਖੀਏ ਤਾਂ ਗੱਲ ਸਮਝ ਆ ਜਾਂਦੀ ਹੈ ਕਿ ਭਾਈ ਵੀਰ ਸਿੰਘ ਜੀ ਮਨੁੱਖ ਨੂੰ ਆਪਣੀ ਪਛਾਣ ਸਭਿਆਚਾਰ ਦੇ ਪ੍ਰਤੀਕਮੂਲਕ ਪਾਸਾਰ ਵਿਚ ਸੰਭਾਲਣ ਦਾ ਆਦੇਸ਼ ਕਰਦੇ ਹਨ। ਇਹ ਸਾਰਾ ਮੁਹਾਵਰਾ ਸਭਿਆਚਾਰ ਵੱਲ ਅਤਿਅੰਤ ਚੇਤੰਨ ਹੋਣ ਵਾਲਾ ਮੁਹਾਵਰਾ ਹੈ। ਪੰਜਾਬ ਵਿਚ ਗੁਰਬਾਣੀ ਇਸ ਮੁਹਾਵਰੇ ਦਾ ਪ੍ਰਚਲਨ ਨਾਮ-ਸ਼ਬਦ ਦੇ ਸਭਿਆਚਾਰ ਨੂੰ ਰੂੜ੍ਹ ਕਰਕੇ ਕਰਦੀ ਹੈ। ਭਾਈ ਵੀਰ ਸਿੰਘ ਜੀ ਅੰਗ੍ਰੇਜ਼ੀ ਸਾਮਰਾਜ ਦੇ ਜ਼ਮਾਨੇ ਵਿਚ ਗ੍ਰਹਿਣੀ ਪੰਜਾਬੀਅਤ ਦੇ ਸਭਿਆਚਾਰ ਨੂੰ ਉੱਜਲ ਕਰਨ ਲਈ ਇਸ ਆਯਾਮ ਨੂੰ ਉਘਾੜਦੇ ਹਨ। ਇਸ ਦ੍ਰਿਸ਼ਟੀ ਤੋਂ ਇਸ ਚਿੱਠੀ ਨੂੰ ਪੜ੍ਹਨ ਨਾਲ ਇਸ ਵਿਚਲੇ ਸਭਿਆਚਾਰਕ ਵਿਗਿਆਨ ਦਾ ਪ੍ਰਸਤਾਵ ਨਿਸ਼ਚੇ ਹੀ ਸਾਹਮਣੇ ਆ ਜਾਂਦਾ ਹੈ।


www.sikhbookclub.com

ੴ ਸ੍ਰੀ ਵਾਹਗੁਰੂ ਜੀ ਕੀ ਫਤਹ

੧੧-੭-੧੯੧੨

ਪਵਿਤ੍ਰਾਤਮਾ ਜੀਓ।

ਬਾਣੀ ਦਾ ਪਿਆਰ ਨਾਲ ਪਾਠ ਪਿਆਰੇ ਗੁਰ ਨਾਨਕ ਦੇ ਸਾਹਮਣੇ ਕਰਨਾ, ਟੁਰਦੇ ਫਿਰਦੇ ਵੇਹਲੇ ਵਕਤਾਂ ਵਿਚ 'ਧੰਨ ਗੁਰ ਨਾਨਕ' ਉਚਾਰਨਾ, ਅਰ ਮਾੜਾ ਜੇਹਾ ਖਯਾਲ ਨੁਕਤੇ ਵਲ ਰਖਣਾ ਕਿ 'ਸਾਡੇ ਸਿਰ ਤੇ ਦਾਤਾ ਹੈ'। ਬਸ ਇਹ ਕਰਤਬ ਕਰੀ ਚਲੀਏ। ਮੇਹਰ ਕਰਨ ਵਾਲਾ ਸਤਗੁਰੂ ਆਪੇ ਤਰੁਠਦਾ ਰਹਿੰਦਾ ਹੈ। ਡਰਨਾ ਨਹੀਂ ਚਾਹੀਦਾ। ਨਾਮ ਇਕ ਦਿਨ ਵਿਚ ਨਹੀਂ ਵਸਦਾ, ਏਹ ਲੰਮੀ ਖੇਡ ਹੈ। ਅਸੀਂ ਆਪਣਾ ਸਬਕ ਪਕਾਈ ਚਲੀਏ। ਸਤਗੁਰ ਖੁਸ਼ ਹੁੰਦਾ ਹੈ। ਬੱਚਾ ਵਿਦਵਾਨ ਤਾਂ ਕਦੇ ਹੁੰਦਾ ਹੈ, ਪਰ ਸਬਕ ਪਕਾਂਦਾ ਰੋਜ਼ ਹੈ। ਅਰ ਸਬਕ ਪਕਾਣੇ ਕਰਕੇ ਮਾਪੇ ਤੇ ਉਸਤਾਦ ਖੁਸ਼ ਹੁੰਦੇ ਹਨ। ਇਹ ਸੋਚ ਨਹੀਂ ਕਰਨੀ ਚਾਹੀਦੀ ਕਿ ਮਨ ਨਹੀਂ ਲਗਦਾ। ਮਨ ਲਗੇ ਯਾ ਨਾ ਸਬਕ ਪਕਾਈ ਚਲੀਏ। ਆਪੇ ਫੇਰ ਲਗਦਾ ਹੈ। ਅਰ ਮਨ ਵਿਚ ਮਾਣ ਰਖੀਏ ਕਿ ਸਾਡੇ ਸਿਰ ਤੇ ਕਿਸੇ ਦਾ ਹੱਥ ਹੈ।

*ਸਿਰ ਊਪਰਿ ਠਾਢਾ ਗੁਰੁ ਸੂਰਾ॥ਨਾਨਕ ਤਾਕੇ ਕਾਰਜ ਪੂਰਾ॥*

(ਗਉੜੀ ਸੁਖਮਨੀ ਮ:੫, ਪੰਨਾ : ੨੯੩)

ਸਤਗੁਰ ਕੰਮਾਂ ਪਰ ਨਹੀਂ ਰੀਝਦਾ, ਕੰਮ ਸ਼ੁਭ ਕਰੋ, ਪਾਪ ਨਾ ਕਰੋ। ਪਰ ਸਤਗੁਰ ਸਿਮ੍ਰਨ ਪਰ ਰੀਝਦਾ ਹੈ। ਮੌਤ ਤੋਂ ਨਹੀਂ ਡਰਨਾ, ਮੌਤ ਕੇ ਚੀਜ਼ ਹੈ। ਅਸਲ ਵਿਚ ਕੁਛ ਨਹੀਂ, ਕੇਵਲ ਚੋਲਾ ਵਟੀਂਦਾ ਹੈ। ਸਤਗੁਰ ਦੇ ਪਿਆਰੇ ਮਰ ਕੇ ਸੁਖ ਪਾਂਦੇ ਹਨ। ਮਰਕੇ ਅਗੇ ਸੁੰਞ ਨਹੀਂ ਹੈ। ਅਗੇ ਸਤਗੁਰ ਨਾਨਕ ਦਾ ਸਤਸੰਗ ਹੈ। ਚੰਗੇ ਚੰਗੇ ਪਿਆਰੇ ਦੁਨੀਆਂ ਦੇ ਸਾਕਾਂ ਸੰਗਾਂ ਤੋਂ ਪ੍ਰੀਤਮ ਸਤਿਸੰਗੀਆਂ ਵਿਚ ਵਾਸ ਹੰਦਾ ਹੈ। ਪਰ ਮੌਤ ਮੰਗੀ

ਦੀ ਬੀ ਨਹੀਂ, ਆਵੇ ਤਾਂ ਡਰੀਦਾ ਨਹੀਂ, ਨ ਆਵੇ ਤਾਂ ਚੇਤੇ ਨਹੀਂ ਕਰੀਦੀ। ਕਰੀਦਾ ਇਹ ਹੈ ਕਿ ਆਪਣੀ 'ਹੁਣ' ਸੰਭਾਲੀਦੀ ਹੈ। ਜੋ ਸਮਾਂ ਸਾਨੂੰ ਮਿਲਯਾ ਹੈ ਇਸ ਵਿਚ ਹਰ ਪਲ ਅਸੀਂ ਬਾਣੀ ਯਾ ਨਾਮ ਦੇ ਉਚਾਰ ਨਾਲ ਬਤੀਤ ਕਰੀਏ। ਸਤਗੁਰ ਸਿਰ ਤੇ ਹੈ ਅਰ ਓਹ ਸਦਾ ਸਹਾਈ ਹੈ।

*ਬਿਖੜੇ ਦਾਓ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ॥੩॥*

(ਬਸੰਤ ਮ: ੫, ਪੰਨਾ: ੧੧੮੫)

ਸਤਗੁਰ ਦਾਤਾ ਮੇਹਰ ਕਰਨਹਾਰਾ ਹੈ। ਕੀਰਤਨ ਕਰਨਾ, ਸੁਣਨਾ ਬਹੁਤ ਚੰਗਾ ਹੈ। ਇਹ ਸਾਧਨ ਹੈ ਜੋ ਸਾਨੂੰ ਵਾਹਗੁਰੂ ਨਾਲ ਜੋੜਦਾ ਹੈ।

ਹਿਤਕਾਰੀ,
ਵੀਰ ਸਿੰਘ

- o -

# ਪਰਿਚਾਯਕ ਟਿੱਪਣੀ

ਇਹ ਚਿੱਠੀ ਨਾਮ-ਰਸ ਦੀ ਪ੍ਰਾਪਤੀ ਦੀ ਪ੍ਰਕਿਰਿਆ ਨਾਲ ਸੰਬੰਧਿਤ ਪ੍ਰਵਚਨ ਹੈ। ਭਾਈ ਵੀਰ ਸਿੰਘ ਜੀ ਆਪਣੇ ਹਰ ਪ੍ਰਵਚਨ ਨੂੰ ਆਪਣੀ ਧਾਰਮਿਕ ਸੰਸਥਾ ਦੇ ਵਿਸ਼ੇਸ਼ ਪ੍ਰਸੰਗ ਦੇ ਅੰਤਰਰਗਤ ਰਖਕੇ ਉਸਾਰਦੇ ਹਨ, ਪਰ ਅਜਿਹੇ ਪ੍ਰਵਚਨਾਂ ਦੀ ਵਿਸ਼ਿਸ਼ਟਾ ਦੇ ਅੰਤਰਰਗਤ ਵਿਆਪਕ ਪ੍ਰਸਤਾਵ ਦੇ ਅਰਥ ਵੀ ਮੌਜੂਦ ਹਨ। ਇਸ ਚਿੱਠੀ ਵਿਚ ਭਾਈ ਵੀਰ ਸਿੰਘ ਜੀ ਨੇ ਰਸ ਦੀ ਗੱਲ ਸਮਝਾਈ ਹੈ ਅਤੇ ਅਜਿਹਾ ਕਰਦਿਆਂ ਉਨ੍ਹਾਂ ਨੇ ਸੰਸਾਰਕ ਭੋਗਾਂ ਦੇ ਸਵਾਦ ਤੇ ਇਨ੍ਹਾਂ ਤੋਂ ਉਪਰ ਉਠ ਕੇ ਵਿਸ਼ੇਸ਼ ਪ੍ਰਕਾਰ ਦੇ ਗਿਆਨ ਤੋਂ ਪੈਦਾ ਹੋਣ ਵਾਲੇ ਰਸ ਦਾ ਅੰਤਰ ਸਮਝਾਇਆ ਹੈ। ਭਾਈ ਵੀਰ ਸਿੰਘ ਜੀ ਦੀ ਅਜਿਹੀ ਸਾਰੀ ਗੱਲਬਾਤ ਦਾ ਕੇਂਦਰ ਇਕ ਵਿਅਕਤੀ ਹੈ ਜੋ ਭਾਈ ਵੀਰ ਸਿੰਘ ਜੀ ਪਾਸੋਂ ਨਾਮ-ਰਸ ਦੀ ਪ੍ਰਾਪਤੀ ਦਾ ਮਰਮ ਪੁਛ ਰਿਹਾ ਹੈ ਤੇ ਭਾਈ ਵੀਰ ਸਿੰਘ ਜੀ ਉਸ ਨੂੰ ਦਸ ਰਹੇ ਹਨ ਕਿ ਸੁਹਿਰਦਤਾ ਸਹਿਤ ਤੇ ਵਚਨਬੱਧਤਾ ਸਹਿਤ ਕੀਤਾ ਪ੍ਰਯਤਨ ਹੀ ਅੰਤ ਉਤੇ ਰਸ ਦੇ ਪ੍ਰਾਪਤੀ ਬਿੰਦੂ ਉਪਰ ਪੁਚਾ ਦੇਂਦਾ ਹੈ। ਪਰ ਇਸ ਸਾਰੀ ਪ੍ਰਕਿਰਿਆ ਵਿਚ ਅਤਿਅੰਤ ਸਾਵਧਾਨੀ ਦੀ ਜ਼ਰੂਰਤ ਹੈ, ਕਿਉਂਕਿ ਸੰਸਾਰਕ ਪਦਾਰਥਾਂ ਵਿਚੋਂ ਪੈਦਾ ਹੋਣ ਵਾਲੇ ਸਹਿਜ-ਸੁਆਦ ਨੂੰ ਹੀ, ਨਾਮ ਦੀ ਸਮਝ ਦੁਆਰਾ ਰਸਸੰਪੰਨ ਦ੍ਰਿਸ਼ਟੀ ਜਾਂ ਦ੍ਰਿਸ਼ਟੀਸੰਪੰਨ ਰਸ ਵਿਚ ਬਦਲਣਾ ਹੁੰਦਾ ਹੈ। ਇਹ ਮਾਰਗ ਅਤਿਅੰਤ ਕਠਨ ਮਾਰਗ ਹੈ, ਕਿਉਂਕਿ ਸੰਸਾਰਕ ਪਦਾਰਥਾਂ ਵਿਚੋਂ ਉਪਜਣ ਵਾਲਾ ਸਹਿਜ-ਸੁਆਦ ਵਿਅਕਤੀ ਦੀ ਇਕਾਗ੍ਰਤਾ ਨੂੰ ਬਾਰ ਬਾਰ ਭੰਗ ਕਰਦਾ ਹੈ ਅਤੇ ਵਿਅਕਤੀ ਨੇ ਆਪਣੇ ਅੰਦਰ ਪੈਦਾ ਹੋ ਰਹੀ ਦ੍ਰਿਸ਼ਟੀ ਸਦਕਾ ਇਸ ਸਹਿਜ-ਸੁਆਦ ਉਪਰ ਨਿਯੰਤ੍ਰਣ ਪੈਦਾ ਕਰਨਾ ਹੁੰਦਾ ਹੈ। ਭਾਈ ਵੀਰ ਸਿੰਘ ਜੀ ਅਨੁਸਾਰ ਰਸ-ਪ੍ਰਾਪਤੀ ਸੰਸਾਰ-ਸੁਆਦ ਦੇ ਪਰਲੇ ਪਾਰ ਹੈ। ਜਦ ਤੀਕ ਕੋਈ ਵਿਅਕਤੀ ਇਸ ਅਵਸਥਾ ਤੱਕ ਨਹੀਂ ਪੁਜਦਾ, ਉਹ ਰਸ-ਪ੍ਰਾਪਤੀ ਤੀਕ ਨਹੀਂ ਪੁਜ ਸਕਦਾ। ਇਸ ਤਰ੍ਹਾਂ ਇਸ ਚਿੱਠੀ ਨੂੰ ਸੰਸਾਰਕ ਸੁਆਦ ਦੇ ਇਸ ਪਾਰ ਤੇ ਰਸ-ਪ੍ਰਾਪਤੀ ਦੇ ਉਸ ਪਾਰ ਦੇ ਦਵੰਦਾਤਮਕ ਰਿਸ਼ਤੇ ਨੂੰ ਸਮਝਾਣ ਲਈ ਪ੍ਰਵਚਨ ਕਿਹਾ ਜਾ ਸਕਦਾ ਹੈ। ਇਸੇ ਦ੍ਰਿਸ਼ਟੀ ਤੋਂ ਪੜ੍ਹਨ ਨਾਲ ਇਸ ਦੀ ਸਾਰਥਕਤਾ ਉਜਾਗਰ ਹੋ ਸਕਦੀ ਹੈ।

**੧ੴ ਸ੍ਰੀ ਵਾਹਗੁਰੂ ਜੀ ਕੀ ਫਤਹ**

ਅੰਮ੍ਰਿਤਸਰ : ੧੯੧੨

ਪਵਿਤ੍ਰਾਤਮਾ ਜੀਓ,

ਸਵਾਦ ਨਹੀਂ ਆਂਵਦਾ ਤਾਂ ਗੁਰੂ ਜਾਣੇ ਜੋ ਸਵਾਦ ਨਹੀਂ ਦੇਂਦਾ। ਜ਼ਮੀਂਦਾਰ ਤਾਂ ਬੂਟੇ ਲਾ ਦੇਂਦਾ ਹੈ। ਰਸ ਚੰਦਰਮੇ ਦੀਆਂ ਕਿਰਨਾਂ ਪਾਂਦੀਆਂ ਹਨ। ਐਸਾ ਸਿਆਣੇ ਆਖਦੇ ਹਨ। ਬੰਦੇ ਦਾ ਧਰਮ ਭਜਨ ਕਰਨਾ ਹੈ ਅਰ ਦਰੁਸਤ ਸਤਯ ਨਾਲ ਸਤਸੰਗ ਦੇ ਆਸਰੇ। ਰਸ ਵਾਹਗੁਰੂ ਦੇ ਵੱਸ ਹੈ। ਸਾਡਾ ਅਜੇ ਰਸ ਦਾ ਹੱਕ ਕਿਥੇ ਹੈ? ਰਸ ਤਾਂ ਕਦੇ-ਕਦੇ ਗੁਰੂ ਝਲਕਾਰਾ ਮਾਤ੍ਰ ਦੇ ਦੇਂਦਾ ਹੈ ਜੋ ਬਚੇ ਡੋਲ ਨ ਜਾਣ। ਅਜੇ ਤਾਂ ਜੁੱਧ ਹੈ। ਨਾਮ ਦੇ ਗੋਲੇ ਮਾਰ ਕੇ ਮਾਇਆ ਦੇ, ਮੈਲ ਦੇ ਗੁਬਾਰਾਂ ਦੇ, ਘਬਰਾ ਦੇ ਮੋਰਚੇ ਤੋੜਨੇ ਹਨ। ਦਬਾਦਬ ਗੋਲੇ ਬਰਸਦੇ ਰੈਹਣ ਤੇ ਵੈਰੀ ਦੇ ਕਿੰਗਰੇ ਢਹਿੰਦੇ ਰੈਹਣ।

ਜੁਧ ਕੀ ਤੇ ਰਸ ਕੀ। ਜੁੱਧ ਵਿਚ ਬੀਰ ਰਸ ਚਾਹੀਦਾ ਹੈ ਕਿ ਹਾਂ ਅਸਾਂ ਮਰਨਾ ਹੈ। ਜ਼ਰੂਰ ਫਤਹ ਪਾਣੀ ਹੈ। ਬਸ ਗੁਰੂ ਤੇ ਭਰੋਸਾ ਰਖ ਕੇ ਤੋਪਾਂ ਚਲਦੀਆਂ ਰੈਹਣ। ਫਤਹ ਪਾ ਕੇ ਫਿਰ 'ਰਾਮ ਰਾਜ' ਦੇ ਰੰਗ ਭੋਗਾਂਗੇ। ਸੇਵਾ ਕਰਿਆ ਕਰੋ ਤੇ ਬਾਣੀ ਜਪਿਆ ਕਰੋ। ਸਮਾਂ ਪਾ ਕੇ ਸੁਖ ਹੋ ਜਾਂਦਾ ਹੈ। ਸਿਪਾਹੀ ਦਾ ਕੰਮ ਸਦਾ ਲੜਨਾ ਹੈ।

ਪਿਆਰੇ ਜੀ,

ਅਸੀਂ ਨਾਮ ਸਵਾਦ ਆਸਰੇ ਜਪਦੇ ਹਾਂ। ਸਵਾਦ ਤਾਂ ਐਸੀ ਚੀਜ਼ ਹੈ ਜੋ ਜਾਣਬੁਝ ਕੇ ਪਾਪ ਕਰਵਾ ਦੇਂਦਾ ਹੈ। ਜੇਕਰ ਪਾਪ ਵਿਚ ਰਸ ਨਾ ਹੁੰਦਾ ਤਾਂ ਪਾਪ ਕੌਣ ਕਰਦਾ - - ਇਸੇ ਤਰਾਂ ਨਾਮ ਦੇ ਆਦਿ ਵਿਚ ਰਸ ਹੁੰਦਾ ਤਾਂ ਕੌਣ ਨਾ ਜਪਦਾ - - ਪਰ ਏਹ ਤਾਂ ਸਿਲ ਜੋਗ ਅਲੂਣੀ ਚਟਣੀ, ਪੁਜ ਨਾ ਸਕੈ ਅਮਿਓ ਰਸ ਇਖੀ ਹੈ।

ਇਹ ਜੇਹੜਾ ਅਲੂਣੀ ਸਿਲਾ ਚਟਣ ਦਾ ਸਮਾਂ ਹੈ ਇਹ ਹਿੰਮਤ ਨਾਲ ਅਸੀਸ ਵਟਣ ਨਾਲ ਸਫਲ ਹੋ ਸਕਦਾ ਹੈ। ਜੇ ਰਸ ਕਿਤੋਂ ਮਿਲ ਗਯਾ ਤੇ ਉਨੇ ਦਿਨ ਨਾਮ ਜਪ ਲਿਆ ਤਾਂ ਕੇਹੜੀ ਵੱਡੀ ਗਲ ਹੋਈ - - ਜਦੋਂ

 www.sikhbookclub.com

ਰਸ ਟੁੱਟੇ ਤਦੋਂ ਜਪੇ - - ਕਸੀਸ ਵੱਟ ਕੇ ਜਪੋ, ਤਦੋਂ ਸਾਵਧਾਨ ਹੋ ਕੇ ਜਪੋ ਤਾਂ ਸਵਾਦ ਦੇਂਦਾ ਹੈ - - ਜੁੱਧ ਵਿਚ ਸੁਖ ਕਿਥੇ? ਇਹ ਦੁਗਾੜੇ ਠੋਕੂ ਨਾਮ ਅਸਲ ਕਲਿਆਣ ਕਰਤਾ ਹੈ। ਜੁੱਧ ਵਿਚ ਤੇ ਸਾਵਧਾਨ ਅਤੇ ਇਕਾਗਰ ਹੋ ਕੇ ਗੋਲਾਬਾਰੀ ਕਰੀਦੀ ਹੈ। ਹਰ ਸਵਾਸ ਵਿਚ ਨਾਮ ਦਾ ਫਾਇਰ ਕੀਤਿਆਂ ਗੜਾਗੜ ਵੈਰੀ ਦੇ ਕਿੰਗਰੇ ਢਹਿੰਦੇ ਹਨ। ਮੋਰਚੇ ਬਾਦ ਮੋਰਚਾ ਫਤਹ ਹੁੰਦਾ ਹੈ ਤਾਂ ਕਿਲਾ ਸਰ ਹੋ ਜਾਂਦਾ ਹੈ। ਫੇਰ ਰਸ ਆ ਜਾਂਦਾ ਹੈ। ਰਸ ਆਪੇ ਨਾਮ ਜਪਾਈ ਜਾਂਦਾ ਹੈ। ਇਹ ਨਾਮ ਜਪਨਾ ਕਠਨ ਹੈ, ਪਰ ਇਹੋ ਹੈ ਜੋ ਰਸ ਵਾਲੇ ਨਾਮ ਵਿਚ ਲੈ ਜਾਂਦਾ ਹੈ। ਇਸ ਵਿਚ ਫਤਹ ਦਾ ਨੁਕਤਾ ਇਕ ਹੈ। ਜਪੀ ਜਾਵੋ ਤੇ ਪ੍ਰਵਾਹ ਨਾ ਕਰੋ ਜੋ ਸੋਚ ਨੇੜੇ ਆਵੇ। ਸਾਨੂੰ ਚਾਰ ਕੁ ਦਿਨ ਰਸ ਆਕੇ ਜੇ ਫੇਰ ਗੁਬਾਰ ਪਵੇ ਤਾਂ ਅਸੀ ਉਸੇ ਰਸ ਦੇ ਇਸ਼ਕ ਵਿਚ ਬਾਵਰੇ ਹੋ ਜਾਂਦੇ ਹਾਂ ਤੇ ਨਹੀਂ ਸਮਝਦੇ ਕਿ ਸਾਡੀ ਸੁਸਤੀ ਤੇ ਘਬਰਾ ਵੈਰੀ ਨੂੰ ਬਲ ਦੇ ਰਿਹਾ ਹੈ। ਕਸੀਸ ਵੱਟ ਕੇ ਸਵਾਦ ਤੋਂ ਬੇਪ੍ਰਵਾਹ ਹੋ ਕੇ ਮੋਰਚਾ ਗੱਡ ਦਿਤਾ ਜਾਵੇ ਜਦ ਤਕ ਕਿ ਫਤਹ ਨਾ ਹੋ ਜਾਵੇ। ਪਤਾ ਨਹੀਂ ਮੈਂ ਠੀਕ ਹਾਂ ਕਿ ਨਹੀਂ ਪਰ ਗੱਲ ਇਹ ਹੈ ਕਿ ਕਾਫੀ ਸੋਚ ਨਾਲ ਸਮਝ ਲੈਣਾ ਚਾਹੀਦਾ ਹੈ ਕਿ - - ਹੇ ਸਤਸੰਗੀ ਜੇ ਪਹਾੜ ਸੈਰ ਕਰਨ ਜਾਵੇਂਗਾ ਤਾਂ ਵਾਹਗੁਰੂ ਘਰ ਨ ਛੱਡ ਜਾਣਾ, ਸਾਵਧਾਨ ਰਹਿ ਕੇ ਜਪਣਾ, ਕਿਸੇ ਕੁਸੰਗੀ ਸਰੀਰ ਨਾਲ ਦਿਲੀ ਪਿਆਰ ਨਾ ਕਰਨਾ ਅਰਥਾਤ Mind ਨੂੰ In support with ਐਸੇ ਲੋਕਾਂ ਦੇ ਆਉਣ ਤੇ ਇਕ ਤਾਕੀਦ ਕਰਨੀ He must not advertise me through.

P.. ਦੀ ਬਾਬਤ ਮੈਂ ਕੀ ਕਹਾਂ। ਹਰੇਕ ਨੂੰ ਆਪਣਾ ਫਿਕਰ ਕਰਨਾ ਚਾਹੀਦਾ ਹੈ। ਮੁਦਈ ਸੁਸਤ ਤੇ ਗਵਾਹ ਚੁਸਤ ਨਾਲ ਕੀ ਬਣੇ। ਹਠ ਕਰਨ ਤੇ ਜੋ ਭਾਰ ਸਹੇੜ ਲਿਆ ਨੇ ਸੋ ਧੋ ਕੇ ਕਢਣਾ।

*ਬਿਨੁ ਬੈਰਾਗ ਨ ਛੂਟਸਿ ਮਾਇਆ॥੧॥*

(ਗਉੜੀ ਕਬੀਰ ਜੀ, ਪੰਨਾ : ੩੨੯)

ਨਾਲੇ ਚੌਧਰੀ ਬਣੇ, ਨਾਲੇ popular ਹੋਣ ਦਾ ਸ਼ੌਕ ਅੰਦਰ ਵਸੇ, ਫੇਰ ਚਾਹੇ ਕਿ ਧਰਮ ਵਿਚ ਭੀ ਸਵਾਦ ਪਿਆ ਆਵੇ। ਉਪਰ ਮੈਂ ਜੋ ਕਹਿਆ


www.sikhbookclub.com

ਹੈ, ਹਠ ਕਰ ਕੇ ਬਾਣੀ ਪੜ੍ਹੋ - - ਕੁਛ ਆਪਣੇ ਅੰਦਰ ਨਜ਼ਰ ਵਜੇ ਕਿ ਮੈਲ ਕਿਥੇ ਪਈ ਹੈ ਉਸਨੂੰ ਕਢਿਆ ਜਾਵੇ। ਆਪ ਹਿੰਮਤ ਕਰਨੀ ਚਾਹੀਦੀ ਹੈ। ਮਦਦ ਉਸਨੂੰ ਕਾਰਗਰ ਹੁੰਦੀ ਹੈ ਜੋ ਆਪ ਹਿੰਮਤ ਕਰਦਾ ਹੈ। ਹਿੰਮਤ ਕਰਦਿਆਂ ਜਦ ਗਿਰਣ ਲਗਦਾ ਹੈ ਤਦ ਮਦਦ ਕਾਰਗਰ ਹੁੰਦੀ ਹੈ ਤੇ ਜੇ ਕੋਈ ਹਿੰਮਤ ਹੀ ਨਾ ਕਰੇ ਤੇ ਲੰਮਾ ਹੀ ਪਿਆ ਰਹੇ ਤਦ ਮਦਦ ਕੀ ਸਵਾਰੇਗੀ, ਸਵਾਏ ਮਦਦਗਾਰ ਦੇ ਮੋਢੇ ਥਕਾਣ ਦੇ। ਪਰਯਤਨ ਦਾ ਮਾਦਾ ਇਨ੍ਹਾਂ ਵਿਚ ਵਧਾਓ, ਨਹੀਂ ਤਾਂ ਤੁਸੀਂ ਮਦਦ ਕਰਦੇ ਹੁਟ ਜਾਇਆ ਕਰੋਗੇ। Tell them how to stand on their own legs, Don't supply them with motor machines.

ਇਹ ਮਦਦ ਨਹੀਂ, ਸਗੋਂ ਘਾਟਾ ਹੈ। ਜਿੰਕੂ ਬਚੇ ਨੂੰ ਖਲੋਣਾ ਤੁਰਨਾ ਮਾਪੇ ਸਿਖਾਂਦੇ ਹਨ ਠੀਕ ਉਕਰ ਗੁਰਮੁਖ ਕਰਦੇ ਹਨ। ਸਦਾ ਕੁਛੜ ਚੁਕਣ ਨਾਲ ਲੱਤਾਂ ਨਿਰਬਲ ਹੋ ਜਾਣਗੀਆਂ। ਹੋਰ ਹਿੰਮਤ, ਹੋਰ ਪਾਠ, ਹੋਰ ਸੇਵਾ, ਹੋਰ ਵੈਰਾਗ।

*ਹਮ ਖ਼ੁਦ ਖ਼ੁਆਤੀ ਵ ਦੁਨੀਆ ਫਾਨੀ*
*ਈ ਖ਼ਿਆਲ ਅਸਤ ਵਾ ਹਾਲ ਮਸਤ ਵਾਨੂਨ*

ਵੈਰਾਗ ਦਾ ਉਪਦੇਸ਼ ਦਿਓ, Dulness ਸੁਸਤੀ ਉਜੜ ਜਾਏਗੀ ਤੇ ਗਾਸ ਵਧਣ ਲਈ ਮਾਪੇ ਪਾਂਦੇ ਹਨ। ਤਦ ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ॥ (ਸਿਰੀ ਰਾਗ, ਮ:੧, ਪੰਨਾ:੨੨)
*ਲੱਗਾ ਰਹੇ ਤਾਂ ਲਾਖ ਦਾ ਹਟੇ ਤਾਂ ਕੌਡੀ ਮੋਲ॥*

ਇਨ੍ਹਾਂ ਨੂੰ ਆਪਣੇ ਸੰਗੀ ਨੂੰ ਨਾਲ ਨਾਲ Lift (ਉਠਾਏ) ਦੇਣੀ ਚਾਹੀਦੀ ਹੈ। ਗ੍ਰਹਸਤ ਦਾ ਧਰਮ ਪ੍ਰਸਪਰ ਸਹਾਇਤਾ ਹੈ। ਈਸਰ ਸਿੰਘ ਜੋਗ ਫਤਹ। ਰਾਣੇ ਜ਼ੋਗ ਫਤਹ।

*ਗੁਰੂ ਗੁਰੂ ਗੁਰ ਕਰ ਮਨ ਮੋਰ॥*
*ਗੁਰੂ ਬਿਨਾਂ ਮੈਂ ਨਾਹੀ ਹੋਰ॥*

ਹਿਤਕਾਰੀ,
ਵੀਰ ਸਿੰਘ

- o -

# ਪਰਿਚਾਯਕ ਟਿੱਪਣੀ

ਭਾਈ ਵੀਰ ਸਿੰਘ ਜੀ ਦੀ ਇਹ ਚਿੱਠੀ ਪਰਵਿਤੀਆਂ ਦੀ ਕਿਰਿਆ ਤੋਂ ਗਿਆਨ-ਸੰਕ੍ਰਿਆ ਵੱਲ ਜਾਣ ਦਾ ਪ੍ਰਵਚਨ ਪੇਸ਼ ਕਰਦੀ ਹੈ। ਬੁਨਿਆਦੀ ਤੌਰ ਉਤੇ ਇਕ ਜੀਵ ਹੋਣ ਦੇ ਨਾਤੇ ਮਨੁੱਖ ਵੀ ਆਪਣੀਆਂ ਤਤਕਾਲੀ ਲੋੜਾਂ ਦੇ ਅਧੀਨ ਆਪਣੇ ਵਾਤਾਵਰਨ ਨਾਲ ਪਾਰਵਿਰਤਕ ਸੰਬੰਧਾਂ ਵਿਚ ਜੁੜਦਾ ਹੈ। ਪਰਵਿਰਤੀਆਂ ਉਸ ਵਿਚਲੀ ਜੈਵਿਕਤਾ ਨੂੰ ਉਤੇਜਿਤ ਕਰਦੀਆਂ ਹਨ ਤੇ ਉਸ ਦੇ ਪ੍ਰਾਣਾਂ ਨੂੰ ਸੁਖ ਦਾ ਸੁਨੇਹਾ ਮਿਲਦਾ ਹੈ, ਪਰ ਇਹ ਸਾਰੀ ਗਤੀ ਕਿਰਿਆ-ਪ੍ਰਕਿਰਿਆ ਦੀ ਇਕ ਸਹਿਜ ਗਤੀ ਹੈ। ਇਹੀ ਪਰਵਿਰਤੀਸ਼ੀਲ ਗਤੀ ਜੀਵ ਨੂੰ ਸਰੀਰਕ ਸੁਖ ਦੇਂਦੀ, ਅੰਤ ਬੇਖ਼ਬਰੀ ਦੇ ਜਾਲ-ਜੰਜਾਲ ਵਿਚ ਫਸਾ ਦੇਂਦੀ ਹੈ। ਇਹ ਦੁਖ ਦਾ ਆਗਮਨ ਹੈ। ਜਾਂ ਤਾਂ ਜੀਵ ਪਰਵਿਰਤੀਸ਼ੀਲ ਉਤੇਜਨਾ ਦੇ ਵਸ ਆਇਆ ਇਸ ਮੁਕਾਮ ਉਤੇ ਪੁਜਿਆ ਨਸ਼ਟ ਹੋ ਜਾਂਦਾ ਹੈ ਜਾਂ ਮਾਨਵੀ ਜੀਵ ਵਿਚ ਗਿਆਨ-ਸੰਕ੍ਰਿਆ ਦੀ ਗੱਲ ਸ਼ੁਰੂ ਹੋ ਜਾਂਦੀ ਹੈ, ਅਰਥਾਤ ਮਨੁੱਖ ਪਰਵਿਰਤੀਸ਼ੀਲ ਹੁੰਦਾ ਹੋਇਆ ਵੀ ਆਪਣੀਆਂ ਪਰਵਿਰਤੀਆਂ ਦੀ ਯਾਤਰਾ ਨੂੰ ਸਮਝਣ ਲਗਦਾ ਹੈ। ਜਿਸ ਦਾ ਭਾਵ ਇਹ ਹੈ ਕਿ ਸਰੀਰਕ-ਸੁਖਵਾਦ ਤੇ ਭੋਗ ਵਿਚ ਗ੍ਰਸਤ ਰਹਿਣ ਨਾਲੋਂ ਉਹ ਵਾਪਰਨ ਵਾਲੇ ਦੁਖਾਂ ਸਬੰਧੀ ਵੀ ਚੇਤੰਨ ਹੋਣਾ ਸ਼ੁਰੂ ਕਰ ਦੇਂਦਾ ਹੈ। ਇਸ ਤਰ੍ਹਾਂ ਮਨੁੱਖ ਸਰੀਰਕ-ਸੁਖਵਾਦ ਦੀ ਸਹਿਜ ਗਤੀ ਨਾਲੋਂ ਕਿਤੇ ਵਧੀਕ ਦੁਖਾਂ ਤੇ ਵਿਗੋਚਿਆਂ ਦੀਆਂ ਪ੍ਰਸਥਿਤੀਆਂ ਵੱਲ ਪ੍ਰਤਿਉੱਤਰ ਦੇਣਾ ਸਿਖ ਜਾਂਦਾ ਹੈ। ਅਜਿਹੇ ਪ੍ਰਤਿਉੱਤਰ ਮਾਨਵੀ ਸਭਿਆਚਾਰ ਦੇ ਪ੍ਰਤੀਕੀ ਆਯਾਮ ਨੂੰ ਸਾਹਮਣੇ ਲਿਆਉਂਦੇ ਹਨ, ਅਰਥਾਤ ਮਨੁੱਖ ਪ੍ਰਤੀਕੀ ਆਯਾਮ ਦੀ ਮਦਦ ਨਾਲ ਅਜਿਹੀਆਂ ਪ੍ਰਸਥਿਤੀਆਂ ਦਾ ਟਾਕਰਾ ਕਰਨਾ ਸਿਖ ਜਾਂਦਾ ਹੈ।

ਮੱਧਕਾਲੀ ਪੰਜਾਬ ਵਿਚ ਵਿਗੋਚਿਆਂ, ਘਾਟਾਂ ਤੇ ਖੇਦਾਂ ਨਾਲ ਨਜਿੱਠਣ ਲਈ ਗੁਰਬਾਣੀ ਸਭਿਆਚਾਰ ਨੇ ਅਜਿਹੀ ਵਿਚਾਰਧਾਰਾ ਮਨੁੱਖ ਨੂੰ ਦਿੱਤੀ ਅਤੇ ਮਨੁੱਖ ਨੂੰ ਮਨੁੱਖ ਦੀ ਆਪਣੀ ਆਜ਼ਾਦੀ ਪ੍ਰਾਪਤ ਕਰਨ ਦਾ ਰਾਹ ਦੱਸਿਆ। ਮਨੁੱਖ ਦੀ ਆਜ਼ਾਦੀ, ਵਾਸ਼ਨਾਵਾਂ ਤੇ ਭੋਗਾਂ ਦੇ ਪਦਾਰਥ ਇਕੱਠੇ ਕਰਨ ਦੀ ਨਹੀਂ, ਸਗੋਂ ਮਨੁੱਖ ਦੀ ਆਜ਼ਾਦੀ ਤਾਂ ਚਿਹਨਕੀ ਆਜ਼ਾਦੀ ਹੈ। ਵਿਗੋਚਿਆਂ ਤੇ ਘਾਟਾਂ ਨੂੰ ਕਦੇ ਵੀ ਵਿਗੋਚਿਆਂ ਤੇ ਘਾਟਾਂ ਵਾਲੀਆਂ ਵਸਤਾਂ ਨਾਲ ਪੂਰਿਆਂ ਨਹੀਂ ਕੀਤਾ ਜਾ ਸਕਦਾ,


www.sikhbookclub.com

ਸਗੋਂ ਇਸ ਸੰਬੰਧੀ ਤਾਂ ਇਕ ਅਤਿਅੰਤ ਪ੍ਰਚੰਡ ਸੂਝ ਤੇ ਪਹੁੰਚ-ਵਿਧੀ ਦੀਂ ਜ਼ਰੂਰਤ ਹੈ, ਅਜਿਹੀ ਪਹੁੰਚ-ਵਿਧੀ ਨੂੰ ਗੁਰਬਾਣੀ ਨੇ ਨਿਸ਼ਚੇ ਹੀ ਨਿਰਮਿਤ ਕੀਤਾ ਤੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਆਪਣੀਆਂ ਚਿੱਠੀਆਂ ਵਿਚ ਇਸ ਨੂੰ ਥਾਂ ਪਰ ਥਾਂ ਪਰਚਾਰਦੇ ਆਏ ਹਨ। ਹਥਲੀ ਚਿੱਠੀ ਸਾਡੀ ਇਸ ਧਾਰਨਾ ਦਾ ਸਮਰਥਨ ਕਰਦੀ ਹੈ ਤੇ ਸਾਨੂੰ ਇਹ ਸੁਝਾਓ ਵੀ ਦੇਂਦੀ ਹੈ ਕਿ ਇਸੇ ਦਿਸ਼ਾ ਵਿਚ ਹੀ ਇਸ ਨੂੰ ਪੜ੍ਹਿਆ ਜਾਏ।

- o -

ੴ ਸ੍ਰੀ ਵਾਹਗੁਰੂ ਜੀ ਕੀ ਫਤਹ

੧੫-੩-੧੦

ਪਿਆਰੇ ਜੀਓ,

ਪਤ੍ਰ ਪਹੁੰਚਾ। ਸ੍ਰੀ ਜੀ ਦੀ ਸੁਪਤਨੀ ਦੀ ਬੀਮਾਰੀ ਦਾ ਹਾਲ ਅਗੇ ਸੁਣਿਆ ਤਾਂ ਸੀ, ਪਰ ਖਯਾਲ ਸੀ ਕਿ ਹੁਣ ਤਕ ਮੇਹਰ ਹੋ ਗਈ ਹੋਵੇਗੀ। ਸ੍ਰੀ ਜੀ ਦੇ ਪਤ੍ਰ ਤੋਂ ਪਤਾ ਲਗਾ ਕਿ ਅਜੇ ਤਕ ਖੇਚਲ ਹੈ, ਅਰ ਉਨ੍ਹਾਂ ਦੇ ਖੇਦ ਕਾਰਨ ਆਪ ਵੀ ਖੇਦ ਵਿਚ ਹੋ।

ਸਜਣ ਜੀ ਸੰਸਾਰ ਵਿਚ ਜੋ ਖੇਦ ਸਾਨੂੰ ਪੈਂਦੇ ਹਨ ਇਹ ਸਾਡੇ ਹਕ ਬਿਨਾ ਨਹੀਂ ਲੈਂਦੇ। ਇਨ੍ਹਾਂ ਦਾ ਆਉਣਾ ਸਾਡੇ ਬੁਰੇ ਲਈ ਨਹੀਂ ਹੋਇਆ ਕਰਦਾ। ਕੀਤੇ ਕਰਮਾਂ ਦਾ ਬਲ ਇਹ ਤੋੜਦੇ ਹਨ। ਅਰ ਜੋ ਦੁਖ ਅਸੀਂ ਪਾਂਦੇ ਹਾਂ ਓਹ ਇਹ ਪ੍ਰਯੋਜਨ ਰਖਦਾ ਹੈ ਕਿ ਸਾਡੀ ਜਾਗ ਖੁਲੇ ਅਰ ਸਾਨੂੰ ਹੋਸ਼ ਆਵੇ। ਪਰ ਅਸੀਂ ਹਾਂ ਕਿ ਸਾਡੀ ਜਾਗ ਨਹੀਂ ਖੁਲਦੀ। ਦੁਖ ਆ ਕੇ ਉਠਾਕੇ ਬਿਠਾ ਦੇਂਦੇ ਹਨ, ਛਟੇ ਮਾਰ ਕੇ ਅਖਾਂ ਖੁਹਲ ਦੇਂਦੇ ਹਨ। ਇਕ ਵੇਰ ਹੋਸ਼ ਕਰਕੇ ਕਹੀਦਾ ਹੈ, ਹੁਣ ਅਸੀਂ ਫੇਰ ਗਾਫਲ ਨਹੀਂ ਹੋਵਾਂਗੇ। ਪਰ ਦੁਖ ਗਏ ਅਰ ਅਸੀਂ ਫੇਰ ਨਿਸਲ ਹੋ ਗਏ। ਜੇ ਕਦੀ ਹਰ ਦੁਖ ਦੇ ਬਾਦ ਅਸੀਂ ਸਿਖਿਆ ਲਈਏ ਤਦ ਦੁਖ ਦੁਖ ਨਹੀਂ ਹਨ, ਸਗੋਂ ਆਤਮ ਤਰਕੀ ਦੀ ਪੌੜੀ ਦੇ ਡੰਡੇ ਹਨ। ਹਰ ਦੁਖ ਸਾਡੇ ਆਤਮਾ ਨੂੰ ਪਹਲੇ ਤੋਂ ਉਚੇਰੇ ਥਾਂ ਛੱਡ ਜਾਂਦਾ ਹੈ ਅਰ ਇਉਂ ਦੁਖ ਦਾਰੂ ਹੋ ਢੁਕਦਾ ਹੈ। ਪਰ ਜੇਕਰ ਹਰ ਦੁਖ ਸਾਡੀ ਸੂਰਤ ਨੂੰ ਨੀਵਾਂ ਕਰ ਜਾਵੇ, ਤਦ ਬਹੁਤ ਘਾਟ ਪੈਂਦੀ ਹੈ। ਇਹ ਜੋ ਦੁਖ ਤੋਂ ਲਾਭ ਉਠਾਉਣਾ ਹੈ, ਇਹ ਬਿਨਾਂ ਸਤਸੰਗ ਦੇ ਨਹੀਂ ਹੋ ਸਕਦਾ। ਸਤਸੰਗ ਹੈ ਜੋ ਜਾਚ ਦਸਦਾ ਹੈ ਕਿ ਕਿਕੂੰ ਨਾਮ ਦਾ ਦੀਪਕ ਜਗਾਈਦਾ ਹੈ ਅਰ ਓਸ ਵਿਚ ਦੁਖ ਦਾ ਤੇਲ ਪਾ ਕੇ ਨੂਰ ਵਿਚ ਆ ਜਾਈਦਾ ਹੈ, ਤੇ ਫੇਰ ਚੜ੍ਹਦੀਆਂ ਕਲਾਂ ਵਿਚ ਖਲੋ ਕੇ ਆਖੀਦਾ ਹੈ : 'ਦੀਵਾ ਮੇਰਾ ਏਕ ਨਾਮ ਦੁਖ ਵਿਚ ਪਾਇਆ ਤੇਲ॥ ਉਨ ਚਾਨਣ ਉਹ ਸੋਖਿਆ ਚੂਕਾ ਜਮ ਸਿਉ ਮੇਲ'॥ ਸ਼ੁਭ ਕਰਮਾਂ

 www.sikhbookclub.com

ਦੇ ਜਦ ਭੋਗ ਆਉਂਦੇ ਹਨ , ਤਦ ਦੋ ਫਲ ਲਗਦੇ ਹਨ। ਇਕ ਤਾਂ ਸੁਖ ਸਰੀਰ ਨੂੰ ਲਭਣੇ ਤੇ ਦੂਜੇ ਵਾਸ਼ਨਾ ਦਾ ਚੰਗਿਆਂ ਹੋਣਾ। ਸਤਸੰਗਹੀਣ ਪੁਰਖ ਇਸ ਵੇਲੇ ਤਪੋਂ ਰਾਜ ਤੇ ਰਾਜੋਂ ਨਰਕ ਵਾਲੀ ਭੋਗਣੀ ਭੁਗਤਦੇ ਹਨ। ਅਰਥਾਤ ਸੁਖ ਪਾਕੇ ਵਧੀਕ ਹਉਮੈ ਤੇ ਹੰਕਾਰ ਵਿਚ ਆ ਜਾਂਦੇ ਹਨ। ਸ਼ੁਭ ਵਾਸ਼ਨਾ ਖੁਸ਼ੀ ਵਿਚ ਆਕੇ ਮਦ ਵਿਚ ਜਾਂਦੀਆਂ ਹਨ। ਮਦ ਤੋਂ ਬੇਸਮਝੀ ਵਿਚ ਤੇ ਫੇਰ ਪਾਪਾਂ ਵਿਚ। ਇਉਂ ਅਸੀਂ ਅਪਨੇ ਉਤਮ ਵਕਤ ਤੋਂ ਲਾਭ ਦੀ ਥਾਂ ਹਾਨੀ ਲੈਂਦੇ ਹਾਂ। ਜਦ ਖੋਟੇ ਕਰਮਾਂ ਦਾ ਭੋਗ ਆਉਂਦਾ ਹੈ, ਤਦੋਂ ਦੁਖ ਅਰ ਖੋਟੀਆਂ ਵਾਸ਼ਨਾ ਦਾ ਜ਼ੋਰ ਹੁੰਦਾ ਹੈ, ਓਸ ਵੇਲੇ ਅਸੀਂ ਨਾ ਸ਼ੁਕਰੀ, ਉਦਾਸੀ, ਘਬਰਾ ਵਿਚ ਹੋ ਕੇ ਦੁਖ ਤੋਂ, ਜੋ ਉਸਤਾਦ ਹੋ ਕੇ ਆਇਆ ਸੀ, ਲਾਭ ਨਹੀਂ ਉਠਾਉਂਦੇ। ਜਦ ਸਤਸੰਗ ਹੁੰਦਾ ਹੈ, ਤਦ ਇਹ ਦੋਵੇਂ ਪਾਸੇ ਅਪਨੇ ਲਾਭ ਲਈ ਢਾਲ ਲਈਦੇ ਹਨ। ਸਤਸੰਗ ਦਸਦਾ ਹੈ ਕਿ ਜਦੋਂ ਪੁਨ ਕਰਮਾਂ ਦਾ ਭੋਗ ਆਯਾ ਹੈ, ਵਾਸ਼ਨਾਂ ਨੇਕ ਹਨ, ਤਦੋਂ ਵਤਰ ਦਾ ਵੇਲਾ ਹੈ, ਬੀ ਬੀਜ ਲਓ, ਅਰ ਇਉਂ ਦੁਹਾਈਆਂ ਕੰਨੀਂ ਪੈਂਦੀਆਂ ਹਨ:

*ਜਬ ਲਗੁ ਜਰਾ ਰੋਗੁ ਨਹੀ ਆਇਆ॥*
*ਜਬ ਲਗੁ ਕਾਲਿ ਗ੍ਰਸੀ ਨਹੀਂ ਕਾਇਆ॥*
*ਜਬ ਲਗੁ ਬਿਕਲ ਭਈ ਨਹੀ ਬਾਨੀ॥*
*ਭਜਿ ਲੇਹਿ ਰੇ ਮਨ ਸਾਰਿਗ ਪਾਨੀ॥੨॥*

(ਭੈਰਉ ਕਬੀਰ, ਪੰਨਾ: ੧੧੫੯)

ਤੇ ਜਦੋਂ ਆਵੇ ਪਾਪਾਂ ਦੇ ਭੋਗ ਦਾ ਵੇਲਾ ਤਦ ਸਤਸੰਗ ਕੈਂਹਦਾ ਹੈ ਘਬਰਾ ਨਹੀਂ, ਦੁਖ ਨੂੰ ਸ਼ੁਕਰ ਨਾਲ ਝਲ, ਹੁਕਮ ਮੰਨ, ਭਾਣਾ ਮਿਠਾ ਕਰ। ਇਸ ਦੁਖ ਦੇ ਮਗਰੋਂ ਤੇਰੀ ਤਰੱਕੀ ਹੋਵੇਗੀ। ਵਾਸ਼ਨਾਂ ਭਾਵੇਂ ਖਰਾਬ ਹਨ, ਪਰ ਸਤਸੰਗ ਦਾ ਬਲ ਸ਼ੁਕਰ ਦੀ ਦਾਤ ਸਿਖਾਂਦਾ ਹੈ। ਦੁਖ ਪਏ ਤੇ ਸ਼ੁਕਰ ਕਰੀਏ ਅਰ ਜੇ ਮਨ ਵਿਚ ਸ਼ੁਕਰ ਨਾ ਆਵੇ ਤਾਂ ਬੇਨਤੀ ਕਰੀਏ। ਅਰ ਬਾਣੀ ਨੂੰ ਵਧੀਕ ਪਿਆਰ ਨਾਲ ਪੜ੍ਹੀਏ, ਤਾਂ ਵਾਸ਼ਨਾ ਦਾ ਖੋਟ ਭਲੇ ਪਾਸੇ ਪੈ ਗਯਾ। ਐਉਂ ਸਤਸੰਗ ਦੇ ਪ੍ਰਤਾਪ ਆਦਮੀ ਜਿਤ ਦਾ ਪਾਸਾ

ਦੁਖ ਸੁਖ ਦੋਹਾਂ ਵੇਲੇ ਢਾਲਦਾ-ਢਾਲਦਾ ਇਨ੍ਹਾਂ ਤੋਂ ਉਚੇਰਾ ਹੋ ਜਾਂਦਾ ਹੈ। ਆਪ ਵਡਭਾਗੀ ਹੋ ਜੋ ਲਿਖਦੇ ਹੋ ਕਿ ਆਪ ਨੂੰ ਐਸੀ ਪਿਆਰੀ ਭੈਣ ਵਾਹਗੁਰੂ ਨੇ ਬਖਸ਼ੀ ਹੈ ਜੋ ਭਜਨ ਸਿਮ੍ਰਨ ਵਿਚ ਮਗਨ ਹੈ। ਆਪ ਭੀ ਭਲੇ ਪਾਸੇ ਦੇ ਟੁਰਨ ਵਾਲੇ ਹੋ, ਘਰ ਵਿਚ ਹੀ ਅਨੰਦ ਹੋ ਗਯਾ ਹੈ। ਫੇਰ ਤਾਂ ਗੁਰੂ ਦੀ ਮੇਹਰ ਹੀ ਮੇਹਰ ਹੈ। ਦੁਖਾਂ ਦਾ ਅਸਰ ਪਰਤਾ ਪਾਈਏ ਤਾਂ ਇਹੋ ਸਤਸੰਗ ਹੈ।

ਵਾਹਗੁਰੂ ਆਪ ਤੇ ਕ੍ਰਿਪਾ ਕਰੇ, ਅਰ ਅਪਨੇ ਪਿਆਰ ਦੇ ਛਾਂ ਹੇਠ ਰਖੇ। ਆਪ ਤਕੜੇ ਹੋ ਅਰ ਦੁਖ ਸੁਖ ਚੰਗੇ ਹਠ ਨਾਲ ਝਲਦੇ ਹੋ। ਗੁਰੂ ਕਰੇ ਜੋ ਵਿਚਾਰ ਤੇ ਅਨਭਵ ਵਧੇ, ਜੋ ਦੁਖਾਂ ਦਾ ਬਲ ਤੁਹਾਡੀ ਸੁਰਤ ਪਰ ਅਸਰ ਪਾਣੋ ਅਸਮਰਥ ਹੋ ਜਾਵੇ। ਦੁਖ ਦੁਖ ਨਾ ਦੇ ਸਕੇ। ਮੇਰੇ ਲਿਖਣਾ ਤਾਂ ਚਿਤਾਵਨੀ ਮਾਤਰ ਹੈ ਕਿਉਂਕਿ ਜਾਣੀ ਹੋਈ ਗਲ ਦਾ ਚੇਤਾ ਰਹੇ। ਦੁਖ ਸਾਡਾ ਆਪਣਾ ਸਹੇੜ ਹੈ, ਅਰ ਅਸੀਂ ਹੀ ਇਸਨੂੰ ਫੜ ਫੜ ਕੇ ਰਖਦੇ ਹਾਂ, ਨਹੀਂ ਤਾਂ ਜਦ 'ਸਰਬ ਰੋਗ ਦਾ ਅਉਖਦੁ ਨਾਮੁ' (ਗਉੜੀ ਸੁਖਮਨੀ ਮ:੫, ਪੰਨਾ: ੨੭੪) ਲਿਖਿਆ ਹੈ, ਤਦ ਦੁਖ ਦੀ ਕੀ ਮਜਾਲ ਹੋਈ ਕਿ ਟੁਰ ਨ ਜਾਇ। ਇਸ ਕਰਕੇ ਕਿਸੇ ਵੀ ਖੇਦ ਵੇਲੇ ਡੋਲਨ ਨਾਲੋਂ ਅਰ ਹਠ ਵਾਲੇ ਧੀਰਜ ਧਾਰਨ ਨਾਲੋਂ ਵਾਹਗੁਰੂ ਦੇ ਨੇੜੇ ਹੋਣ ਦਾ ਤੇ ਉਸਤੋਂ ਕਿਸੇ ਵੇਲੇ ਨ ਵਿਛੜਨ ਦਾ ਯਤਨ ਕਰਨਾ ਲੋੜੀਏ। ਜਿੰਕੂ ਬੱਚਾ ਮਾਂ ਦੀ ਗੋਦ ਨੂੰ ਨਹੀਂ ਛਡਦਾ ਤਿਕੂੰ ਅਸੀਂ ਹਰ ਵੇਲੇ ਅਪਨੇ ਪਿਤਾ ਵਾਹਗੁਰੂ ਦੀ ਗੋਦ ਤੋਂ ਬਾਹਰ ਨਾ ਆਈਏ। ਸਦਾ ਓਸੇ ਵਿਚ ਖੇਲਦੇ ਰਹੀਏ। ਇਹੋ ਸਾਡਾ ਯਤਨ ਤੇ ਇਹੋ ਸਾਡੀ ਪ੍ਰਾਰਥਨਾ ਹੈ।

ਹਿਤਕਾਰੀ,<br>ਵੀਰ ਸਿੰਘ

– o –

 www.sikhbookclub.com

# ਪਰਿਚਾਯਕ ਟਿੱਪਣੀ

ਇਹ ਚਿੱਠੀ ਅਸਥਿਰਤਾ ਤੇ ਸਥਿਰਤਾ ਦੇ ਦਵੰਦਾਤਮਕ ਰਿਸ਼ਤੇ ਨੂੰ ਸਪਸ਼ਟ ਕਰਨ ਵਾਲਾ ਪ੍ਰਵਚਨ ਹੈ। ਭਾਈ ਵੀਰ ਸਿੰਘ ਜੀ ਇਸ ਚਿੱਠੀ ਦੇ ਵਿਸ਼ੇਸ਼ ਪ੍ਰਸੰਗ ਵਿਚ ਆਪਣੀ ਗੱਲ ਦਿਸਦੇ ਸੰਸਾਰ ਤੇ ਅਣਦਿਸਦੇ ਆਧਾਰ ਦੇ ਰਿਸ਼ਤੇ ਵਿਚ ਸਮਝਾਉਂਦੇ ਹਨ ਅਤੇ ਦਸਦੇ ਹਨ ਕਿ ਸੰਸਾਰਕ ਰਸ, ਜੋ ਮਨੁੱਖ ਨੂੰ ਮਿੱਠੇ ਲਗਦੇ ਹਨ, ਛਿਣਭੰਗਰੀ ਖੇਡ ਹਨ। ਇਨ੍ਹਾਂ ਸਾਰਿਆਂ ਨੂੰ ਆਸਰਾ ਤੇ ਆਧਾਰ ਅਣਦਿਸਦੇ ਦੀ ਸਥਿਰਤਾ ਤੋਂ ਹੀ ਮਿਲਦਾ ਹੈ। ਦਿਸਦੇ ਤੋਂ ਅਣਦਿਸਦੇ ਵੱਲ ਜਾਣਾ, ਪ੍ਰਪੰਚ ਤੋਂ ਪ੍ਰਬੰਧ ਵੱਲ ਵੱਧਣ ਮਾਤਰ ਹੈ। ਪ੍ਰਪੰਚ ਅਟਿਕਵਾਂ ਹੈ ਤੇ ਫੈਲਵਾਂ ਹੈ, ਪਰ ਪ੍ਰਬੰਧ ਇਸ ਦੇ ਮੁਕਾਬਲੇ ਉਤੇ ਸਥਾਈ ਹੈ ਤੇ ਸੰਜੁਗਤ ਹੈ। ਇਸ ਚਿੱਠੀ ਵਿਚ ਸਭਿਆਚਾਰ-ਅਧਿਐਨ ਦੀ ਆਧੁਨਿਕ ਵਿਧੀ ਅਚੇਤ ਹੀ ਪਈ ਹੋਈ ਹੈ। ਅੱਜ ਦੇ ਭਾਸ਼ਾ-ਵਿਗਿਆਨੀ ਤੇ ਸਭਿਆਚਾਰ-ਵਿਗਿਆਨੀ, ਜਦੋਂ ਸੁਚੇਤ ਪੱਧਰ ਤੋਂ ਗਹਿਨ ਸੰਰਚਨਾ ਦੀ ਯਾਤਰਾ ਕਰਦੇ ਹਨ ਤਾਂ ਉਹ ਆਪਣੇ ਹਰ ਕਦਮ ਉਤੇ ਪ੍ਰਪੰਚ ਤੋਂ ਪ੍ਰਬੰਧ ਵੱਲ ਜਾ ਰਹੇ ਹੁੰਦੇ ਹਨ। ਭਾਸ਼ਾ-ਵਿਗਿਆਨੀ ਵਾਕ ਦੇ ਪ੍ਰਪੰਚਸ਼ੀਲ ਵੇਰਵੇ ਨੂੰ ਵਿਨਿਆਸ ਦੇ ਪ੍ਰਬੰਧਸ਼ੀਲ ਨੇਮ-ਵਿਧਾਨ ਵਿਚ ਬਦਲ ਕੇ ਵੇਖਦਾ ਹੈ। ਇਹ ਨੇਮ-ਵਿਧਾਨ ਸਥਾਈ ਹੈ। ਵਾਕਾਂ ਦੇ ਵੇਰਵੇ ਅਸਥਾਈ ਤੇ ਬਦਲ ਜਾਣ ਵਾਲੇ ਹਨ। ਇਸੇ ਤਰ੍ਹਾਂ ਸਭਿਆਚਾਰ-ਵਿਗਿਆਨੀ ਵੀ ਹਰ ਪ੍ਰਕਾਰ ਦੇ ਅਨੁਭਵ ਨਾਲ ਸੰਬੰਧਿਤ ਵੇਰਵਿਆਂ ਨੂੰ, ਪ੍ਰਬੰਧ ਉਪਰ ਘਟਾਂਦੇ ਚਲੇ ਜਾਂਦੇ ਹਨ। ਤੇ ਇਸ ਤਰ੍ਹਾਂ ਸਮੁੱਚੇ ਸਭਿਆਚਾਰ ਦਾ ਨੇਮਪਰਕ ਧਰਾਤਲ ਲੱਭਣ ਦਾ ਪ੍ਰਯਾਸ ਕਰਦੇ ਹਨ। ਭਾਈ ਵੀਰ ਸਿੰਘ ਜੀ ਦੀ ਇਹ ਚਿੱਠੀ ਇਸ ਪ੍ਰਸੰਗ ਦੇ ਅੰਤਰਗਤ ਰਖਿਆਂ ਇਕ ਬਹੁਤ ਮਹੱਤਵਸ਼ੀਲ ਪ੍ਰਵਚਨ ਬਣ ਨਿਬੜਦੀ ਹੈ।


www.sikhbookclub.com

**੧ੴ ਸ੍ਰੀ ਵਾਹਗੁਰੂ ਜੀ ਕੀ ਫਤਹ**

੨੬-੧-੧੩

ਪਿਆਰੇ ਜੀਓ,

ਦਿਸਦਾ ਸੰਸਾਰ ਸਭ ਕਿਸੇ ਨੂੰ ਮਿਠਾ ਹੈ, ਪਰ ਅਣ ਦਿਸਦਾ ਸੰਸਾਰ ਕਿਸੇ ਨੂੰ ਪਿਆਰਾ ਨਹੀਂ, ਕਿਉਂਕਿ ਦਿਸਦਾ ਨਹੀਂ, ਪਰ ਜੀਵਨ ਆਧਾਰ ਓਹੀ ਹੈ। ਦੇਖੋ, ਹਵਾ ਦਿਸਦੀ ਨਹੀਂ, ਪਰ ਸਰੀਰ ਦਾ ਸਾਰਾ ਆਸਰਾ ਪੌਣ ਹੈ। ਇਸੇ ਤਰ੍ਹਾਂ ਆਤਮਕ ਮੰਡਲ ਦਿਸਦਾ ਨਹੀਂ, ਪਰ ਸਭ ਤੋਂ ਵੱਡਾ ਆਸਰਾ ਓਹੋ ਹੈ। ਓਸੇ ਵਿਚ ਭਰੋਸਾ ਵਧਣਾ ਸੁਖ ਤੇ ਸਦਾ ਜੀਵਨ ਦਾ ਵਧਣਾ ਹੈ, ਬਾਕੀ ਸੰਸਾਰਕ ਵਸਤਾਂ ਦਾ ਕੇ ਹੈ, ਇਹ ਸਭ ਛਿਨ ਭੰਗਰੀ ਖੇਡ ਹੈ।

ਹਿਤਕਾਰੀ,
ਵੀਰ ਸਿੰਘ

- o -

 www.sikhbookclub.com